# ਤਿੜਕੇ ਚਿਹਰੇ



ਚਰਨਜੀਤ ਸਿੰਘ ਪੰਨੂ

ਬਾਬੂ ਟਨੀ ਨਾਥ ਸਵਾਮੀ ਅੱਜ ਜਦ ਆਥਣ ਵੇਲੇ ਘਰ ਪਰਤਿਆ ਤਾਂ ਉਹ ਪਹਿਲਾਂ ਨਾਲੋਂ ਕੁਝ ਜ਼ਿਆਦਾ ਹੀ ਖ਼ੁਸ਼ ਸੀ। ਸਾਰਾ ਦਿਨ ਸਾਈਕਲ ਚਲਾ ਚਲਾ ਕੇ ਉਹ ਹੰਭਿਆ ਪਿਆ ਸੀ, ਪਰ ਫਿਰ ਵੀ ਆਪਣੀ ਗੁੰਦੀ ਹੋਈ ਸਾਜ਼ਿਸ਼ ਦੇ ਚੰਗੇ ਨਤੀਜੇ ਨਿਕਲਣ ਦੀ ਆਸ ਵਿਚ ਉਹ ਟਹਿਕਿਆ, ਤਾਜ਼ਾ ਤਾਜ਼ਾ ਮਹਿਸੂਸ ਕਰ ਰਿਹਾ ਸੀ।

'ਇਹ ਵੀ ਸਾਲਾ ਕੀ ਸਮਝਦਾ ਆਪਣੇ ਆਪ ਨੂੰ?' ਉਸ ਨੇ ਮਨ ਹੀ ਮਨ ਵਿਚ ਸੁਆਲ ਕੀਤਾ।

'ਵੱਡਾ ਆਇਐ ਖ਼ੈਰ ਖ਼ਵਾਹ ਸਰਕਾਰ ਦਾ। ਕਹਿੰਦਾ, ਮੈਂ ਸਾਰੇ ਕੰਮ ਸਰਕਾਰੀ ਨੇਮਾਂ ਨਾਲ ਹੀ ਕਰਨੈ। ਇਹਨੂੰ ਪਤਾ ਨਹੀਂ ਅੱਜ ਕੱਲ੍ਹ 'ਚੰਮ ਨਹੀਂ ਕੰਮ ਮਿੱਠਾ' ਦਾ ਪੁਰਾਣਾ ਮੁਹਾਵਰਾ ਸਮੇਂ ਦੇ ਪੁੜਾਂ ਥੱਲੇ ਪੀਸਿਆ ਜਾ ਚੁੱਕਾ ਹੈ। ਅੱਜ ਕੱਲ੍ਹ ਚੜ੍ਹਦੇ ਸੂਰਜ ਨੂੰ ਸਲਾਮਾਂ ਹੁੰਦੀਆਂ ਨੇ ਤੇ ਨਵੇਂ ਸੂਰਜ ਦੇ ਉੱਗਣ ਨਾਲ ਰੁੱਤਾਂ ਰੰਗ ਫੇਰ ਜਾਂਦੀਆਂ ਨੇ, ਹਰਫ਼ਾਂ ਦੇ ਅਰਥ ਬਦਲ ਜਾਂਦੇ ਨੇ, ਤੇ ਇਹ ਹਰ ਵਕਤ ਆਪਣਾ ਕੰਮ ਤੇ ਫਰਜ਼ ਸਿਰ ਤੇ ਚੁੱਕੀ ਫਿਰਦੈ।'

'ਹੇ ਭੈਰੋ ਨਾਥ ..... ਸਿਰ ਤੇ ਹਾਥ ....... ਚਲ ਮੇਰੇ ਸਾਥ .........'। ਉਸ ਨੇ ਦੋਨੋਂ ਹੱਥ ਜੋੜ ਕੇ ਉਪਰ ਨੂੰ ਸਿਜਦਾ ਕੀਤਾ।

'ਜੇ ਮੇਰਾ ਇਹ ਕੰਮ ਸੁਖੀਂ ਸਾਂਦੀਂ ਨਿਰਵਿਘਨ ਨੇਪਰੇ ਚੜ੍ਹ ਜਾਏ ਤਾਂ ਮੈਂ ਸਵਾ ਪੰਜਾਂ ਰੁਪਿਆਂ ਦਾ ਪ੍ਰਸ਼ਾਦ ਚੜਾਊਂ।'

ਉਸ ਨੇ ਅੰਦਰ ਹੀ ਅੰਦਰ ਸੁੱਖਣਾ ਸੁੱਖ ਲਈ। ਪੰਨਾ ਸਿੰਘ, ਜੋ ਦਫ਼ਤਰ ਵਿਚ ਟਨੀ ਨਾਥ ਦਾ ਸਹਿ-ਕਰਮਚਾਰੀ ਸੀ, ਨਾਲ ਸਵਾਮੀ ਦੀ ਅੰਦਰੋਂ ਖੁੰਦਕ ਸੀ। ਉਹ ਟਨੀ ਨਾਥ ਵੀ ਹਿੱਕ ਦਾ ਫੋੜਾ ਸੀ। ਹਰ ਕੰਮ ਵਿਚ ਦਫ਼ਤਰ ਵਿਚ ਸਭ ਤੋਂ ਅੱਗੇ ਸੀ। ਸਾਰੇ ਅਫ਼ਸਰ ਉਸ ਦੀ ਤਾਰੀਫ਼ ਕਰਦੇ ਸਨ ਪਰ ਟਨੀ ਨਾਥ ਲਈ ਇਹ ਅਸਹਿ ਸੀ।

'ਮੇਰੇ ਹੁੰਦਿਆਂ ਹੋਰ ਕੋਈ ਕਿਵੇਂ ਚੰਗਾ ਹੋ ਸਕਦੈ ਮੇਰੇ ਬਿਨਾਂ?' ਇਹ ਸਵਾਮੀ ਦਾ ਦਾਅਵਾ ਸੀ, ਤੇ ਇਸ ਲਈ ਹੁਣ ਉਹ ਪੰਨਾ ਸਿੰਘ ਦੀ ਟਿੰਡ ਫੁਹੜੀ ਗੋਲ ਕਰਾਉਣ ਦੇ ਚੱਕਰ ਵਿਚ ਰਾਤ ਦਿਨ ਗੋਂਦਾਂ ਗੁੰਦਦਾ ਰਹਿੰਦਾ ਸੀ। ਕਦੇ ਆਪ ਸ਼ਿਕਾਇਤ ਲਗਾ ਦਿਤੀ, ਕਦੇ ਕਿਸੇ ਕੋਲੋਂ ਲਗਵਾ ਦਿਤੀ ਤੇ ਕਦੇ ਬੇਨਾਮੀ ਹੀ ਸੁੱਟ ਮਾਰੀ। ਪਰ ਇਸ ਸਭ ਕਾਸੇ ਦਾ ਅੱਜ ਤੱਕ ਕੋਈ ਅਸਰ ਨਹੀਂ ਸੀ ਹੋਇਆ, ਕਿਉਂਕਿ ਸਾਰੇ ਅਫ਼ਸਰ ਸਵਾਮੀ ਦੀ ਇਸ ਈਰਖਾਲੂ, ਝਗੜਾਲੂ ਤੇ ਕਪਟੀ ਬਦਨੀਤੀ ਤੋਂ ਭਲੀ ਭਾਂਤ ਜਾਣੂ ਸਨ।

ਹੁਣ ਤਾਂ ਸਵਾਮੀ ਦੇ ਪਾਲ਼ੇ ਦੀ ਹੱਦ ਹੋਰ ਵੀ ਉਪਰ ਚੜ੍ਹ ਗਈ ਸੀ। ਇਸ ਜਗ੍ਹਾ ਤੋਂ ਇਕ ਅਸਾਮੀ ਫਾਲਤੂ ਹੋ ਜਾਣ ਕਰਕੇ ਤੇ ਟਨੀ ਨਾਥ ਦਾ ਸਭ ਤੋਂ ਵੱਧ ਠਹਿਰਾਉ ਹੋਣ ਕਰਕੇ, ਉਸੇ ਦੀ ਹੀ ਬਾਹਰ ਦੀ ਬਦਲੀ ਹੋਣ ਦੀ ਸੰਭਾਵਨਾ ਸੀ। ਉਹ ਹੁਣ ਇਕ ਸੋਟੇ ਨਾਲ ਦੋ ਸ਼ਿਕਾਰ ਮਾਰਨ ਦੀ ਤਾਕ ਵਿਚ ਸੀਂਜਿਸ ਨਾਲ ਉਸ ਦੀ ਆਪਣੀ ਬਦਲੀ ਵੀ ਬਚ ਜਾਏ ਤੇ ਪੰਨਾ ਸਿੰਘ ਤੋਂ ਵੀ ਛੁਟਕਾਰਾ ਹੋ ਜਾਏ। ਤੇ ਜਿਹੜੇ ਕੰਮ ਉਹ ਅੱਜ ਕਰਕੇ ਆਇਆ ਸੀ, ਇਸ ਨਾਲ ਪੰਨੇ ਦੇ ਖ਼ਿਲਾਫ਼ ਅਮਲ ਜਾਂ ਕਾਰਵਾਈ ਹੋਣੀ ਜ਼ਰੂਰੀ ਸੀ। ਤੇ ਇਹ ਘੱਟ ਤੋ ਘੱਟ ਉਸ ਦੀ ਬਦਲੀ ਹੀ ਤਾਂ ਸੀ।

ਨਵਾਂ ਸਾਹਬ ਵੀ ਤਾਂ ਸਵਾਮੀ ਦਾ ਆਪਣਾ ਹੀ ਬੰਦਾ ਸੀ। ਕੱਲ੍ਹ ਉਸ ਨੇ ਇਥੇ ਦੌਰੇ ’ਤੇ ਆ ਕੇ ਦਫ਼ਤਰ ਦਾ ਨਿਰੀਖਣ ਕਰਨਾ ਸੀ। ਕਾਲੀਆ ਸਾਹਬ ਟਨੀ ਨਾਥ ਦਾ ਪੁਰਾਣਾ ਹਮ-ਪਿਆਲਾ ਸੀ ਤੇ ਹਰ ਮਾਮਲੇ ਵਿਚ ਉਸ ਦੀ ਟਨੀ ਨਾਥ ਨਾਲ ਹਿੱਸਾ-ਪੱਤੀ ਹੁੰਦੀ ਸੀ। ਹਰ ਮਹੀਨੇ ਸਾਹਬ ਦੇ ਘਰ ਰਾਸ਼ਨ ਪਾਣੀ ਪਹੁੰਚਾਉਣਾ ਇਸੇ ਦਾ ਹੀ ਕੰਮ ਸੀ ਤੇ ਇਸੇ ਲਈ ਉਹਨਾਂ ਦਾ ਆਪੋ ਵਿਚ ਮੱਖਣ ਮਧਾਣੀ ਦਾ ਰਿਸ਼ਤਾ ਸੀ।

‘ਫਿਰ ਇਹ ਤਾਂ ਉਸ ਲਈ ਖੱਬੇ ਹੱਥ ਦਾ ਕੰਮ ਹੈ। ਇਹ ਤਾਂ ਕਾਲੀਆ ਸਾਹਿਬ ਇੱਕਦਮ ਪਹਿਲੇ ਗੇੜੇ ਵਿਚ ਹੀ ਕਰ ਦੇਵੇਗਾ। ਮਸਾਲਾ ਉਸ ਲਈ ਮੈਂ ਤਿਆਰ ਕਰ ਹੀ ਦਿੱਤਾ ਹੈ। ਮੇਰੇ ਘੜੇ ਬਹਾਨੇ ਤੇ ਇਲਜ਼ਾਮ ਨੂੰ ਕਾਲੀਆ ਸਾਹਬ ਭਲਾ ਕਿਵੇਂ ਨਾ- ਮਨਜ਼ੂਰ ਕਰ ਸਕਦੇ ਨੇ? ਬੱਸ! ਹੋ ਗਿਐ ਕੰਮ ਸਮਝੋ! ਪੰਨਾ ਸਿੰਘ ਦੀ ਬਦਲੀ! ਤੇ ਆਪਾਂ ਦੀਆਂ ਪੌਂ ਬਾਰਾਂ।’

‘ਟਿੱਚ!’ ਦੀ ਆਵਾਜ਼ ਨਾਲ ਕਮਰੇ ਵਿੱਚ ਚਾਨਣ ਹੋ ਗਿਆ। ਉਹ ਤ੍ਰੱਭਕਿਆ। ਏਨਾ ਹਨੇਰਾ ਹੋ ਗਿਆ ਸੀ ਤੇ ਉਹ ਸਭ ਕਾਸੇ ਤੋਂ ਅਣਭਿੱਜ ਕਿਸੇ ਲੰਮੇ ਸੁਪਨੇ ਵਿਚ ਵਿਚਰ ਰਿਹਾ ਸੀ।

‘ਲੋ ਡੈਡੀ ਚਾਅ!’ ਪਿੰਕੀ ਬੰਟੀ ਨੇ ਅਚਨਚੇਤ ਅੰਦਰ ਦਾਖ਼ਲ ਹੋ ਕੇ ਉਸ ਦੇ ਹਵਾਈ ਮਨਸੂਬੇ ਢੇਰੀ ਕਰ ਦਿਤੇ।

ਉਸ ਨੇ ਹਾਬੜਿਆਂ ਵਾਂਗ ਚਾਹ ਦਾ ਕੱਪ ਉਠਾਇਆ ਤੇ ਗਰਮਾ ਗਰਮ ਇਕੋ ਡੀਕੇ ਅੰਦਰ ਸੁੱਟ ਕੇ ਕੱਪ ਖ਼ਾਲੀ ਕਰ ਪਿੰਕੀ ਦੇ ਹੱਥ ਫੜਾ ਦਿਤਾ।

ਸੰਧਿਆ ਦਾ ਟਾਈਮ ਸੀ, ਪਰ ਅੱਜ ਉਸ ਦਾ ਉੱਕਾ ਹੀ ਮੂਡ ਨਹੀਂ ਸੀ, ਪਾਠ ਕਰਨ ਦਾ। ਫਿਰ ਵੀ ਉਸਨੇ ਵਿਖਾਵੇ ਵਜੋਂ ਕੁਰਸੀ ’ਤੇ ਬੈਠੇ ਬੈਠੇ ਹੀ ਗੁਟਕਾ ਫੜਿਆ ਤੇ ਪੱਤਰੇ ਥੱਲਦੇ ਥੱਲਦੇ ਆਪਣਾ ਝੱਸ ਪੂਰਾ ਕਰ ਲਿਆ। ਗੁਟਕੇ ਦੇ ਹਰ ਪੰਨੇ ’ਤੇ ਅੱਜ ਦਿਨ ਦਾ ਸਾਰਾ ਡਰਾਮਾ ਉਸ ਦੇ ਸਾਹਮਣੇ ਸਾਖਸ਼ਾਤ ਤਾਜ਼ਾ ਹੋ ਗਿਆ। ਉਸ ਦੀਆਂ ਅੱਖਾਂ ਤਾਂ

ਭਾਵੇਂ ਆਪਣੇ ਘਰੇਲੂ ਕਮਰੇ ਵਿਚ ਹੀ ਗੁਟਕੇ ’ਤੇ ਟਿਕੀਆਂ ਰਹੀਆਂ ਪਰ ਉਸ ਦੀ ਰੂਹ, ਆਤਮਾ ਹੋਰ ਹੀ ਥਾਵੇਂ ਕੁਥਾਵੇਂ ਭਟਕਦੀ ਰਹੀ।

‘ਮੁੱਲਾ ਪੜ੍ਹੇ ਨਮਾਜ਼ ਢੱਗਾ ਨਜ਼ਰੀਂ ਆਵੇ।’

ਅੱਜ ਉਹ ਨਵਾਂ ਮਕਾਨ ਵੇਖ ਕੇ ਆਏ ਸਨ ਜਿਸ ਬਾਰੇ ਕੱਲ੍ਹ ਨੂੰ ਨਵੇਂ ਸਾਹਬ ਨੂੰ ਰੀਪੋਰਟ ਦੇਣੀ ਸੀ ਕਿ ਇਹ ਨਵਾਂ ਮਕਾਨ ਦਫ਼ਤਰ ਵਾਸਤੇ ਲੈਣ ਦੇ ਯੋਗ ਨਹੀਂ। ਕਿਵੇਂ ਉਹ ਆਪਣੇ ਬਾਸ ਰਾਮ ਲਾਲ ਨਾਲ ਨਵਾਂ ਮਕਾਨ ਵੇਖਣ ਗਏ। ਕਿਵੇਂ ਉਪਰੋਂ ਬਾਹਰੋਂ ਧੁਖਦੇ ਗੋਹਟੇ ਸਿਧੇ ਟਨੀ ਨਾਥ ਦੀ ਹਿੱਕ ’ਤੇ ਵੱਜੇ, ਕਿਵੇਂ ਪਲਾਸਟਿਕ ਦੀਆਂ ਟੁੱਟੀਆਂ ਪਿਆਲੀਆਂ ਰਾਮ ਲਾਲ ਦੀ ਟੋਟਣ ’ਤੇ ਲੱਗੀਆਂ। ਕਿਦਾਂ ਉਹ ਚਿਲਾਂਦੇ ਬਾਹਰ ਨੂੰ ਦੌੜੇ ਤੇ ਕਿਵੇਂ ਚੀਕ ਪੁਕਾਰ ਸੁਣ ਕੇ ਗਵਾਂਢੀ ਦੌੜੇ ਆਏ।

‘ਕੀ ਗੱਲ ਬਾਬੂ ਜੀ!’ ਗਵਾਂਢੀਆਂ ਦੀ ਸ਼ਰਾਰਤ ਭਰੀ ਪੁੱਛ ਸੀ।

‘ਅੰਦਰੋਂ ਪੱਥਰ ਵੱਜੇ!’ ਬੜੀ ਮੁਸ਼ਕਿਲ ਨਾਲ ਹਫ਼ਿਆ ਤੇ ਘਬਰਾਇਆ ਹੋਇਆ ਰਾਮ ਲਾਲ ਖਿੜਕ ਖਿੜਕ ਕੇ ਬੋਲਿਆ।

‘ਸ਼ੁਕਰ ਰੱਬ ਦਾ। ਤੁਸੀਂ ਬਚ ਗਏ। ਇਥੇ ਤਾਂ ਭੂਤਾਂ ਦਾ ਵਾਸਾ ਏ। ਇਥੇ ਜੋ ਵੀ ਅੰਦਰ ਜਾਏ, ਉਹ ਬਚ ਕੇ ਬਾਹਰ ਨਹੀਂ ਨਿਕਲ ਸਕਦਾ।’

ਅੜੋਸ ਪੜੋਸ ਦੇ ਲੋਕਾਂ ਦੇ ਵਿਖਿਆਣ ਸੁਣ ਕੇ ਰਾਮ ਲਾਲ ਦੇ ਦਿਲ ਦੀ ਧੜਕਣ ਸੌ ਮੀਲ ਦੀ ਸਪੀਡ ਨਾਲ ਵਧਣ ਲੱਗੀ। ਉਸ ਨੇ ਛਾਤੀ ਨੂੰ ਘੁੱਟ ਕੇ ਹੱਥ ਪਾਇਆ ਤੇ ਕੰਧ ਨਾਲ ਆਸਰਾ ਲੈ ਕੇ ਸਾਹ ਸੌਖਾ ਕਰਨ ਲੱਗਾ।

‘ਚਲੋ ਜੀ!  ਅਸੀ ਕੀ ਲੈਣਾ ਇਹੋ ਜਿਹਾ ਪੰਗਾ ਪਾ ਕੇ, ਕੋਈ ਹੋਰ ਮਕਾਨ ਦੇਖ ਲਵਾਂਗੇ। ਸ਼ੁਕਰ ਹੈ ਰੱਬ ਦਾ! ਪਿਆਲੀਆਂ ਪਲਾਸਟਿਕ ਦੀਆਂ ਵੱਜੀਆਂ, ਕਿਤੇ ਕੱਚ ਜਾਂ ਪੱਥਰ ਚੀਨੀ ਦੀਆਂ ਹੁੰਦੀਆਂ ਤਾਂ ਸਭ ਕੁਝ ਲਹੂ ਲੁਹਾਨ ਹੋ ਜਾਣਾ ਸੀ।’ ਸਵਾਮੀ ਨੇ ਰਾਮ ਲਾਲ ਨੂੰ ਤਸੱਲੀ ਦਿਤੀ।

‘ਇਥੇ ਤਾਂ ਜੀ! ਥੋੜ੍ਹੀ ਦੇਰ ਪਹਿਲਾਂ ਬੜੀ ਜ਼ਿਦ ਕਰਕੇ ਇਕ ਪੁਲਸ ਇਨਸਪੈਕਟਰ ਨੇ ਇਹ ਮਕਾਨ ਲੈ ਲਿਆ। ਕਹਿੰਦਾ ਮੈਂ ਵੇਖੂੰ ਕਿਹੜਾ ਭੂਤ ਚੁੜੇਲ ਮੈਨੂੰ ਖਾਂਦਾ। ਤੇ ਇਕ ਮਹੀਨੇ ਵਿਚ ਹੀ ਵਿਚਾਰੇ ਦਾ ਇਕੋ ਇਕ ਮੁੰਡਾ ਕੋਠੇ ਤੋਂ ਡਿੱਗ ਕੇ ਚਲਦਾ ਬਣਿਆ, ਬੜੇ ਜ਼ਾਹਰੇ ਨੇ ਇਹ ਭੂਤ, ਬੜੇ ਜ਼ਾਲਮ ਨੇ, ਬਾਬੂ ਜੀ ਇਥੇ ਨਾ ਆਇਉ ਤੁਸੀ।’ ਗਵਾਂਢੀ ਨੇ ਡੌਰ ਭੌਰੇ ਹੋਏ ਰਾਮ ਲਾਲ ਦੇ ਡਰ ਦੀ ਤਹਿ ਪਰਤ ਹੋਰ ਡੂੰਘੀ ਗੂੜ੍ਹੀ ਕਰ ਦਿੱਤੀ।

ਟਨੀ ਨਾਥ ਸਵਾਮੀ ਦਾ ਇਕ ਕੰਮ ਸਰ ਗਿਆ ਸੀ। ਉਸ ਦੇ ਦਸ ਹਜ਼ਾਰ ਰੁਪੈ ਖਰੇ ਹੋ ਗਏ ਸਨ। ਹੁਣ ਇਹ ਮਕਾਨ ਤਾਂ ਅਣਫਿਟ ਹੋ ਗਿਆ ਤੇ ਇਸ ਕਰਕੇ ਇਕ ਹੋਰ

ਮਹਿੰਗਾ ਮਕਾਨ, ਜਿਸ ਦਾ ਕਿਰਾਇਆ ਵੀਹ ਹਜ਼ਾਰ ਰੁਪੈ ਮਹੀਨਾ ਸੀ ਤੇ ਉਸ ਮਾਲਕ ਮਕਾਨ ਨੇ ਟਨੀ ਨਾਥ ਨੂੰ ਦਸ ਹਜ਼ਾਰ ਪੇਸ਼ਗੀ ਦੇਣ ਦਾ ਵਾਅਦਾ ਕੀਤਾ ਸੀ, ਜ਼ਰੂਰ ਹੀ ਮਨਜ਼ੂਰ ਕਰਨਾ ਪਵੇਗਾ। ਉਸੇ ਵਿਚ ਹੀ ਜਾਣਾ ਪਵੇਗਾ। ਹੋਰ ਮਕਾਨ ਸ਼ਹਿਰ ਵਿਚ ਲੱਭ ਹੀ ਨਹੀਂ ਸਕਦਾ। ਸਰਕਾਰ ਨੂੰ ਮਕਾਨ ਕਿਰਾਏ ’ਤੇ ਦੇਣ ਲਈ ਕੋਈ ਵੀ ਰਾਜ਼ੀ ਨਹੀਂ। ਨਾਚ ਨਾ ਜਾਣੇ ਆਂਗਣ ਟੇਢਾ। ਟਨੀ ਨਾਥ ਦੀ ਛਾਤੀ ਖ਼ੁਸ਼ੀ ਨਾਲ ਫੁੱਲ ਗਈ।

‘ਚ... ਚ ..... ਚ...।’

ਰਾਮ ਲਾਲ ਨੇ ਡਰ ਤੇ ਹੈਰਾਨੀ ਪ੍ਰਗਟ ਕਰਦਿਆਂ ਗਵਾਂਢੀ ਦੀ ਗੱਲ ਸੁਣ ਕੇ ਇਨਸਪੈਕਟਰ ਨਾਲ ਹਮਦਰਦੀ ਦਰਸਾਉਣ ਦਾ ਸੰਕੇਤ ਦਿਤਾ।

‘ਕਿਵੇਂ ਡਿੱਗਾ? ਵਿਚਾਰੇ ਬੱਚੇ ਦਾ ਕੀ ਕਸੂਰ? ਕਰੇ ਕੋਈ ਭਰੇ ਕੋਈ? ਮੈਂ ਇਨਸਪੈਕਟਰ ਸਾਹਬ ਨੂੰ ਮਿਲਣਾ ਚਾਹਾਂਗਾ।’

ਰਾਮ ਲਾਲ ਨੇ ਸੱਚੀ ਮੁਚੀ ਦੀ ਅਸਲੀ ਧਾਹ ਮਾਰੀ।

‘ਛੱਡੋ ਜੀ ਕੀ ਕਰਨੈ ਅਸੀਂ? ਮੁੰਡਾ ਵੀ ਤਾਂ ਆਵਾਰਾ ਹੀ ਸੀ ਉਸ ਦਾ। ਐਵੇਂ ਲੋਕਾਂ ਦੇ ਕੰਧਾਂ ਕੋਠੇ ਟੱਪਦਾ ਫਿਰਦਾ ਸੀ।’

ਟਨੀ ਨਾਥ ਰਾਮ ਲਾਲ ਨੂੰ ਫੜ ਕੇ ਬਾਹਰ ਲੈ ਤੁਰਿਆ।

‘ਅਰੇ ਭਈ! ਜੋ ਲੋਗੋਂ ਕੇ ਕੰਧਾਂ ਕੋਠੇ ਟੱਪੇਗਾ ਵੋ ਗਿਰੇਗਾ ਜ਼ਰੂਰ, ਚੋਟ ਵੀ ਲਗਵਾਏਗਾ, ਤੇ ਮਰੇਗਾ ਵੀ। ਇਸ ਮੇਂ ਇਸ ਮਕਾਨ ਦਾ ਕਿਆ ਕਸੂਰ? ਇਸ ਮੇਂ ਭੂਤ ਚੜੇਲ ਕਹਾਂ ਦਿਖਾਈ ਦੇਤੇ ਹੈਂ?’ ਰਾਮ ਲਾਲ ਕੱਪ ਪਿਆਲੀਆਂ ਦੀ ਮਾਰ ਭੁੱਲ ਕੇ ਇਕੇਰਾਂ ਫਿਰ ਪਿਛੇ ਮੁੜ ਵਿਹੜੇ ਵਿਚ ਚਾਰ ਚੁਫ਼ੇਰੇ ਨਜ਼ਰਾਂ ਦੁੜਾਉਣ ਲੱਗਾ, ਜਿਵੇਂ ਕਿਸੇ ਭੂਤ ਪ੍ਰੇਤ ਦੀ ਤਲਾਸ਼ ਕਰ ਰਿਹਾ ਹੋਵੇ, ਉਹਨਾਂ ਦੀ ਲੁਕਣ ਜਗ੍ਹਾ ਦੀ ਖੋਜ ਕਰ ਰਿਹਾ ਹੋਵੇ। ਉਸ ਦੀਆਂ ਸ਼ੱਕੀ ਨਜ਼ਰਾਂ ਕਦੇ ਕਦੇ ਉਪਰ ਖੜੇ ਗਵਾਂਢੀ ਵੱਲ ਵੀ ਚਲੀਆਂ ਜਾਂਦੀਆਂ। ਉਹ ਉਸ ਦਿਸ਼ਾ ਵੱਲ ਨਿਸ਼ਾਨਦੇਹੀ ਕਰਨ ਲੱਗਾ ‘ਪਿਆਲੀਆਂ ਇਥੇ ਡਿੱਗੀਆਂ, ਇਹ ਅੰਦਰੋਂ ਨਹੀਂ, ਉਪਰੋਂ ਆਈਆਂ।’ ਪਰ ਇਸ ਹੋੜ ਵਿਚ ਆਪਣੇ ਆਪ ਨੂੰ ਇਕੱਲਾ ਵੇਖ ਕੇ ਉਹ ਦੜ ਵੱਟ ਕੇ ਅੰਦਰੋ ਅੰਦਰ ਜਜ਼ਬ ਕਰ ਗਿਆ ਤੇ ਹੋਰ ਕੁਝ ਕਹਿਣ ਤੋਂ ਬਿਨਾਂ ਹੀ ਟਨੀ ਨਾਥ ਦੇ ਮੋਢੇ ’ਤੇ ਹੱਥ ਧਰ ਕੇ ਬਾਹਰ ਨਿਕਲ ਗਿਆ। ਬਿੱਲੀ ਥੈਲੇ ਤੋਂ ਬਾਹਰ ਆਈ ਤਾਂ ਉਸ ਨੇ ਜਾਂਚ ਲਈ, ਪਰ ਇਸ ਹਕੀਕਤ ਨੂੰ ਜ਼ਬਾਨ ’ਤੇ ਲਿਆਉਣ ਤੋਂ ਉਹ ਕਤਰਾ ਗਿਆ।

ਜਦ ਵੀ ਕੋਈ ਨਵਾਂ ਅਫ਼ਸਰ ਬਦਲ ਕੇ ਆਉਂਦਾ ਹੈ ਤਾਂ ਇਥੇ ਇਕ ਹਲਚਲ ਜਿਹੀ ਮੱਚ ਜਾਂਦੀ ਹੈ। ਗੰਧਲੇ ਪਾਣੀ ਦੇ ਛੱਪੜਾਂ ਵਿਚ ਸੁੱਟੀ ਇਕ ਛੋਟੀ ਜਿਹੀ ਢੀਮ ਵਾਂਗ ਕੁਝ

ਲਹਿਰਾਂ ਘੁੰਮਣ ਘੇਰੀ ਜਿਹੀ ਬਣ ਕੇ ਪਾਸੇ ਨੂੰ ਦੌੜਦੀਆਂ ਕੰਢਿਆਂ ਨਾਲ ਟਕਰਾ ਕੇ ਆਪਣਾ ਦਮ ਤੋੜ ਜਾਂਦੀਆਂ ਹਨ। ਦਫ਼ਤਰ ਦੇ ਪਿਛੜੇ ਸਾਥੀ, ਜਿਹਨਾਂ ਦੀ ਕਦੇ ਪੁੱਛ ਪਰਤੀਤ ਨਹੀਂ ਹੁੰਦੀ, ਚੋਣਾਂ ਦੇ ਦਿਨਾਂ ਵਾਂਗ, ਉਹਨਾਂ ਦੇ ਘਰੀਂ ਵੀ ਟਨੀ ਨਾਥ ਦਾ ਫੇਰਾ ਪੈ ਜਾਂਦਾ। ਇਹਨਾਂ ਪਹਿਲੇ ਦਿਨਾਂ ਵਿਚ ਹੀ ਸਵਾਮੀ ਸਾਰੇ ਲੋਕਾਂ ਦੇ ਘਰੋ ਘਰੀ ਜਾ ਕੇ ਗਿਲੇ ਸ਼ਿਕਵੇ ਦੂਰ ਕਰ ਆਉਂਦਾ, ਕਿਉਂਕਿ ਉਹ ਆਪੇ ਬਣਾਈ 'ਮੂਰਖ ਮੰਡਲੀ' ਦਾ ਪ੍ਰਧਾਨ ਸੀ, ਤੇ ਨਵੇਂ ਅਫ਼ਸਰ ਦੇ ਆਉਣ 'ਤੇ ਉਹ ਆਪ ਹੀ ਅੱਗੇ ਅੱਗੇ ਲੱਗ ਕੇ, ਹੋਰਾਂ ਨੂੰ ਪਿਛੇ ਲਗਾ ਕੇ ਆਪਣੀ ਤਾਕਤ ਦਾ ਵਿਖਾਵਾ ਕਰਦਾ ਸੀ।

ਨਵੇਂ ਸਾਹਬ ਦਾ ਆਉਣਾ ਕਿਸੇ ਵੀ ਵੱਡੇ ਮੰਤਰੀ ਤੋਂ ਘੱਟ ਨਹੀਂ ਹੁੰਦਾ। ਦਫ਼ਤਰ ਦੇ ਕਰਮਚਾਰੀਆਂ ਵਿਚ ਖ਼ੂਬ ਮੁਕਾਬਲਾ ਹੁੰਦਾ, ਰੱਸਾ ਕਸ਼ੀ ਹੁੰਦੀ, ਟਨੀ ਨਾਥ ਦੇ ਘਰ ਸਭਾਵਾਂ ਹੁੰਦੀਆਂ, ਨਵੇਂ ਸਾਹਬ ਨਾਲ ਕਿਸ ਪੈਂਤੜੇ 'ਤੇ ਗੱਲ ਕਰਨੀ ਹੈ, ਕਿਸ ਦਾ ਕਿਹੜਾ ਕੰਮ ਕਰਵਾਉਣਾ ਹੈ, ਕਿਸ ਦਾ ਕਿਹੜਾ ਵਿਗਾੜਨਾ ਹੈ, ਕਿਸ ਦੇ ਸਫ਼ਰ ਭੱਤੇ ਪਾਸ ਕਰਾਉਣੇ ਹਨ, ਕਿਸ ਦੇ ਡਾਕਟਰੀ ਬਿੱਲ ਨਾ-ਮਨਜ਼ੂਰ ਕਰਾਉਣੇ ਹਨ, ਕਿਸ ਨੂੰ ਕਿਹੜੀ ਸੀਟ 'ਤੇ ਲਗਵਾਉਣਾ ਹੈ, ਕਿਸ ਤੋਂ ਕਿਹੜੀ ਸੀਟ ਖੋਹਣੀ ਹੈ, ਇਹ ਸਭ ਕੁਝ ਇਥੇ ਹੀ ਫ਼ੈਸਲਾ ਹੋ ਜਾਂਦਾ ਸੀ।

ਕਾਲੀਆ ਸਾਹਬ ਬੜਾ ਪੁਰਾਣਾ ਹੰਢਿਆ ਵਰਤਿਆ ਤਜਰਬੇਕਾਰ ਅਫ਼ਸਰ ਸੀ। ਪਹਿਲਾਂ ਵੀ ਉਹ ਇਥੇ ਦੋ ਚਾਰ ਸਾਲ ਕੱਟ ਚੁਕਾ ਸੀ, ਇਸ ਲਈ ਉਹ ਸਾਰੇ ਕਰਮਚਾਰੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸਾਰੇ ਅਮਲੇ ਨਾਲ ਤੇ ਬਾਹਰ ਦੀਆਂ ਸਾਮੀਆਂ ਨਾਲ ਉਸ ਦੀਆਂ ਉਂਗਲਾਂ ਚੰਗੀ ਤਰ੍ਹਾਂ ਰਲੀਆਂ ਹੋਈਆ ਸਨ। ਮਾਸਕ ਲੈਣ ਦੇਣ ਸਭ ਨਾਲ ਬੱਝੀ ਹੋਈ ਸੀ। ਇਸ ਲਈ ਸਭ ਲਈ ਮੌਜਾਂ ਬਣ ਗਈਆਂ। ਪਰ ਮੁਕਾਬਲਾ ਸੀ, ਹੀਰੋ ਬਣਨ ਦਾ। ਏਸੇ ਲਈ ਕਈ ਦਿਨਾਂ ਤੋਂ ਭੱਜ ਨੱਸ ਤੇ ਜ਼ੋਰ ਅਜ਼ਮਾਈ ਚੱਲ ਰਹੀ ਸੀ, ਤੇ ਖਾਸ ਕਰਕੇ ਇਸ ਵੇਲੇ ਤਾਂ ਇਥੇ ਕਈ ਉਲਝਣਾਂ ਪੈਦਾ ਹੋ ਚੁਕੀਆਂ ਸਨ। ਦਫ਼ਤਰ ਬਦਲਣ ਦਾ ਮਾਮਲਾ, ਸ਼ੀਲਾ ਦੀ ਮੌਤ ਦਾ ਰਹੱਸ, ਪੰਨਾ ਸਿੰਘ ਦੀ ਬਦਲੀ ਦਾ ਛੜਯੰਤਰ, ਸਵਾਮੀ ਦੀ ਆਪਣੀ ਮਨਮਰਜ਼ੀ ਦੀ ਸਕੀਮ ਲੈਣਾ ਆਦਿ। ਤੇ ਇਹ ਸਭ ਸਵਾਮੀ ਦੀ ਜ਼ਿੰਦਗੀ ਤੇ ਮੌਤ ਬਣ ਕੇ ਦਫ਼ਤਰ ਦੇ ਬੋਝਲ ਖ਼ਿਲਾਅ ਵਿਚ ਲਟਕ ਰਹੇ ਸਨ।

ਸਭ ਨੂੰ ਪਤਾ ਸੀ ਕਿ ਕਾਲੀਆ ਸਾਹਿਬ ਤੇ ਸਵਾਮੀ ਦੀ ਅੰਦਰੋਂ ਘਿਉ ਖਿਚੜੀ ਹੈ। ਉਹਨਾਂ ਦੀਆਂ ਇਕੱਠੀਆਂ ਚੁਗਦੀਆਂ ਰਹੀਆਂ ਨੇ। ਇਸ ਲਈ ਸ਼ਾਮੂ ਸ਼ਾਹ ਵੀ ਖਾਸ ਕਰਕੇ ਅੰਦਰੋਂ ਸਵਾਮੀ ਨਾਲ ਖਾਰ ਖਾਂਦਾ ਸੀ। ਉਹ ਵੀ ਚਾਹੁੰਦਾ ਸੀ, ਕਿਸੇ ਨਾ ਕਿਸੇ ਤਰ੍ਹਾਂ ਸਵਾਮੀ ਨੂੰ ਬਦਨਾਮ ਕਰਕੇ, ਆਪ ਅੱਗੇ ਜਾ ਕੇ ਸਾਹਬ ਨੂੰ ਗਲਵਕੜੀ ਪਾ ਲਏ। ਪਿਛਲੀ ਵੇਰਾਂ ਕੁਝ ਏਦਾਂ ਹੀ ਹੋਇਆ ਸੀ। ਹਰੇਕ ਚੀਜ਼ ਦੀ ਜ਼ਿਆਦਤੀ ਬੁਰੀ ਹੁੰਦੀ ਹੈ।

ਕਿਸੇ ਸ਼ਰੀਫਜ਼ਾਦੇ ਨੇ ਕਿਸੇ ਭੁੱਖੇ ਕੁੱਤੇ ਦੇ ਸਾਹਮਣੇ ਕੁੱਜੇ ’ਚੋਂ ਕੱਢ ਕੇ ਖੀਰ ਪਾ ਦਿਤੀ, ਕੁੱਤਾ ਸਾਰੀ ਖੀਰ ਖਾ ਕੇ ਮਾਲਕ ਵੱਲ ਘੂਰਨ ਲੱਗਾ, ਭੌਂਕਣ ਲੱਗਾ। ਕੁੱਜਾ ਖ਼ਾਲੀ ਹੋ ਗਿਆ ਤੇ ਅਖੀਰ ਕੁੱਤੇ ਦੀ ਲਗਾਤਾਰ ਅਮੁੱਕ ਜ਼ਿਦ ਵੇਖ ਕੇ ਮਾਲਕ ਨੇ ਖ਼ਾਲੀ ਕੁੱਜਾ ਕੁੱਤੇ ਦੇ ਅੱਗੇ ਰੱਖ ਦਿਤਾ। ਉਹ ਫਿਰ ਕੁੱਜੇ ਵਿਚ ਸਿਰ ਅੜਾਈ ਭੌਂਕਦਾ ਰਿਹਾ, ਪੂਛ ਹਿਲਾਂਦਾ ਰਿਹਾ ਤੇ ਅਖ਼ੀਰ ਕੁੱਜਾ ਟੁੱਟ ਗਿਆ। ਅਫ਼ਸਰਾਂ ਦੀ ਟਨੀ ਨਾਥ ਵੱਲ ਉਦਾਰਚਿਤੀ ਅਤੇ ਟਨੀ ਨਾਥ ਵੱਲੋਂ ਦੁਰ-ਵਰਤੋਂ ਨਾਲ ਉਹ ਆਪਣੇ ਆਪ ਹੀ ਬਦਨਾਮ ਹੋ ਗਿਆ। ਸ਼ਾਮੂ, ਜੋ ਦੂਰੋਂ ਨੇੜਿਉਂ ਸਵਾਮੀ ਦਾ ਚਚੇਰਾ ਭਰਾ ਸੀ, ਤੇ ਘਰ ਦਾ ਗਵਾਂਢੀ ਵੀ ਸੀ, ਨੇ ਸਵਾਮੀ ਦੇ ਆਪਹੁਦਰੇ-ਪਨ ਦਾ ਚੰਗਾ ਫ਼ਾਇਦਾ ਉਠਾਇਆ, ਤੇ ਕਾਲੀਆ ਸਾਹਬ ਦੇ ਨਜ਼ਦੀਕ ਆ ਗਿਆ। ਹੁਣ ਇਹਨਾਂ ਦੋਵਾਂ ਦੀ ਆਪੋ ਵਿਚੀ ਵੀ ਖਹਿਬਾਜ਼ੀ ਸੀ, ਤੇ ਬਾਹਰ ਪੰਨਾ ਸਿੰਘ ਨਾਲ ਵੀ ਮੁਕਾਬਲਾ ਸੀ, ਜੋ ਦੋਹਾਂ ਦਾ ਸਾਂਝਾ ਦੁਸ਼ਮਣ ਵੀ ਸੀ ਤੇ ਸ਼ਰੀਕ ਵੀ।

ਟਨੀ ਨਾਥ ਨੂੰ ਇਕ ਹੋਰ ਡਰ ਅੰਦਰੋ ਅੰਦਰ ਹੀ ਖਾ ਰਿਹਾ ਸੀ। ਜੇ ਕੋਈ ਇਕ ਦੋ ਕਤਲ ਕਰਕੇ ਆਪਣਾ ਗੁਨਾਹ ਬਖਸ਼ਾਉਣ ਲਈ ਇਕ ਮੰਦਰ ਬਣਾ ਦੇਵੇ ਤਾਂ ਉਸ ਦੇ ਕਤਲ ਮੁਆਫ਼ ਨਹੀਂ ਹੋ ਜਾਂਦੇ। ਦਫ਼ਤਰ ਦੀ ਇਕ ਗਰੀਬ ਲੜਕੀ ਸ਼ੀਲਾ, ਜਿਸ ਨੂੰ ਸਵਾਮੀ ਨੇ ਉਸ ਦੀਆਂ ਆਰਥਿਕ ਮਜਬੂਰੀਆਂ ਦਾ ਫ਼ਾਇਦਾ ਉਠਾ ਕੇ, ਆਪਣੀ ਹਵਸ ਦਾ ਸ਼ਿਕਾਰ ਬਣਾਇਆ ਸੀ, ਉਹ ਕੁਝ ਮਹੀਨੇ ਪਹਿਲਾਂ ਆਪਣੇ ਕਲੰਕ ਨੂੰ ਨਾਲ ਲੈ ਕੇ ਆਤਮ-ਹੱਤਿਆ ਕਰ ਗਈ ਸੀ। ਟਨੀ ਨਾਥ ਦੀ ਇਸ ਕੋਝੀ ਕਾਲੀ ਕਰਤੂਤ ਸੁਣ ਕੇ ਲੋਕਾਂ ਨੇ ਮੂੰਹ ’ਚ ਉਂਗਲਾਂ ਪਾਈਆਂ ਸਨ, ਜਦ ਸ਼ੀਲਾ ਦੇ ਬਾਪ ਨੇ ਰੋਂਦੇ ਰੋਂਦੇ ਅਫ਼ਸਰਾਂ ਦੇ ਸਾਹਮਣੇ ਇਸ ਦਰਿੰਦੇ ਦੀ ਚਿੱਟੀ ਚਾਦਰ ਥੱਲੇ ਲਹੂ ਰੰਗੇ ਧੱਬੇਦਾਰ ਕੱਪੜੇ ਨੰਗੇ ਕਰ ਸੁੱਟੇ ਸਨ। ਇਸ ਦੀ ਵੀ ਮਹਿਕਮਾਨਾ ਇਨਕੁਆਇਰੀ ਹੋਣੀ ਸੀ, ਬੇਸ਼ੱਕ ਪੁਲਸ ਨੂੰ ਤਾਂ ਉਹ ਅੰਦਰਖਾਤੇ ਜਾ ਕੇ ਥੈਲੀ ਭੇਟ ਕਰ ਆਇਆ ਸੀ। ਇਸ ਦੀ ਜਾਂਚ-ਪੜਤਾਲ ਵੀ ਕਾਲੀਆ ਸਾਹਬ ਨੇ ਕਰਨੀ ਸੀ ਜੋ ਸਵਾਮੀ ਲਈ ਬਿਗਾਨਾ ਨਹੀਂ, ਸਗੋਂ ਉਸ ਦਾ ਆਪਣਾ ਹੀ ਤਾਂ ਪੁਰਾਣਾ ਆੜੀ ਸੀ। ਤੇ ਫਿਰ ਉਸ ਦੀਆਂ ਊਣਤਾਈਆਂ ਤੇ ਕਮਜ਼ੋਰੀਆਂ ਦੇ ਪੁਰਾਣੇ ਕਿੱਸੇ ਤੇ ਪੁਲੰਦੇ ਵੀ ਤਾਂ ਟਨੀ ਨਾਥ ਕੋਲ ਮੌਜੂਦ ਸਨ।

ਸ਼ਾਮੂ ਸ਼ਾਹ ਜਿਸਮਾਨੀ ਤੌਰ ’ਤੇ ਜਿੰਨਾ ਕਮਜ਼ੋਰ ਸੀ, ਦਿਮਾਗੀ ਤੌਰ ’ਤੇ ਓਨਾ ਹੀ ਹੁਸ਼ਿਆਰ। ਹੱਦ ਦਰਜੇ ਦਾ ਚਾਪਲੂਸ ਸੀ ਤੇ ਉਸ ਦੀ ਜ਼ਬਾਨ ਮਿੱਠੀ ਕੈਂਚੀ ਸੀ, ਜੋ ਸੁਣਨ ਵਾਲੇ ਦੀ ਜੇਬ ਵੀ ਕੱਟ ਜਾਂਦੀ ਤੇ ਦਲੀਲ ਵੀ ਕੱਟ ਜਾਂਦੀ ਸੀ, ਪਰ ਦੂਸਰਾ ਚੁੱਪ ਚਾਪ ਉਸ ਦੀਆਂ ਮਿੱਠੀਆਂ ਤੇ ਗੁੰਝਲਦਾਰ ਕਹਾਣੀਆਂ ਦਾ ਕਾਇਲ ਹੋ ਜਾਂਦਾ ਸੀ। ਜਿਸ ਨਾਲ ਗੱਲ ਕਰਦਾ, ਉਹ ਉਸ ਨੂੰ ਆਪਣਾ ਹੀ ਸਮਝਣ ਲੱਗਦਾ, ਪਰ ਬਾਦ ਵਿਚ ਜਦ ਉਸ ਦੇ

ਕੱਟੇ ਹੋਏ ਜ਼ਖ਼ਮ ਰਿਸਦੇ ਤਾਂ ਉਹ ਪਿੱਟ ਕੇ ਰਹਿ ਜਾਂਦਾ। ਇਸੇ ਦਫ਼ਤਰ ਦੇ ਮਾਲਕ ਮਕਾਨ ਨਾਲ ਉਸ ਦੀ ਦੋਸਤੀ ਸੀ ਤੇ ਉਹ ਨਹੀਂ ਸੀ ਚਾਹੁੰਦਾ ਕਿ ਮਹਿੰਗੇ ਰੇਟ ਦਾ ਇਹ ਦਫ਼ਤਰ ਛੱਡ ਕੇ ਨਵੇਂ ਥਾਂ ਸਸਤੇ ਭਾਅ ਦਾ ਦਫਤਰ ਕਿਰਾਏ 'ਤੇ ਲਿਆ ਜਾਏ। ਇਸ ਲਈ ਨਵੇਂ ਸਾਹਬ ਦੇ ਆਉਣ 'ਤੇ ਨਵੇਂ ਮਕਾਨ ਦਾ ਡਰਾਮਾ ਪੇਸ਼ ਕਰਨ ਦੀ ਇਸ ਦੀ ਵੀ ਜ਼ਿੰਮੇਵਾਰੀ ਲੱਗੀ ਹੋਈ ਸੀ। ਸ਼ਾਮੂ ਕੋਲ ਬਾਹਰ ਫੀਲਡ ਦਾ ਕੰਮ ਹੋਣ ਕਰਕੇ ਹਰ ਵੇਲੇ ਜੇਬ ਵਿਚ ਚੰਗੀ ਰੌਣਕ ਰਹਿੰਦੀ ਤੇ ਦਫ਼ਤਰ ਦੇ ਚਪੜਾਸੀ ਤੋਂ ਲੈ ਕੇ ਅਧਿਕਾਰੀਆਂ ਤੱਕ ਸੌ, ਪੰਜਾਹ, ਦਸ ਵੀਹ ਉਧਾਰ ਦਿਤੀ ਰੱਖਦਾ ਸੀ। ਇਸ ਲਈ ਸਾਰੇ ਉਸ ਨੂੰ ਸ਼ਾਹ ਕਹਿ ਕੇ ਬੁਲਾਂਦੇ ਸਨ। ਉਹ ਹਰ ਰੋਜ਼ ਬਾਰਾਂ ਵਜੇ ਦਫ਼ਤਰ ਆਉਂਦਾ ਪਰ ਹਾਜ਼ਰੀ ਨੌਂ ਵਜੇ ਦੀ ਹੀ ਲਗਾਂਦਾ। ਕਿਸੇ ਦੀ ਕੀ ਮਜ਼ਾਲ ਉਸ ਨੂੰ ਕੋਈ ਪੁੱਛ ਜਾਏ। ਰਾਣੀ ਨੂੰ ਕੌਣ ਕਹੇ ਅੱਗਾ ਢੱਕ।

ਟਨੀ ਨਾਥ ਸਵਾਮੀ ਵੀ ਇਕ ਇਨਸਪੈਕਟਰ ਸੀ, ਚਲਦਾ ਪੁਰਜ਼ਾ। ਦਫ਼ਤਰ ਦਾ ਇਨਚਾਰਜ ਤਾਂ ਉਸਦੇ ਹੱਥ ਵਿਚ ਰਬੜ ਦੀ ਮੁਹਰ ਹੀ ਸੀ, ਜਿਥੇ ਮਰਜ਼ੀ ਲਗਵਾ ਲਵੇ, ਜਿਵੇਂ ਉਸ ਨੇ ਉਸ 'ਤੇ ਚਾਦਰ ਪਾਈ ਹੋਵੇ। ਸਟਾਫ ਕੋਲੋਂ ਤੇ ਲੋਕਾਂ ਕੋਲੋਂ ਮਾਸਿਕ ਉਗਰਾਹੀ ਕਰਨੀ ਤੇ ਉਪਰ ਤੱਕ ਪਹੁੰਚਾਉਣੀ ਉਸ ਦਾ ਕੰਮ ਸੀ ਤੇ ਏਸੇ ਦਾ ਖੱਟਿਆ ਹੀ ਸਾਰੀ ਉਮਰ ਉਹ ਖਾਂਦਾ ਰਿਹਾ । ਕੰਮ ਕਾਰ ਦੀ ਤਾਂ ਨਾ ਉਸ ਨੂੰ ਫੁਰਸਤ ਸੀ ਤੇ ਨਾ ਹੀ ਜ਼ਿਆਦਾ ਅਕਲ। ਗ਼ਲ ਵਿਚ ਮਾਲਾ ਪਾਈ ਰੱਖਦਾ, ਤੇ ਮੱਥੇ ਟਿੱਕਾ ਲਗਾਈ ਰੱਖਦਾ, ਹੱਥ ਵਿਚ ਕੜਾ ਪਾਈ ਰੱਖਦਾ। ਸਵੇਰੇ ਸ਼ਾਮ ਨਿੱਤ ਪਾਠ ਕਰਨ ਦਾ ਡਰਾਮਾ ਕਰਦਾ। ਚਾਹ, ਸ਼ਰਾਬ ਆਪ ਘੱਟ ਹੀ ਪੀਂਦਾ ਪਰ ਅਫ਼ਸਰਾਂ ਨੂੰ ਪਿਆ ਕੇ ਬਹੁਤ ਖੁਸ਼ ਹੁੰਦਾ ਸੀ।

ਤਿੜਕੇ ਸੁਪਨਿਆਂ ਦੇ ਟੋਭੇ ਵਿਚ ਗੋਤੇ ਖਾਂਦੇ ਟਨੀ ਨਾਥ ਨੇ ਦੋ ਚਾਰ ਗਰਾਹੀਆਂ ਰੋਟੀ ਅੰਦਰ ਸੁੱਟੀ, ਤੇ ਕਾਹਲੀ ਕਾਹਲੀ ਆਪਣੇ ਸੌਣ ਵਾਲੇ ਕਮਰੇ ਵੱਲ ਵਧਿਆ। ਉਹ ਜਲਦੀ ਜਲਦੀ ਅੱਜ ਦੀ ਰਾਤ ਮੁਕਾਉਣ ਦੇ ਚੱਕਰ ਵਿਚ ਸੀ ਤਾਂ ਜੋ ਅੱਜ ਉਸ ਦੇ ਬੀਜੇ ਬੀਜ ਕੱਲ੍ਹ ਨੂੰ ਫੁੱਲ ਬਣ ਕੇ ਖਿੜਦੇ ਉਹ ਆਪ ਵੇਖ ਸਕੇ। ਪਰ ਇਹ ਤਾਂ ਉਸ ਦਾ ਭੁਲੇਖਾ ਹੀ ਰਿਹਾ। ਸਮਾਂ ਤੇ ਰਾਤ ਆਪਣੀ ਹੀ ਚਾਲੇ ਚੱਲੇ। ਉਸ ਨੂੰ ਕ੍ਰੋਧ ਜਿਹਾ ਆਇਆ। ਉਸਨੂੰ ਜਾਪਿਆ ਜਿਵੇਂ ਅੱਜ ਸਮੇਂ ਦੇ ਪੈਂੜੀਂ ਕਿਸੇ ਨੇ ਨੌਂ-ਮਣੀਂ ਸੰਗਲ ਜੜ ਦਿਤੇ ਹੋਣ। ਰਾਤ ਮੁੱਕਣ ਵਿਚ ਹੀ ਨਹੀਂ ਸੀ ਆ ਰਹੀ।

ਉਸ ਨੇ ਅੱਖਾਂ ਮੀਟ ਲਈਆਂ। ਪਰ ਨੀਂਦ! ਨੀਂਦ ਤਾਂ ਉਸ ਦੀ ਕੋਹਾਂ ਦੂਰ ਨੱਸ ਗਈ ਸੀ। ਬੱਚੇ ਨਾਲ ਦੇ ਕਮਰੇ ਵਿਚ ਘੁਸਰ ਮੁਸਰ ਕਰ ਰਹੇ ਸਨ, ਪੜ੍ਹ ਰਹੇ ਹੋਣਗੇ। ਉਸ ਦੀ ਪਤਨੀ ਸਿੰਮੀ ਉਸ ਤੋਂ ਹੱਥ ਕੁ ਪਰਾਂ ਮੰਜੇ 'ਤੇ ਲੇਟੀ ਪਈ ਸੀ, ਥੱਕੀ ਹੋਈ ਸੀ ਵਿਚਾਰੀ, ਸਵੇਰ ਦੀ। ਸਵੇਰੇ ਉਠ ਕੇ ਘਰ ਦਾ ਸਾਰਾ ਕੰਮ ਕਰਨਾ, ਬੱਚਿਆਂ ਨੂੰ ਤਿਆਰ ਕਰਕੇ

ਸਕੂਲੇ ਭੇਜਣਾ ਤੇ ਫਿਰ ਪਤੀ ਦੇਵ ਦੀ ਦਫ਼ਤਰ ਦੀ ਤਿਆਰੀ ਤੇ ਫਿਰ ਆਪ ਤਿਆਰ ਹੋ ਕੇ ਸਾਰਾ ਦਿਨ ਕਾਰਖ਼ਾਨੇ ਦੀ ਖਪ ਖਪ। ਉਥੋਂ ਆ ਕੇ ਫਿਰ ਉਹੀ ਘਰ ਦਾ ਕੰਮ, ਕੋਹਲੂ ਦੇ ਬੈਲ ਵਾਂਗ। ਉਸ ਦੇ ਇਹ ਰੁਝੇਵੇਂ ਤੜਕੇ ਸਵੇਰ ਤੋਂ ਲੈ ਕੇ ਡੂੰਘੀ ਰਾਤ ਤੱਕ ਚੱਲਦੇ ਹੀ ਰਹਿੰਦੇ। 'ਪਤਾ ਨਹੀਂ ਕਿਹੜੇ ਪਾਪਾਂ ਦਾ ਲੇਖਾ ਦੇ ਰਹੀ ਹੈ ਵਿਚਾਰੀ।' ਟਨੀ ਨਾਥ ਨੂੰ ਸਿੰਮੀ 'ਤੇ ਤਰਸ ਜਿਹਾ ਆਇਆ, ਪਰ ਉਸ ਨੂੰ ਉਸ ਬਾਰੇ ਹੋਰ ਸੋਚਣ ਦੀ ਅੱਜ ਬਹੁਤੀ ਚਿੰਤਾ ਨਹੀਂ ਸੀ। ਜ਼ੀਰੋ ਵਾਟ ਦੇ ਬਲਬ ਨਾਲ ਕਮਰੇ ਵਿਚ ਹਨੇਰਾ ਜਿਹਾ ਹੀ ਸੀ। ਇਸ ਕਰਕੇ ਕਿ ਦਫਤਰ ਦੀਆਂ ਟੀਊਬਾਂ ਤਾਂ ਅੱਜ ਦਫ਼ਤਰ ਪਹੁੰਚ ਗਈਆਂ ਸਨ ਤੇ ਸਾਹਬ ਦੇ ਜਾਣ ਬਾਦ ਫਿਰ ਵਾਪਸ ਆ ਜਾਣਗੀਆਂ।

'ਸਿੰਮੀ ....!'

'...' ਕੋਈ ਹੁੰਗਾਰਾ ਨਹੀਂ ਸੀ

'ਸਿੰਮੀ ........!' ਉਸ ਨੇ ਜ਼ਰਾ ਹੋਰ ਉਚੇਰੀ ਆਵਾਜ਼ ਵਿਚ ਕਿਹਾ।

'...... ਹਾਂ ਜੀ .........।' ਸਿੰਮੀ ਦੀ ਆਵਾਜ਼ ਸਹਿਮੀ ਹੋਈ ਸੀ।

'ਇਧਰ ਆਉ! ...... ਮੇਰੇ ਕੋਲ! ...।' ਉਸ ਨੇ ਬਾਂਹ ਲੰਮੀ ਕਰਕੇ ਉਸ ਦੇ ਮੰਜੇ 'ਤੇ ਪਹੁੰਚਾ ਦਿਤੀ।

'ਬੱਚੇ ਜਾਗ ਰਹੇ ਨੇ ਤੜਫ਼ ਰਹੇ ਨੇ, ਹੋ ਰਹੇ ਨੇ ਤੁਹਾਡੀ ਜਾਨ ਨੂੰ...।' ਸਿੰਮੀ ਦਾ ਹੁੰਗਾਰਾ ਨਾਂਹ ਵਾਚਕ ਸੀ ਰੋਜ ਦੇ ਵਿਪਰੀਤ

'ਸੌਂ ਜਾਣਗੇ ਪੜ੍ਹਦੇ ਪੜ੍ਹਦੇ ਆਪੇ।' ਉਸ ਨੇ ਫੇਰ ਬਹਾਨਾ ਜਿਹਾ ਲਗਾਇਆ। ਸਿੰਮੀ ਝਕਦੀ ਝਕਦੀ ਉਸ ਕੋਲ ਆ ਕੇ ਬੈਠ ਗਈ।

'ਕੀ ਗੱਲ! ਅੱਜ ਬੜੇ ਦਿਆਲ ਜਾਪਦੇ ਓ!'

'ਮੈਂ ਪਹਿਲਾਂ ਵੀ ਤੇਰੇ ਨਾਲ ਕਦੋਂ ਨਾਰਾਜ਼ ਸਾਂ।'

'ਦੱਸੋ ਕੀ ਸੇਵਾ? ਪੈਰ ਘੁੱਟਾਂ?' ਸਿੰਮੀ ਨੇ ਕਾਟ ਜਿਹੀ ਕੀਤੀ।

'ਨਹੀਂ! ਮੈਨੂੰ ਤਾਂ ਇਕ ਚਿੰਤਾ ਖਾਈ ਜਾ ਰਹੀ ਹੈ।'

'ਕੀ ਚਿੰਤਾ! ਕਾਹਦੀ ਚਿੰਤਾ?' ਸਿੰਮੀ ਨੇ ਡਰਦੀ ਆਵਾਜ਼ ਵਿਚ ਕਿਹਾ।

'ਕੱਲ ਸਾਹਬ ਆ ਰਹੇ ਨੇ ਨਵੇਂ?'

'ਕਿਹੜੇ?'

'ਉਹੀ ਕਾਲੀਆ ਸਾਹਿਬ! ਉਹਨਾਂ ਦੀ ਬਦਲੀ ਫਿਰ ਪੰਜਾਬ ਹੋ ਗਈ ਏ, ਚੰਡੀਗੜ੍ਹ।' ਟਨੀ ਨਾਥ ਨੇ ਸਿੰਮੀ ਨੂੰ ਪੋਲੇ ਜਿਹੇ ਕਲਾਵੇ ਵਿਚ ਲੈਂਦੇ ਕਿਹਾ। ਕਾਲੀਆ ਦਾ

ਨਾਮ ਸੁਣਦੇ ਹੀ ਸਿੰਮੀ ਦੇ ਮੱਥੇ ’ਤੇ ਪਈ ਤਿਊੜੀ ਟਨੀ ਨਾਥ ਨੂੰ ਦਿੱਸੀ ਤਾਂ ਨਹੀਂ, ਪਰ ਉਸ ਨੇ ਇਸ ਦੀ ਕੁੜੱਤਣ ਮਹਿਸੂਸ ਕਰ ਲਈ।

‘ਤੈਨੂੰ ਪਤੈ! ਸਾਡੇ ’ਤੇ ਉਹ ਕਿੰਨਾ ਮਿਹਰਬਾਨ ਐ ......?’

‘ਹਾਂ! ਹਾਂ ਮੈਂ ਚੰਗੀ ਤਰ੍ਹਾਂ ਜਾਣਦੀ ਆਂ ਉਹਨੂੰ, ਕਾਲੀਏ ਕੱਟੇ ਨੂੰ।’ ਆਪਣੇ ਆਪ ਨੂੰ ਟਨੀ ਨਾਥ ਦੇ ਕਲਾਵੇ ’ਚੋਂ ਛੁਡਾਂਦੇ ਸਿੰਮੀ ਨੇ ਕੁਰੱਖਤ ਲਹਿਜੇ ਵਿਚ ਉਸ ਨੂੰ ਝਟਕ ਦਿਤਾ।

‘ਤੈਨੂੰ ਇਕ ਵੇਰਾਂ ਫਿਰ ਡਰਾਮਾ ਕਰਨਾ ਪਵੇਗਾ।’

‘ਉਹੀ! ਉਹੀ ਡਰਾਮਾ ਫੇਰ!’ ਸਿੰਮੀ ਉਸ ਦੇ ਚੁੰਗਲ ’ਚੋਂ ਉਠ ਖੜੀ ਹੋਈ।

‘ਬਜ਼ਾਰ ਵਿਚ ਵੀ ਕਈ ਡਰਾਮੇ ਹੁੰਦੇ ਫਿਰਦੇ ਨੇ...ਹੈ ਕੋਈ ਸੋਝੀ ਤੁਹਾਨੂੰ?’

‘ਹਾਂ! ਹਾਲਾਤ ਫਿਰ ਉਹੋ ਜਿਹੇ ਬਣ ਗਏ ਨੇ।’ ਟਨੀ ਨਾਥ ਨੇ ਹਉਕਾ ਲਿਆ।

‘ਮੈਨੂੰ ਫਿਰ ਪਾਗਲ ਬਣਾਉਗੇ? ਮੇਰੀ ਤੇ ਪਹਿਲਾਂ ਹੀ ਸਾਹ ਸੱਤ ਮੁੱਕੀ ਪਈ ਏ। ਨਹੀਂ! ਨਹੀਂ! ਮੈਂ ਹੁਣ ਫੇਰ ਪਾਗਲ ਨਹੀਂ ਬਣ ਸਕਦੀ ਸੁਖੀਂ ਸਾਂਦੀਂ। ਲੋਕ ਤੰਦਰੁਸਤੀ ਦੀਆਂ ਸੁੱਖਣਾਂ ਮੰਗਦੇ ਨੇ ਤੇ ਤੁਸੀਂ! ਜਦ ਕੋਈ ਨਵਾਂ ਅਧਿਕਾਰੀ ਆਵੇ, ਤੁਹਾਡਾ ਯਾਰ ਦੋਸਤ ਆਵੇ, ਪਾਗਲ ਬਣਾ ਕੇ ਮੈਨੂੰ ਅੰਦਰ ਬੰਦ ਕਰ ਛੱਡਦੇ ਓ। ਉਧਰੋਂ ਮੇਰੇ ਕੰਮ ਦਾ ਵਾਧੂ ਨੁਕਸਾਨ। ਮੈਥੋਂ ਹਰ ਰੋਜ਼ ਇਹੋ ਜਿਹੇ ਪਾਪੜ ਨਹੀਂ ਵੇਲੇ ਜਾਂਦੇ। ਮੈਂ ਇਕ ਔਰਤ ਹਾਂ, ਖ਼ਾਨਦਾਨੀ ਇਜ਼ਤਦਾਰ ਔਰਤ।’ ਸਿੰਮੀ ਦਾ ਵਿਖਿਆਨ ਕੁਝ ਗਰਮ ਹੋ ਗਿਆ।

‘ਹੌਲੀ ਗੱਲ ਕਰ! ਸ਼ਾਂਤੀ ਨਾਲ, ਨਿਆਣਿਆਂ ਨੂੰ ਕਿਉਂ ਸੁਣਾਉਣ ਲੱਗੀ ਏਂ।’ ਟਨੀ ਨਾਥ ਨੇ ਸਿੰਮੀ ਦੇ ਮੂੰਹ ’ਤੇ ਹੱਥ ਧਰਦੇ ਉਸਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ।

‘ਉਸ ਦਿਨ ਕਾਲੀਏ ਕਲੂਟੇ ਨੇ ਮੈਨੂੰ ਹੱਥ ਪਾਇਆ, ਤੁਹਾਡੇ ਸਾਹਮਣੇ, ਤੁਸੀਂ ਚੁੱਪ ਕਰਕੇ ਬੇਸ਼ਰਮੀ ਦੀ ਲੋਈ ਓੜ ਲਈ। ਹੁਣ ਮੈਂ ਫੇਰ ਪਾਗਲ ਬਣ ਚੁੱਕੀ ਬਾਜ਼ਾਰੂ ਔਰਤ ਨਹੀਂ ਬਣ ਸਕਦੀ। ਵੱਡਾ ਆਇਐ ਮੇਰਾ ਹਮਦਰਦ! ਉਸ ਦਿਨ ਕਹਿਣ ਲੱਗਾ, ਸਿੰਮੀ! ਮੇਰੇ ਕੋਲ ਆ, ਤੇਰਾ ਦਿਮਾਗ ਬਿਲਕੁਲ ਠੀਕ ਹੋ ਜੂ ਗਾ।’

ਸਿੰਮੀ ਨੇ ਉਸ ਦੀ ਸ੍ਵਾਂਗ ਲਗਾਂਦੇ ਕਿਹਾ।

‘ਵੱਡਾ ਡਾਕਟਰ! ਨਿਖਸਮਾਂ! ਆਪਣੀਆਂ ਹਿਰਨਾਂ ਜਿੱਡੀਆਂ ਕੁੜੀਆਂ ਲੋਕਾਂ ਦੇ ਧੱਕੇ ਖਾਂਦੀਆਂ ਫਿਰਦੀਆਂ ਗਲੀਆਂ ਬਾਜ਼ਾਰਾਂ ’ਚ, ਤੇ ਆਪ ਉਹ ਮੇਰੇ ਪਾਗਲਪਨ ਦਾ ਇਲਾਜ ਕਰਦਾ ਫਿਰੇ। ਉਹਨੂੰ ਕਹੋ ਪਹਿਲਾਂ ਆਪਣੇ ਘਰ ਦਾ ਇਲਾਜ ਕਰੇ।’ ਸਿੰਮੀ ਦੀ ਆਵਾਜ਼ ਵਿਚ ਹੋਰ ਰੋਹ ਤੇ ਤਲਖ਼ੀ ਨਿੱਤਰ ਆਈ।

'ਚੰਗਾ ਫਿਰ ਜਾਹ ਚੁੱਪ ਕਰਕੇ ਸੌਂ ਜਾ।' ਟਨੀ ਨਾਥ ਨੇ ਪਿਛਾ ਛੁਡਾਉਣ ਦੀ ਕੋਸ਼ਿਸ਼ ਕੀਤੀ।

'ਖ਼ਬਰਦਾਰ। ਜੇ ਉਸ ਨੇ ਹੁਣ ਕੋਈ ਅਜਿਹੀ ਹਰਕਤ ਕੀਤੀ, ਤਾਂ ਮੈਂ ਬੰਦਾ ਬਣਾ ਦਿਆਂਗੀ, ਵਿੱਚੇ ਤੁਹਾਨੂੰ ਤੇ ਵਿਚੇ ਤੁਹਾਡੇ ਮਿਹਰਬਾਨ ਨੂੰ।'

'ਉਏ ਚੁੱਪ ਵੀ ਕਰ! ਕੀ ਹੋ ਗਿਐ ਤੈਨੂੰ।'

'ਕੰਮ ਕਰਕੇ ਅਫ਼ਸਰਾਂ ਨੂੰ ਖੁਸ਼ ਕਰੋ। ਡਰਾਮੇ ਕਰਕੇ ਨਹੀਂ।'

'ਮਾਫ਼ ਕਰ ਸਿੰਮੀ! ਹੁਣ ਬੱਸ ਵੀ ਕਰ। ਤੂੰ ਗਲਤ ਸਮਝ ਗਈ, ਮੇਰਾ ਮਤਲਬ ਐ, ਹੁਣ ਫੇਰ ਮੇਰੇ ਤਬਾਦਲੇ ਦਾ ਚੱਕਰ ਐ, ਤੇ ਜੇ ਤੂੰ ਇਹ ਐਕਸ਼ਨ ਨਾ ਕੀਤਾ ਤਾਂ ਮੇਰੀ ਬਦਲੀ ਹੋ ਜਾਏਗੀ ਬਹੁਤ ਦੂਰ। ਨੌਕਰੀ ਦੇ ਮਾਮਲੇ ਵਿਚ ਕਈ ਝੂਠੇ ਸੱਚੇ ਡਰਾਮੇ ਕਰਨੇ ਪੈਂਦੇ ਨੇ।' ਉਸ ਨੇ ਇਕੇਰਾਂ ਫਿਰ ਸਿੰਮੀ ਨੂੰ ਪੁਚਕਾਰਦੇ ਹੋਏ ਨੇੜੇ ਕਰਨ ਦੀ ਕੋਸ਼ਿਸ਼ ਕੀਤੀ।

'ਸ਼ਰਮ ਨਹੀ ਆਉਂਦੀ ਤੁਹਾਨੂੰ! ਅਜਿਹੇ ਨੀਚ ਬਦਮਾਸ਼ਾਂ ਨੂੰ ਘਰ ਲਿਆਂਦੇ! ਕੁੜੀ ਜਵਾਨ ਹੋਈ ਹੋਈ ਏ, ਤੇ ਤੁਸੀਂ ਇਹ ਜ਼ਲੀਲ ਕੰਮ ਕਰ ਰਹੇ ਹੋ।' ਸਿੰਮੀ ਦਾ ਪਾਰਾ ਥੱਲੇ ਉਤਰਨ ਵਿਚ ਨਹੀ ਸੀ ਆ ਰਿਹਾ। ਨਾਲ ਦੇ ਕਮਰੇ ਵਿਚੋਂ ਅੱਖਾਂ ਮਲਦੇ ਦੋਵੇਂ ਬੱਚੇ ਇਧਰ ਦੌੜੇ।

'ਕੀ ਕਰਨਾ ਡੈਡੀ... ? ਕਿਹੜੇ ਡਰਾਮੇ ?'

ਉਸ ਦੀ ਲੜਕੀ ਪਿੰਕੀ ਡਰੀ ਘੁੱਗੀ ਵਾਂਗ ਸਹਿਮੀ ਮੰਮੀ ਡੈਡੀ ਦੇ ਤਕਰਾਰ ਵਿਚ ਆ ਖੜੀ ਹੋਈ।

'ਨਹੀਂ ਬੇਟੇ ਕੁਝ ਨਹੀਂ। ... ਜਾਉ ਤੁਸੀਂ ਸੌਂ ਜਾਉ ...।'

'ਤੁਹਾਡੀ ਬਦਲੀ ਹੋਣ ਵਾਲੀ ਏ ਡੈਡੀ ?' ਪਿੰਕੀ ਨੇ ਭੋਲੇ ਭਾਅ ਕਿਹਾ।

'ਜਾਓ ਬੇਟੇ ਜਾਓ। ਨਹੀਂ ਹੁੰਦੀ ਬਦਲੀ ...।' ਅੰਤਾਂ ਦੀ ਪੀੜ ਟਨੀ ਨਾਥ ਦੇ ਚਿਹਰੇ 'ਤੇ ਮੁਰਦੇਹਾਣੀ ਛੱਡ ਗਈ।

'ਮੈਨੂੰ ਦੱਸੋ ਡੈਡੀ! ਤੁਹਾਡੀ ਬਦਲੀ ਰੁਕਾਉਣ ਵਾਸਤੇ ਜੋ ਮੰਮੀ ਨਹੀਂ ਕਰਦੀ ਤਾਂ ਮੈਂ ਕਰਾਂਗੀ। ਮੈਨੂੰ ਦੱਸੋ ਡੈਡੀ। ਮੈਂ ਹੁਣ ਸਭ ਕੁਝ ਕਰ ਸਕਦੀ ਹਾਂ।' ਮਾਸੂਮ ਬੱਚੀ ਦੀ ਸਹਿਜ ਸੁਭਾ ਹਮਦਰਦੀ ਟਨੀ ਨਾਥ ਦੇ ਸਿਰ ਹਥੌੜੇ ਵਾਂਗ ਵੱਜੀ। ਉਹ ਸਿਰ ਘੁੱਟ ਕੇ ਬਹਿ ਗਿਆ।

'ਕਰਾ ਲੌ ਹੁਣ ਇਹਦੇ ਕੋਲੋਂ। ਸ਼ਰਮ ਕਰੋ, ਚੱਪਣੀ 'ਚ ਨੱਕ ਡੋਬ ਕੇ ਮਰੋ। ਹੁਣ ਇਹ ਸਭ ਕੁਝ ਆਪਣੀ ਕੁੜੀ ਕੋਲੋਂ ਕਰਾਉਗੇ,? ਜੋ ਮੈਂ ਕਰਦੀ ਰਹੀ ਹਾਂ ..., ਤੁਹਾਡੀ ਨੌਕਰੀ ਬਚਾਉਣ ਵਾਸਤੇ ...।' ਸਿੰਮੀ ਬੁਸਕ ਰਹੀਂ ਸੀ।

ਇਸ ਤੂੰ-ਤੂੰ ਮੈਂ-ਮੈਂ ਨੇ ਘਰ ਦੇ ਗੰਭੀਰ ਚੌਗਿਰਦੇ ਵਿਚ ਅਣਕਿਆਸੀ ਕੁੜੱਤਣ ਭਰ ਦਿਤੀ। ਇਕ ਅਦਿੱਖ ਪੀੜ-ਭਰੀ ਚੁੱਪ ਘਰ ਦੇ ਸ਼ਾਂਤ ਵਾਤਾਵਰਣ ਵਿਚ ਲਟਕ ਗਈ।

'ਡੈਡੀ! ਸਾਡਾ ਸਕੂਲ ਬਦਲ ਦਿਓ...। ਅਸੀਂ ਉਥੇ ਏਨੀ ਦੂਰ ਨਹੀਂ ਜਾਇਆ ਕਰਨਾ ਹੁਣ...।' ਪਿੰਕੀ ਪੂਰੀ ਤਰ੍ਹਾਂ ਫਿੱਸ ਪਈ।

ਪਿੰਕੀ ਦੀ ਰੋਣ ਹਾਕੀ ਆਵਾਜ਼ ਨੇ ਤਿੜਕੇ ਹੋਏ ਵਾਤਾਵਰਣ ਨੂੰ ਹੋਰ ਤਿੜਕਾ ਦਿਤਾ।

'ਕਿਉਂ ਬੇਟੇ! ਕੀ ਗੱਲ!' ਟਨੀ ਨਾਥ ਨੂੰ ਹੋਰ ਸਭ ਕੁਝ ਭੁੱਲ ਗਿਆ।

'ਅੱਜ ਪੰਨਾ ਅੰਕਲ ਸਾਨੂੰ ਨਾ ਬਚਾਉਂਦੇ ਤਾਂ ਬਦਮਾਸ਼ਾਂ ਨੇ ਸਾਨੂੰ ਮਾਰ ਦੇਣਾ ਸੀ। ਪਤਾ ਨਹੀਂ ਕਿਥੇ ਲੈ ਜਾਂਦੇ...।'

ਪਿੰਕੀ ਦੀ ਲੇਰ ਨਾਲ ਮੁੰਡਾ ਤੇ ਉਸ ਦੀ ਮਾਂ ਵੀ ਫਿੱਸ-ਫਿੱਸ ਰੋਣ ਲੱਗੇ।

'ਇਹਨਾਂ ਨੂੰ ਕੀ! ... ਇਹ ਤਾਂ ਫਜ਼ੂਲ ਆਪਣੇ ਡਰਾਮੇ ਹੀ ਕਰਦੇ ਰਹਿਣਗੇ, ਸਾਰੀ ਉਮਰ। ਨਿਆਣੇ ਪੈਣ ਢੱਠੇ ਖੂਹ ਚ।' ਸਿੰਮੀ ਦਾ ਗਲਾ ਹੋਰ ਭਾਰਾ ਹੋ ਗਿਆ।

'ਅੱਜ ਨਕਾਬਪੋਸ਼ਾਂ ਵਾਲੀ ਇਕ ਕਾਰ ਸਾਡੇ ਕੋਲ ਆ ਕੇ ਰੁਕ ਗਈ ਤੇ ਬਦਮਾਸ਼ਾਂ ਨੇ ਸਾਨੂੰ ਖਿੱਚਕੇ ਕਾਰ ਵਿਚ ਸੁੱਟ ਲਿਆ। ਏਨੇ ਨੂੰ ਪੰਨਾ ਅੰਕਲ ਕਿਧਰੋਂ ਆ ਨਿਕਲੇ ਤੇ ਵੇਖ ਕੇ ਉਹਨਾਂ ਆਪਣਾ ਸਕੂਟਰ ਕਾਰ ਅੱਗੇ ਲਿਆ ਖੜਾ ਕੀਤਾ। ਬਦਮਾਸ਼ ਉਸ ਦੇ ਗਲ ਪੈ ਗਏ। ਇਕ ਨੇ ਗੋਲੀ ਵੀ ਚਲਾਈ। ਪਰ ਅੰਕਲ ਉਹਨਾਂ ਨਾਲ ਗੁੱਥਮਗੁੱਥਾ ਹੋ ਗਏ।' ਛੋਟੇ ਮੁੰਡੇ ਨੇ ਡਰੀ ਹੋਈ ਆਵਾਜ਼ ਵਿਚ ਹੱਥਾਂ ਦੇ ਘਸੁੰਨ ਵੱਟਦੇ ਹੋਏ ਕਹਾਣੀ ਸੁਣਾਈ।

'ਤੇ ਫਿਰ ਅਸੀਂ ਚੀਕਾਂ ਮਾਰਦੇ ਕਾਰ 'ਚੋਂ ਬਾਹਰ ਛਾਲਾਂ ਮਾਰ ਦਿਤੀਆਂ... ਉਹ 'ਡਿਸ਼ੂੰ-ਡਿਸ਼ੂੰ' ਕਰਦੇ ਰਹੇ। ਗੋਲੀਆਂ ਦੀ ਆਵਾਜ਼ ਸੁਣ ਕੇ ਸਾਰਾ ਬਾਜ਼ਾਰ, ਚਾਰ ਚੁਫ਼ੇਰਾ ਇਕਦਮ ਖਾਲੀ ਹੋ ਗਿਆ। ਲੋਕਾਂ ਸ਼ਟਰ ਸੁੱਟ ਲਏ।'

'ਸਾਬਾਸ਼! ਬੇਟਾ ਸਾਬਾਸ਼। ਪਰ ਕੌਣ ਸੀ ਉਹ ਬਦਮਾਸ਼?' ਟਨੀ ਨਾਥ ਦੀ ਦੇਹ ਕੰਬਣ ਲੱਗੀ।

'ਜੀਹਦੇ ਲਈ ਤੁਸੀ ਖੂਹ ਪੁੱਟ ਰਹੇ ਓ ... ਉਹਨੇ ਅੱਜ ਤੁਹਾਡੀ ਇੱਜ਼ਤ ਬਚਾਈ...। ਨਹੀ ਤਾਂ ਤੁਹਾਡਾ ਖਾਨਦਾਨ ਲੁੱਟ ਜਾਂਦਾ...। ਤੁਸੀਂ ਕਿਸੇ ਪਾਸੇ ਜੋਗੇ ਨਾ ਰਹਿੰਦੇ...।' ਸਿੰਮੀ ਨੇ ਸਵਾਮੀ ਨੂੰ ਫਿਟਕਾਰ ਪਾਈ।

'ਉਹਨਾਂ ਨੇ ਪੱਗਾਂ ਬੰਨੀਆਂ ਸੀ ਡੈਡੀ। ਜਦ ਪੰਨਾ ਅੰਕਲ ਨੇ ਇਕ ਨੂੰ ਫੜਿਆ ਤਾਂ ਉਸ ਦੀ ਪੱਗ ਤੇ ਨਕਲੀ ਦਾਹੜੀ ਅੰਕਲ ਦੇ ਹੱਥ ਆ ਗਈ। ਨਕਲੀ ਨਿਹੰਗ ਸੀ ਡੈਡੀ ਉਹ।' ਛੋਟੇ ਪੱਪੂ ਨੇ ਵਿੱਚ-ਵਿੱਚ ਡਰਦੇ-ਡਰਦੇ ਕਹਾਣੀ ਵਿਚ ਹਿੱਸਾ ਪਾਇਆ।

'ਪੰਨਾ ਅੰਕਲ ਬੜੇ ਚੰਗੇ ਨੇ ਡੈਡੀ। ਫਿਰ ਉਹ ਸਾਨੂੰ ਆਪ ਘਰ ਛੱਡ ਕੇ ਗਏ...।'

ਬੱਚਿਆਂ ਦੀਆਂ ਡੁੱਲਦੀਆਂ ਅੱਖਾਂ ਵੇਖ ਕੇ ਸਵਾਮੀ ਦੀਆਂ ਅੱਖਾਂ ਵੀ ਛਲਕੀਆਂ। ਉਸਨੇ ਦੋਵੇਂ ਬੱਚੇ ਤੇ ਸਿੰਮੀ ਸਭ ਨੂੰ ਇਕੋ ਕਲਾਵੇ ਵਿੱਚ ਘੁੱਟ ਲਿਆ।

ਉਸ ਦਾ ਖ਼ੂਨ ਖੌਲ੍ਹਣ ਲੱਗਾ, ਡੌਲੇ ਫਰਕਣ ਲੱਗੇ।

'ਮੈਂ ਹੁਣੇ ਜਾਵਾਂਗਾ... ਪਤਾ ਕਰਾਂਗਾ ਉਹਨਾਂ ਬਦਮਾਸ਼ਾਂ ਦਾ।' ਟਨੀ ਨੇ ਝੂਠੀ ਮੂਠੀ ਜਿਹੀ ਦਬਾਕੀ ਨਾਲ ਹੱਥਾਂ ਦੀਆਂ ਮੁੱਠੀਆਂ ਤਣ ਲਈਆਂ।

'ਨਹੀਂ ਹੁਣ ਕਿਤੇ ਜਾਣ ਦਾ ਵੇਲਾ ਨਹੀਂ। ਸਵੇਰੇ ਜੋ ਮਰਜ਼ੀ ਕਰ ਲਿਓ।' ਸਿੰਮੀ ਨੇ ਖਿੱਚ ਕੇ ਉਸ ਨੂੰ ਵਾਪਸ ਬਿਠਾ ਲਿਆ। ਜਾਨ ਬਚੀ ਸੋ ਲਾਖੋਂ ਪਾਏ। ਉਹ ਫਿਰ ਮੁਰਦਾ ਲਾਸ਼ ਵਾਂਗ ਬੇਜਾਨ ਆਪਣੇ ਵਿਛਾਉਣੇ 'ਤੇ ਵਿੱਛ ਗਿਆ।

ਕਿੰਨਾ ਚਿਰ ਉਹ ਉਸਲਵੱਟੇ ਭੰਨਦਾ ਰਿਹਾ। ਨੀਂਦ ਇਕ ਬਿੰਦ ਵੀ ਉਸ ਦੇ ਨੇੜੇ ਨਾ ਆਈ। ਬੱਚਿਆਂ ਦੀ ਨਵੀਂ ਕਹਾਣੀ ਨੇ ਉਸ ਦੇ ਮਨ ਦਾ ਸਾਰਾ ਤਾਣਾ ਪੇਟਾ ਢਿੱਲਾ ਕਰ ਦਿਤਾ। ਉਸ ਦੇ ਮਨ ਵਿਚ ਦੋ-ਚਿੱਤੀ ਜਿਹੀ ਪੈਦਾ ਹੋ ਗਈ। ਉਸ ਨੇ ਹਾਰਿਆ-ਹਾਰਿਆ ਮਹਿਸੂਸ ਕੀਤਾ। ਪਰ ਫਿਰ ਵੀ ਉਹ ਸਭ ਕਾਸੇ ਤੋਂ ਉਪਰ ਆਪਣੇ ਆਉਣ ਵਾਲੇ ਸਾਹਬ ਨੂੰ ਰੀਝਾਉਣ ਲਈ ਕੁਝ ਜ਼ਿਆਦਾ ਹੀ ਚਿੰਤਾਤੁਰ ਸੀ, ਜਿਸ ਲਈ ਉਸ ਦਾ ਇਕ ਹਥਿਆਰ ਫੇਲ੍ਹ ਹੋ ਚੁੱਕਾ ਸੀ।

'ਚਲੋ ਕੋਈ ਨਾਂ! ਸਿੰਮੀ ਨੂੰ ਸਾਹਬ ਦੇ ਮੱਥੇ ਹੀ ਨਾ ਲਗਾਵਾਂਗੇ। ਉਸ ਨੂੰ ਇਸ ਵਾਰੀ ਘਰ ਹੀ ਨਾ ਲਿਆਵਾਂਗੇ। ਕਹਿ ਦਿਆਂਗੇ ਸਿੰਮੀ ਨੂੰ ਅੱਜ ਕੱਲ੍ਹ ਦੌਰਾ ਬਹੁਤ ਤੇਜ਼ ਹੈ ਤੇ ਡਾਕਟਰਾਂ ਨੇ ਉਸਨੂੰ ਕਿਸੇ ਨੂੰ ਮਿਲਣ ਤੋਂ ਮਨ੍ਹਾ ਕਰ ਰੱਖਿਆ ਹੈ।'

'ਏ ਗੁੱਡ ਆਈਡੀਆ!'

ਉਸਨੇ ਚੁੱਟਕੀ ਮਾਰੀ। ਇਕ ਚੰਗਾ ਬਹਾਨਾ ਫੁਰਿਆ। ਬਹਾਨਾ ਘੜਨ ਵਿਚ ਤਾਂ ਉਹ ਪਹਿਲਾਂ ਹੀ ਬਹੁਤ ਮਾਹਿਰ ਸੀ। ਉਸ ਨੇ ਆਪਣੇ ਆਪ ਵਿਚ ਤਸੱਲੀ ਮਹਿਸੂਸ ਕੀਤੀ।

'ਪਰ ਨਹੀਂ! ਕਾਲੀਆ ਸਾਹਬ ਤਾਂ ਔਰਤ ਦਾ ਬੜਾ ਰਸੀਆ ਹੈ। ਔਰਤ ਉਸ ਦੀ ਕਮਜ਼ੋਰੀ ਹੈ। ਇਕ ਦੋ ਪੈੱਗ ਵਿਸਕੀ ਦੇ ਤੇ ਔਰਤ, ਉਸ ਦੇ ਸਾਹਮਣੇ ਹੋਵੇ, ਫਿਰ ਜੋ ਮਰਜ਼ੀ ਕਰਵਾ ਲਓ। ਇਹ ਕੰਮ ਤਾਂ ਕਰਨਾ ਹੀ ਹੋਵੇਗਾ। ਸ਼ੀਲਾ ਚੰਗੀ ਸੀ ਵਿਚਾਰੀ। ਵੇਲੇ

ਕੁਵੇਲੇ ਕੰਮ ਆ ਜਾਂਦੀ ਸੀ। ਪਰ ਸਾਨੂੰ ਦਗਾ ਦੇ ਗਈ।' ਸਵਾਮੀ ਦੇ ਮਨ ਵਿਚ ਬਾਰ-ਬਾਰ ਵਾਵਰੋਲੇ ਉਠਦੇ ਰਹੇ, ਚੱਕਰ ਕੱਟਦੇ ਰਹੇ।

'ਮੈਂ ਕਰਾਂਗੀ ਡੈਡੀ ਉਹ ਕੁਝ! ਜੋ ਮੰਮੀ ਨਹੀਂ ਕਰਦੀ... ਤੁਹਾਡੀ ਬਦਲੀ ਰੁਕਵਾਉਣ ਲਈ।' ਪਿੰਕੀ ਦੇ ਮਾਸੂਮ ਸ਼ਬਦ ਬਾਰ-ਬਾਰ ਉਸ ਦੇ ਦਿਮਾਗ 'ਚ ਖੱਲਰ ਮਚਾਂਦੇ ਰਹੇ।

'ਨਹੀਂ! ਨਹੀਂ! ਇਹ ਨਹੀਂ ਹੋ ਸਕਦਾ... ਇਹ ਕਦੇ ਨਹੀਂ ਹੋ ਸਕਦਾ...।' ਉਸਨੇ ਆਪਣੇ ਅੰਦਰਲੇ ਸ਼ੋਰ ਤੋਂ ਬਚਣ ਲਈ ਕੰਨਾਂ 'ਚ ਉਂਗਲਾਂ ਪਾ ਲਈਆਂ।

'ਦਫ਼ਤਰ ਦੀ ਸਫਾਈ ਸੇਵਕਾ ਜੂ ਹੈ। ਉਹ ਮੰਨੀ ਵੀ ਹੋਈ ਹੈ, ਉਸ ਨੂੰ ਤਾਂ ਪੈਸੇ ਚਾਹੀਦੇ ਨੇ। ਗਰੀਬ ਦਾ ਕੀ ਏ, ਅੱਗੇ ਪੰਜਾਹ ਰੁਪੈ ਵਿਚ ਉਸ ਨਾਲ ਸੌਦਾ ਕੀਤਾ ਹੈ, ਇਕ ਸ਼ਿਕਾਰ ਮਾਰਨ ਦਾ, ਤੇ ਉਹ ਸਾਹਬ ਲਈ ਵੀ ਤਾਂ ਇਨਕਾਰ ਨਹੀਂ ਕਰੇਗੀ। ਪਰ ਸਾਹਬ ਉਸ ਲਈ ਨਹੀਂ ਮੰਨੇਗਾ, ਉਹ ਸਾਹਬ ਲਈ ਠੀਕ ਵੀ ਨਹੀਂ। ਸਾਹਬ ਲਈ ਤਾਂ ਪੀਸ ਚਾਹੀਦੈ ਇਕ ਦਮ ਤਾਜ਼ਾ, ਏ ਵੰਨ, ਤਾਂ ਫਿਰ ਪਿੰਕੀ ਵੀ ਤਾਂ ਠੀਕ ਹੈ। ਨਹੀਂ...... ਨਹੀਂ........, ਹੇ ਭਗਵਾਨ! ਮੈਨੂੰ ਬਚਾ ਲੈ ਮੇਰੇ ਕੋਲੋਂ ਇਹ ਪਾਪ ਨਾ ਕਰਾਈਂ।'

'ਹੋਸ਼ਿਆਰ! ਖ਼ਬਰਦਾਰ! ਆਪਣਾ ਘਰ ਸਾਂਭ ਕੇ ਰੱਖੋ! ਜਾਗਦੇ ਰਹੋ।'

ਚੌਕੀਦਾਰ ਦੀ ਆਵਾਜ਼ ਨੇ ਉਸ ਨੂੰ ਇਸ ਮਾਨਸਿਕ ਜਿੱਲ੍ਹਣ 'ਚੋਂ ਬਾਹਰ ਨਿਕਲਣ ਦਾ ਸਹਾਰਾ ਦਿਤਾ। ਉਹ ਉਠ ਕੇ ਬਾਹਰ ਆ ਕੇ ਚੁਬਾਰੇ ਚੜ੍ਹ ਗਿਆ। ਘੰਟਾ ਘਰ ਵਾਲੇ ਘੜਿਆਲ ਨੇ ਬਾਰਾਂ ਟੁਣਕਾ ਕੇ ਰਾਤ ਦੇ ਬਾਰਾਂ ਵਜੇ ਦਾ ਸੰਕੇਤ ਦਿਤਾ।

ਗਵਾਂਢੀਆਂ ਦੇ ਕਮਰੇ ਦੀ ਬੱਤੀ ਵੀ ਅਜੇ ਜਗ ਰਹੀ ਸੀ।

'ਹੈਂਅ! ਸ਼ਾਮੂ ਵੀ ਅਜੇ ਜਾਗਦਾ ਹੀ ਹੈ ?' ਟਨੀ ਨਾਥ ਦੇ ਖਿਆਲਾਂ ਨੇ ਕਰਵਟ ਬਦਲੀ। ਕੰਧ ਦੇ ਲਾਗੇ ਜਾ ਕੇ ਕੋਡਾ ਹੋ ਕੇ ਰੌਸ਼ਨਦਾਨ ਰਾਹੀਂ ਉਧਰ ਅੰਦਰ ਝਾਕਿਆ। ਸ਼ਾਮੂ ਕੰਧ ਨਾਲ ਢੋਅ ਲਾ ਕੇ ਅੱਧ ਉਨੀਂਦਰੇ ਬੈਠਾ ਰਾਤ ਦੀਆਂ ਘੜੀਆਂ ਗਿਣ-ਗਿਣ ਕੇ ਸੁੱਟ ਰਿਹਾ ਸੀ। ਉਸ ਦੀਆਂ ਅੱਖਾਂ ਬੰਦ ਸਨ, ਪਰ ਉਹ ਸੁੱਤਾ ਨਹੀਂ ਸੀ। ਉਹ ਵੀ ਇਹੀ ਸੋਚਦਾ ਹੋਵੇਗਾ ਕਿ ਨਵੇਂ ਸਾਹਬ ਨੂੰ ਕਿਵੇਂ ਖੁਸ਼ ਕਰਨਾ ਹੈ, ਉਸ ਕੋਲੋਂ ਕਿਵੇਂ ਆਪਣਾ ਕੰਮ ਕੱਢਣਾ ਹੈ, ਕਿਵੇਂ ਵਿਰੋਧੀ ਧੜੇ ਦਾ ਨੁਕਸਾਨ ਕਰਾਉਣਾ ਹੈ ਤੇ ਕਿਵੇਂ ਆਪਣਾ ਸਿੱਕਾ ਜਮਾਉਣਾ ਹੈ।

ਵੇਖਦੇ-ਵੇਖਦੇ ਸ਼ਾਮੂ ਨੇ ਸਿਰ ਹਿਲਾਇਆ। ਅੱਖਾਂ ਮਲ ਕੇ ਸਿੱਧਾ ਹੋ ਕੇ ਲੇਟ ਗਿਆ। ਮਾਨੋਂ ਉਹ ਵੀ ਕਿਸੇ ਉਲਝਣ ਬਾਰੇ ਸੋਚ ਰਿਹਾ ਸੀ ਤੇ ਇਕਦਮ ਉਸ ਨੂੰ ਉਲਝਣ ਦਾ ਹੱਲ ਮਿਲ ਗਿਆ ਹੋਵੇ। ਉਹ ਫਿਰ ਉਠਿਆ ਤੇ ਬੱਤੀ ਬੁਝ ਗਈ।

ਇਹ ਦੋਵੇਂ ਚਚੇਰੇ ਭਰਾ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਹਰ ਆਏ ਗਏ ਅਧਿਕਾਰੀ ’ਤੇ ਡੋਰੇ ਸੁੱਟ ਲੈਂਦੇ ਸਨ। ਜੇ ਇਕ ਫੇਲ੍ਹ ਹੋ ਜਾਏ ਤਾਂ ਦੂਜਾ ਕਾਮਯਾਬ ਹੋ ਜਾਂਦਾ ਸੀ। ਫਿਰ ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ। ਇਸ ਤਰ੍ਹਾਂ ਇਹ ਹੋਰਾਂ ਨੂੰ ਬੁੱਧੂ ਬਣਾਂਦੇ ਤੇ ਆਪਣਾ ਰੇੜ੍ਹਾ ਰੇੜ੍ਹੀ ਜਾਂਦੇ ਸਨ। ਵੈਸੇ ਦੋਹਾਂ ਦਾ ਆਪੋ ਵਿਚ ਜ਼ਿਮੀਂ ਅਸਮਾਨ ਦਾ ਫ਼ਰਕ ਸੀ। ਇਕ ਜਿੰਨਾ ਗੋਰਾ, ਦੂਜਾ ਓਨਾਂ ਕਾਲਾ, ਇਕ ਜਿੰਨਾ ਮਧਰਾ ਦੂਜਾ ਓਨਾਂ ਹੀ ਲੰਮਾਂ, ਇਕ ਜਿੰਨਾ ਪਤਲਾ ਦੂਜਾ ਓਨਾਂ ਹੀ ਮੋਟਾ। ਦੋਹਾਂ ਵਿਚ ਇਕ ਦੂਜੇ ਤੋਂ ਅੱਗੇ ਵਧਣ ਦੀ ਸਿੱਕ ਸੀ। ਪਰ ਫਿਰ ਵੀ ਜਦ ਇਕ ’ਤੇ ਭੀੜ ਬਣੇ, ਦੂਜਾ ਉਸ ਦੇ ਨਾਲ ਆ ਰਲਦਾ ਸੀ।

ਛੱਤ ’ਤੇ ਘੁੰਮਦੇ-ਘੁੰਮਦੇ ਸਵਾਮੀ ਦਾ ਮਨ ਕਿਤੇ ਦਾ ਕਿਤੇ ਉਡਾਰੀ ਮਾਰ ਆਇਆ। ਚੇਤਰ ਮਹੀਨੇ ਦੀ ਗਿੱਲੀ ਠੰਢੀ ਹਵਾ ਉਸ ਦੇ ਹੱਡਾਂ ਨੂੰ ਖਾਂਦੀ ਰਹੀ ਤੇ ਉਹ ਗਿੱਟੀਆਂ ਨੂੰ ਤੱਕਦਾ-ਤੱਕਦਾ ਭੰਬਲਭੂਸੇ ਖਾਂਦਾ, ਸੋਚਾਂ ਦੇ ਆਕਾਸ਼ ਵਿਚ ਮੰਡਲਾਉਂਦਾ ਰਿਹਾ।

‘ਇਹ ਤਾਰੇ ਵੀ ਕਿੰਨੇ ਝੱਲੇ ਨੇ, ਰਾਤ ਭਰ ਵੀ ਚੈਨ ਨਹੀ ਲੈਂਦੇ।’ ਤੇ ਫਿਰ ਆਪਣੀ ਬੇਵਕੂਫੀ ’ਤੇ ਆਪ ਹੀ ਹੱਸਣ ਲੱਗਾ।

‘ਰਾਤ-ਭਰ ਚਮਕਣਾ ਹੀ ਤਾਂ ਇਹਨਾ ਦਾ ਨੇਮ ਹੈ, ਤੇ ਇਹ ਕੰਮ ਇਹ ਨੇਕਨੀਤੀ ਨਾਲ ਕਰਦੇ ਨੇ।’

‘ਹੂੰਅ! ਨੇਕਨੀਤੀ! ਪੰਨਾ ਵੀ ਨੇਕਨੀਤੀ ’ਤੇ ਚਲਦਾ ਹੈ! ਮੈਂ ਵੇਖੂੰ ਉਹ ਤਰਦਾ ਹੈ ਕਿ ਡੁੱਬਦਾ ਹੈ। ਤੇ ਫਿਰ ਸ਼ੀਲਾ! ਹਾਂ! ਸ਼ੀਲਾ ਨੇ ਕੀ ਖੱਟ ਲਿਆ? ਮੇਰੇ ਨਾਲ ਰਲਕੇ ਚਲਦੀ ਸੀ, ਕਿੰਨੀ ਸੁਖੀ ਸੀ, ਸਿਨੇਮੇ ਦੇਖਦੀ ਸੀ, ਹੋਟਲ ਜਾਂਦੀ ਸੀ, ਸੈਰ ਕਰਦੀ ਸੀ, ਸਭ ਮੇਰੇ ਖਰਚੇ ’ਤੇ ਮੌਜ ਕਰਦੀ ਸੀ, ਪੰਨੇ ਕੋਲੋਂ ਹੀ ਡਰ ਗਈ ਐਵੇਂ। ਉਸ ਨੇ ਵੇਖ ਕੇ ਸਭ ਨੂੰ ਦੱਸ ਦਿਤਾ ਤੇ ਅਖੀਰ ਬਦਨਾਮੀ ਤੋਂ ਡਰਦੀ ਵਿਚਾਰੀ ਆਪਣੇ ਆਪ ਤੋਂ ਛੁਟਕਾਰਾ ਪਾ ਗਈ। ਹੂੰਅ, ਬੁਜ਼ਦਿਲ! ਪਰ ਚਲੋ ਇਹ ਵੀ ਤਾਂ ਚੰਗਾ ਹੀ ਹੋਇਆ ਜੇ ਜੀਊਂਦੀ ਰਹਿੰਦੀ ਤਾਂ ਪਤਾ ਨਹੀਂ ਮੇਰੇ ’ਤੇ ਕੀ-ਕੀ ਊਜਾਂ ਲਗਾਉਂਦੀ। ਮੈਨੂੰ ਕੁਝ ਨਾ ਕੁਝ ਛਾਂਦਾ ਤਾਂ ਜ਼ਰੂਰ ਹੀ ਦਿਵਾਉਂਦੀ। ਪੰਨਾ ਜੂ ਸਾਡਾ ਪਿੱਛਾ ਕਰਨ ਲੱਗ ਗਿਆ ਸੀ। ਉਸ ਨੂੰ ਮੱਤਾਂ ਦੇਣ ਲੱਗ ਗਿਆ ਸੀ। ਹਾ ਅ ....... ਹਾ ਆ ਆ।’ ਉਸ ਨੇ ਬਾਹਾਂ ਫੈਲਾ ਕੇ ਅੰਗੜਾਈ ਤੇ ਨਾਲ ਉਬਾਸੀ ਲਈ।

‘ਚੰਗੀ ਸੀ ਵਿਚਾਰੀ! ਜੇ ਅੱਜ ਉਹ ਹੁੰਦੀ ਤਾਂ ਸਾਹਬ ਲਈ ਮੈਨੂੰ ਜ਼ਰਾ ਵੀ ਮੁਸ਼ਕਿਲ ਨਾ ਆਉਂਦੀ। ਹੁਣ ਪਤਾ ਨਹੀ ਰੀਟਾ ਕੀ ਚੰਦ ਚੜ੍ਹਾਏ! ਪੈਸੇ ਵੀ ਹਨ, ਵਿਸਕੀ ਵੀ ਹੈ, ਜਗ੍ਹਾ ਵੀ ਹੈ, ਪਰ ਇਕ ਚੀਜ਼ ਦੀ ਘਾਟ ਹੈ।

‘ਸ਼ੀਲਾ! ਸ਼ੀਲਾ।’ ਉਹ ਫਿਰ ਸ਼ੀਲਾ ਦੇ ਨਾਮ ਨਾਲ ਹੋਰ ਬਿਹਬਲ ਹੋ ਗਿਆ।

ਫਿਰ ਉਸ ਨੇ ਵੇਖਿਆ ਸਾਹਮਣੇ ਸ਼ਮਸ਼ਾਨਘਾਟ ਵਿਚ ਸ਼ੀਲਾ ਦਾ ਬਲਦਾ ਸਿਵਾ! ਪਾਸੇ ਬੈਠੇ ਖੜ੍ਹੇ ਉਸ ਦੇ ਭੈਣ ਭਾਈ ਤੇ ਬਿਰਧ ਮਾਂ ਪਿਓ, ਕੀਰਨੇ ਪਾਉਂਦੇ ਵਿਰਲਾਪ ਕਰਦੇ ਕੰਧਾਂ ਨੂੰ ਟੱਕਰਾਂ ਮਾਰਦੇ।

'ਤੌਬਾ ਰੱਬ ਦੀ! ਇਹ ਕੀ? ਇਹ ਸਿਵਾ! ਅਜੇ ਵੀ ਜਲ ਰਿਹਾ ਹੈ, ਇਤਨੀ ਦੇਰ ਤੱਕ?' ਉਸ ਨੇ ਕੰਨਾਂ ਨੂੰ ਹੱਥ ਲਾਏ।

'ਹਾਂ ਅ..... ਹਾਂ ਅ! ਇਹ ਸਿਵਾ ਹੈ........., ਉਹੀ ਸ਼ੀਲਾ ਵਾਲਾ ਸਿਵਾ।' ਸੁੰਨਸਾਨ ਆਕਾਸ਼ ਵਿਚੋਂ ਇਕ ਆਵਾਜ ਗੂੰਜੀ।

'ਕੌਣ ਏ? ......ਕੌਣ ਏ ਤੂੰ?' ਟਨੀ ਨਾਥ ਦੇ ਲੂੰ ਕੰਡੇ ਖੜ੍ਹੇ ਹੋ ਗਏ, ਪਤਾ ਨਹੀ ਆਪਣੇ ਅੰਦਰਲੇ ਡਰ ਤੋਂ, ਬਾਹਰਲੀ ਆਵਾਜ਼ ਤੋਂ ਜਾਂ ਠੰਢ ਕਰਕੇ।

'ਇਹ ਜਲਦਾ ਰਹੇਗਾ.... ਇਹ ਸਿਵਾ ਨਿਰੰਤਰ ਜਲੇਗਾ। ਇਸ ਵਿਚ ਸ਼ੀਲਾ ਹੀ ਨਹੀਂ! ਸਿੰਮੀ, ਸ਼ਾਮੋ, ਰਾਮੋ ਸਭ ਜਲਣਗੀਆਂ। ਇਸ ਵਿਚ ਤੇਰੀ ਪਿੰਕੀ ਵੀ ਜਲੇਗੀ। ਉਹ ਵੀ ਤਾਂ ਨੌਕਰੀ ਕਰੇਗੀ ਸ਼ੀਲਾ ਵਾਂਗ ਤੇ ਫਿਰ ਤੇਰੇ ਵਰਗੇ ਦਰਿੰਦੇ ਉਸ ਨੂੰ ਵੀ ਨੋਚਣਗੇ ਗਿਰਝਾਂ ਵਾਂਗ ਤੇ ਫਿਰ ਇਹ ਸਿਵਾ ਉਸ ਨੂੰ ਆਪਣੀ ਬੁੱਕਲ ਵਿਚ ਸਮੇਟ ਲਵੇਗਾ ਉਸ ਦੇ ਸਾਰੇ ਪਾਪ ਲੈ ਕੇ।'

'ਹਾ..... ਹਾ........ ਹਾ.....।' ਇਕ ਹਾਸਾ ਗੂੰਜਦਾ ਹੈ।

'ਬਿਗਾਨੀ ਲੜਕੀ ਨੂੰ ਸਤਾਉਣਾ ਪਾਪ ਹੁੰਦਾ ਹੈ,<br>ਲੋਕਾਂ ਦੀਆਂ ਵਿਹੰਦੇ ਜੋ ਪਾੜ-ਪਾੜ ਡੇਲੇ<br>ਆਪਣੀਆਂ ਵੇਖ ਮੀਟ ਲੈਂਦੇ ਨੇ ਅੱਖਾਂ।'

ਭਿਆਨਕ ਆਕਾਸ਼-ਬਾਣੀ ਬਾਰ-ਬਾਰ ਉਸ ਦੀ ਮਾਨਸਿਕਤਾ ਨੂੰ ਚੋਭਾਂ ਮਾਰਦੀ ਰਹੀ।

ਦੇਖਦੇ ਦੇਖਦੇ ਉਹੀ ਅੰਗਾਰ ਉੱਠ ਕੇ ਟਨੀ ਨਾਥ ਦੇ ਘਰ ਵੱਲ ਡਿੱਗਣ ਲਗਦੇ ਨੇ! ਉਹ ਡੌਰ-ਭੌਰਾ ਕੰਨਾਂ 'ਚ ਉਂਗਲਾਂ ਦੇ ਕੇ ਅੱਖਾਂ ਬੰਦ ਕਰ ਕੇ ਚਿਲਾਉਂਦਾ ਹੈ।

'ਪਾਣੀ...... ਪਾਣੀ......।'

'ਬੱਸ ਏਨੀ ਚ ਹੀ ਪਾਣੀ! ਏਨੀ ਭਿੱਜੀ ਰਾਤ ਚ ਪਾਣੀ?'

ਬੱਸ! ...... ਹਾ..........ਹਾ ........ਹਾ।'

'ਭੂਤ...... ਭੂਤ........... ਭੂ ਅ ਅ ਤ.........।'

'ਹਾਂ.......! ਮੈਂ ਉਹੀ ਭੂਤ ਹਾਂ, ਜਿਸ ਨੇ ਤੈਨੂੰ ਪੱਥਰ ਮਾਰੇ ਸੀ, ਹਾਂ, ਹਾਂ! ਟੁੱਟੀਆਂ ਪਿਆਲੀਆਂ ਮਾਰੀਆਂ ਸਨ, ਆਇਆ ਯਾਦ ? ? ਯਾਦ ਹੈ ਨਾ??'

'ਉਹੋ! ਕਿੰਨੀ ਭਿਆਨਕ ਸੋਚ!' ਉਸ ਦਾ ਸਾਰਾ ਸਰੀਰ ਪਸੀਨੇ ਨਾਲ ਗੜੁੱਚ ਹੋ ਗਿਆ।

ਉਹ ਡਿੱਗਦਾ ਢਹਿੰਦਾ ਕੰਧ ਦੇ ਸਹਾਰੇ ਪੌੜੀਆਂ ਉਤਰਨ ਲੱਗਾ।

'ਨਕਲੀ ਦਾਹੜੀ ਵਾਲੇ ਨਿਹੰਗ, ਨਕਲੀ ਮਖੌਟੇ ਵਾਲੇ ਸਿੰਘ!' ਉਸ ਦੀ ਆਤਮਾ ਕੰਬਣ ਲੱਗੀ। ਬੱਚਿਆਂ ਦੇ ਕਹੇ ਬਿਰਤਾਂਤ ਦੇ ਇਕ-ਇਕ ਪਲ ਛਿਣ ਉਸ ਦੀ ਸੋਚ 'ਤੇ ਭਾਰੂ ਹੋਣ ਲੱਗੇ।

'ਬਦਮਾਸ਼ਾਂ ਨੇ ਸਾਨੂੰ ਖਿੱਚ ਕੇ ਕਾਰ 'ਚ ਸੁੱਟ ਲਿਆ, ਪੰਨਾ ਅੰਕਲ ਉਹਨਾਂ ਦੇ ਅੱਗੇ ਆ ਖੜਾ ਹੋਇਆ। ਇਕ ਨੇ ਗੋਲੀ ਵੀ ਚਲਾਈ, ਪਰ ਅੰਕਲ ਉਹਨਾਂ ਨਾਲ ਗੁੱਥਮਗੁੱਥਾ ਹੋ ਗਏ।'

ਉਸ ਨੇ ਫਿਰ ਹੱਥਾਂ ਦੀ ਮੁੱਠੀ ਵੱਟ ਕੇ ਹਵਾ 'ਚ ਉਲਾਰੀ।

'ਗੋਲੀ ਲਗੀ ਕਿਉਂ ਨਹੀਂ ਪੰਨੇ ਨੂੰ..........?

ਪੰਨੇ ਨੂੰ ਗੋਲੀ ਲੱਗਣੀ ਚਾਹੀਦੀ ਸੀ।

ਸਾਰਾ ਟੰਟਾ ਹੀ ਖਤਮ ਹੋ ਜਾਂਦਾ... ਨਾ ਰਹੇ ਬਾਂਸ ਤੇ ਨਾ ਵੱਜੇ ਬੰਸਰੀ! ...।

ਉਹਨੂੰ ਮਰਨਾ ਚਾਹੀਦਾ ਸੀ। ਮੇਰੇ ਬੱਚੇ ਤਾਂ ਬਚ ਗਏ, ਪਰ ਉਹ ਨਹੀਂ ਸੀ ਬਚਣਾ ਚਾਹੀਦਾ।'

ਉਸ ਦੀ ਮਾਰੂ ਤੇ ਉਲਾਰੂ ਸੋਚ ਬਾਰ-ਬਾਰ ਉਸ ਨੂੰ ਤੀਰਾਂ ਵਾਂਗ, ਉਸ ਦੀਆਂ ਸਕੀਮਾਂ ਦੇ ਕਾਲਜੇ ਛਲਣੀ ਕਰਦੀ ਰਹੀ। ਗਲੀ ਮੁੱਹਲੇ ਦੇ ਹਮਦਰਦ ਵੀ ਤਾਂ ਆਏ ਉਸ ਨਾਲ ਹਮਦਰਦੀ ਪ੍ਰਗਟਾਉਣ ਲਈ। ਸਭ ਦੀਆਂ ਖਾਮੋਸ਼ ਜ਼ੁਬਾਨਾਂ ਵਿਚ, ਸਾਰੇ ਸ਼ਹਿਰ ਵਿਚ ਫੈਲੀਆਂ ਮਨਹੂਸ ਖਬਰਾਂ, ਖਬਰਾਂ 'ਚ ਆਉਂਦੇ ਉਹਨਾਂ ਦੇ ਮੱਹਲੇ ਦੇ ਬੱਚੇ, ਤੇ ਖਬਰਾਂ ਦਾ ਹੀਰੋ ਪੰਨਾ ਬਾਰ-ਬਾਰ ਹਰ ਮਿੰਟ ਸਕਿੰਟ ਉਸ ਦੇ ਦਿਲ ਵਿਚ ਸੂਈਆਂ ਵਾਂਗ ਚੁੱਬਦੇ ਰਹੇ, ਦਿਮਾਗ ਵਿਚ ਹਥੌੜਿਆਂ ਵਾਂਗ ਵੱਜਦੇ ਰਹੇ। ਹੁਣ ਉਸ ਦੇ ਸਰੀਰ ਦਾ ਕੋਈ ਵੀ ਹਿੱਸਾ ਅਜਿਹਾ ਨਹੀ ਸੀ ਬਚਿਆ, ਜਿਸਨੂੰ ਉਸ ਦੀਆਂ ਨਿਗੁਣੀਆਂ ਤੇ ਨਿਕਦਰੀਆਂ ਸੋਚਾਂ ਨੇ ਢਾਹ ਨਾ ਮਾਰੀ ਹੋਵੇ। ਪਰ ਇਨ੍ਹਾਂ ਸਭ ਕਾਸੇ ਤੋਂ ਉਪਰੰਤ ਉਸ ਦਾ ਪੱਥਰ ਮਨ ਇਕ ਹੀ ਆਸ਼ੇ ਵਿਚ ਅਟੱਲ ਸੀ। ਉਹ ਸੀ ਪੰਨੇ ਦਾ ਉਜਾੜਾ, ਉਸ ਦੀ ਬਦਲੀ ਜਾਂ ਉਸ ਦੀ ਮੌਤ।

ਉਸ ਨੇ ਹਮਦਰਦਾਂ ਦੀ ਭੀੜ ਨੂੰ ਬਾਰ-ਬਾਰ ਇਹ ਸਵਾਲ ਕੀਤਾ।

'ਪੰਨਾ ਕਿਉਂ ਨਹੀਂ ਮਰਿਆ...? ਉਹ ਉਹਨਾਂ ਕੋਲੋਂ ਜੀਉਂਦਾ ਕਿੱਦਾਂ ਬਚ ਗਿਆ?' ਇਸ ਤਰ੍ਹਾਂ ਅੱਧਵਰਿਤੀ ਅਧਮੋਈ ਆਤਮਾ ਲੈ ਕੇ ਵਾਪਸ ਉਹ ਮੰਜੇ 'ਤੇ ਢਹਿ ਪਿਆ।

ੇ ੇ ੇ

## 2

ਪੰਨੇ ਨੂੰ ਮੁਤਾੜਨ ਤੇ ਥੱਲੇ ਲਗਾਣ ਦੀ ਕਸ਼ਮਕਸ਼ ਵਿਚ ਮਾਨਸਿਕ ਬੇਆਰਾਮੀ ਤੇ ਕੁਝ ਉਨੀਂਦਰੇ ਨਾਲ ਟਨੀ ਨਾਥ ਦਾ ਸਾਰਾ ਸਰੀਰ ਟੁੱਟਣ ਲੱਗਾ। ਪਰ ਨੀਂਦ ਵਰਗੀ ਕੋਈ ਚੀਜ਼ ਉਸ ਦੇ ਨੇੜੇ ਤੇੜੇ ਕਿਤੇ ਨਹੀਂ ਸੀ ਆ ਰਹੀ। ਉਸ ਨੇ ਉਠ ਕੇ ਨੀਂਦ ਦੀਆਂ ਗੋਲੀਆਂ ਵਾਲੀ ਸ਼ੀਸ਼ੀ ਚੁੱਕੀ, ਪਰ ਫਿਰ ਰੁਕ ਗਿਆ। ਕੰਮ ਕਰਨ ਵਾਲੇ ਅਜੇ ਕਈ ਬਾਕੀ ਨੇ ਤੇ ਜੇ ਗੋਲੀਆਂ ਖਾ ਲਈਆਂ ਤਾਂ ਨੌਂ ਦਸ ਵਜੇ ਤੱਕ ਜਾਗ ਨਹੀ ਆਉਣੀ! ਤੇ ਫਿਰ ਸਭ ਸਕੀਮਾਂ ਧਰੀਆਂ ਧਰਾਈਆਂ ਰਹਿ ਜਾਣਗੀਆਂ। ਕੋਈ ਨਾ! ਅੱਜ ਦੀ ਤਾਂ ਇਕ ਰਾਤ ਹੈ... ਉਨੀਂਦਰੇ ਦੀ ਹੀ ਸਹੀ। ਅੱਜ ਦੀ ਰਾਤ ਸਾਹਬ ਦੇ ਨਾਮ! ਉਹ ਫਿਰ ਦਿਲ ਕਰੜਾ ਕਰਕੇ ਲੇਟ ਗਿਆ।

'ਜੇ ਏਨਾ ਮਸਾਲਾ ਹੁੰਦੇ ਹੋਏ ਵੀ ਕਾਲੀਆ ਸਾਹਬ ਨੇ ਫੈਸਲਾ ਮੇਰੇ ਖ਼ਿਲਾਫ ਦੇ ਦਿਤਾ ਤਾਂ ਫਿਰ .......? ਫਿਰ ਕੀ ਹੋਵੇਗਾ?' ਉਹ ਤ੍ਰਭਕਿਆ। ਉੱਠ ਕੇ ਅਲਮਾਰੀ ਵਿਚੋਂ ਪੁਰਾਣੀ ਫਾਈਲ ਕੱਢ ਲਿਆਇਆ।

'ਮੇਰੇ ਵਿਰੁਧ ਫੈਸਲਾ ਉਹ ਕਿਵੇਂ ਦੇ ਸਕਦਾ ਹੈ? ਮੈਂ ਤਾਂ ਟੰਗ ਦੇਊਂ ਉਹਨੂੰ। ਮੇਰੇ ਘਰ ਠਹਿਰਦਾ ਰਿਹਾ....। ਮੇਰੇ ਪਰਾਉਂਠੇ ਖਾਂਦਾ ਰਿਹਾ। ਮੇਰਾ ਖਰਚ ਕਰਾਉਂਦਾ ਰਿਹਾ। ਮੇਰੇ ਸਾਹਮਣੇ ਉਸ ਨੇ  ਕੀ ਕੀ ਕਮੀਨਾ ਕੰਮ ਨਹੀ ਕੀਤਾ? ਕਿੰਨੇ ਘਾਲੇ-ਮਾਲੇ ਕੀਤੇ ਉਸਨੇ, ਸਾਰੇ ਮੇਰੇ ਸਿਰ 'ਤੇ! ਮੈਂ ਸਭ ਦਾ ਭਾਂਡਾ ਭੰਨ ਸੁੱਟੂੰ। ਪੰਜਾਹ ਰੁਪੈ ਹੋਟਲ ਨੂੰ ਦੇ ਕੇ ਪੰਜ ਸੌ ਦਾ ਝੂਠਾ ਬਿੱਲ ਹੋਟਲ ਤੋਂ ਲੈਂਦਾ ਰਿਹਾ ਤੇ ਠਹਿਰਦਾ ਰਿਹਾ ਮੇਰੇ ਘਰ, ਤੇ ਫਰਜ਼ੀ ਟੀ ਏ ਬਿੱਲ ਲੈਂਦਾ ਰਿਹਾ ਸਰਕਾਰ ਤੋਂ। ਪੰਜ ਲੱਖ ਦੇ ਜਾਅਲੀ ਬਿੱਲ ਪੰਜ ਹਜ਼ਾਰ ਰਿਸ਼ਵਤ ਕਮਿਸ਼ਨ ਲੈ ਕੇ ਪਾਸ ਕਰਦਾ ਰਿਹਾ! ਹਰ ਸਰਕਾਰੀ ਭੁਗਤਾਨ ਦਾ ਵੀਹ ਫੀ ਸਦੀ ਹਿੱਸਾ ਖਾਂਦਾ ਰਿਹਾ। ਉਸ ਤੋਤੇ ਦੀ ਜਾਨ ਤੇ ਮੇਰੀ ਮੁੱਠੀ 'ਚ ਹੈ। ਉਸ ਦੀਆਂ ਪੁਰਾਣੀਆਂ ਗੱਲਾਂ ਦੀ ਟੇਪ ਭਰੀ ਮੈਂ ਅਜੇ ਤੱਕ ਸਾਂਭ ਰੱਖੀ ਹੈ। ਉਸ ਦਾ ਫੈਸਲਾ ਮੇਰੇ ਖ਼ਿਲਾਫ਼ ਹੋ ਹੀ ਨਹੀਂ ਸਕਦਾ। ਉਸਨੂੰ ਉਹੀ ਲਿਖਣਾ ਪਊ ਜੋ ਮੈਂ ਕਹੂੰ! ਨਹੀਂ ਤੇ ਉਹ ਵੀ ਨਹੀਂ ਤੇ ਮੈਂ ਵੀ ਨਹੀ।'

ਰਾਤ ਭਰ ਦੇ ਸਿਰਜੇ ਸੁਪਨਿਆਂ ਵਿਚੋਂ ਉਸ ਦਾ ਇਹ ਅੰਜਾਮ ਨਿਕਲਿਆ ਕਿ ਉਹ ਹਰ ਸਿੱਧੀ ਜਾਂ ਅਸਿੱਧੀ ਕੋਸ਼ਿਸ਼ ਕਰੇਗਾ ਆਪਣੇ ਹੱਕ ਵਿਚ ਤੇ ਪੰਨੇ ਦੇ ਖਿਲਾਫ਼! ਪਰ ਫਿਰ ਵੀ ਜੇ ਕਾਲੀਆ ਨਾ ਮੰਨਿਆ ਤਾਂ ਉਪਰਲੇ ਅਫ਼ਸਰ ਵੀ ਤਾਂ ਆਪਣੇ ਹੀ ਹੈਨ, ਉਹ ਉਪਰ ਜਾਏਗਾ, ਚੜ੍ਹਾਵਾ ਚੜ੍ਹਾਏਗਾ... ਤੇ ਕਾਲੀਆ ਸਾਹਬ ਦੀ ਪੇਸ਼ੀ ਕਰਾਏਗਾ। ਪੈਸੇ ਨਾਲ ਕਿਹੜਾ ਕੰਮ ਨਹੀਂ ਹੋ ਸਕਦਾ?

ਲਾਗੋਂ ਬਾਜ਼ਾਰ ਵਿਚੋਂ ਸਾਈਕਲਾਂ ਦੀਆਂ ਘੰਟੀਆਂ ਨੇ ਟਨੀ ਨਾਥ ਨੂੰ ਮੁੜ ਮੰਜੇ ਤੇ ਲੈ ਆਂਦਾ। ਦਿਨ ਦਾ ਚੜ੍ਹਾਅ ਹੋ ਗਿਆ ਸੀ। ਬਾਹਰੋਂ ਦੋਧੀ ਦੁੱਧ ਲੈ ਕੇ ਆ ਪਹੁੰਚੇ ਸਨ।

ਟਨੀ ਨਾਥ ਨੇ ਆਪਣੀ ਭ੍ਰਿਸ਼ਟ ਹੋ ਚੁੱਕੀ ਆਤਮਾ ਨੂੰ ਸਾਬਣ ਲਾ ਕੇ ਧੋਣ ਦੀ ਕੋਸ਼ਿਸ਼ ਕੀਤੀ। ਸਾਬਣ ਲਾ ਕੇ ਘੁੱਟ-ਘੁੱਟ ਕੇ ਮਲਿਆ। ਹਰੇ ਰਾਮ! ਹਰੇ ਰਾਮ! ਹੇ ਭਗਵਾਨ।' ਨਾਮ ਜਪਦਾ ਮੂੰਹ 'ਚ ਗੁਣਗੁਣਾਉਂਦਾ ਕੱਪੜੇ ਪਾ ਕੇ ਬਾਥਰੂਮ 'ਚੋਂ ਬਾਹਰ ਨਿਕਲਿਆ। ਸ਼ੇਰ ਦੀ ਮੂਰਤੀ ਵਾਲੀ ਚਿਟਾਈ ਥੱਲੇ ਵਿਛਾਈ, ਜੋਤ ਜਗਾਈ, ਧੂਫ ਧੁਖਾਈ। ਸਾਰੀਆਂ ਮੂਰਤੀਆਂ ਨੂੰ ਪਵਿੱਤਰ ਕੀਤਾ ਤੇ ਆਸਣ ਲਗਾ ਕੇ ਪਾਠ ਵਾਲੀ ਸਮਾਧੀ ਲਗਾ ਬੈਠਾ। ਪੰਨਾ ਸਿੰਘ, ਸ਼ੀਲਾ, ਪਿੰਕੀ, ਸ਼ਾਮੂ, ਦੂਲੋ, ਰਾਮੋ, ਕੈਮਰਾ, ਰੀਲਾਂ, ਕਾਲੀਆ ਸਾਹਬ ਤੇ ਰੀਟਾ, ਸਾਰੇ ਹਰ ਪਲ, ਹਰ ਘੜੀ ਉਸ ਦੇ ਪਾਠ ਵਿਚੋਂ ਗੁਜ਼ਰਦੇ ਰਹੇ। ਰੀਟਾ ਦਾ ਸੀਨ ਆਉਂਦੇ ਹੀ ਉਹ ਤ੍ਰਭਕਿਆ ਤੇ ਉਸ ਦਾ ਹੱਥ, ਲਾਗੇ ਜਗ ਰਹੀ ਜੋਤ 'ਤੇ ਵੱਜ ਕੇ ਬਠਿੰਡਾ ਮਾਰਕਾ ਚਰਬੀ ਰਲਿਆ ਦੇਸੀ ਘਿਉ ਦਾ ਚਿਰਾਗ਼ ਬੁਝ ਗਿਆ। ਚਿਰਾਗ਼ ਨੂੰ ਬਚਾਉਣ ਦੀ ਘਬਰਾਹਟ ਨਾਲ ਉਸ ਦਾ ਦੂਜਾ ਹੱਥ ਪਾਸੇ ਪਈ ਮੂਰਤੀ 'ਤੇ ਵੱਜ ਕੇ ਮੂਰਤੀ ਡਿੱਗ ਕੇ ਟੁੱਟਦੀ ਟੁੱਟਦੀ ਮਸਾਂ ਬਚੀ, ਪਰ ਮੂਰਤੀ ਦੇ ਪਿਛੇ ਪਈ ਵਿਸਕੀ ਦੀ ਬੋਤਲ ਜੋ ਉਸ ਨੇ ਕੱਲ੍ਹ ਹੀ ਨਵੇਂ ਸਾਹਬ ਲਈ ਲਿਆਂਦੀ ਸੀ ਤੇ ਬੱਚਿਆਂ ਤੋਂ ਲੁਕਾ ਕੇ ਮੂਰਤੀ ਪਿਛੇ ਰੱਖੀ ਸੀ, ਡਿੱਗ ਕੇ ਕੜੱਕ ਕਰਦੀ ਟੁੱਟ ਗਈ।

'ਹਰੇ ਰਾਮ! ਹੇ ਮਾਂ ਸ਼ੇਰਾਂ ਵਾਲੀ! ਬਖਸ਼ ਲਈਂ।' ਉਹ ਪੁਕਾਰ ਉਠਿਆ।

ਉਸਨੇ ਸਾਹਮਣੇ ਵੇਖਿਆ। ਸ਼ੇਰਾਂ ਵਾਲੀ ਮਾਤਾ ਦੇ ਸਾਰੇ ਹੱਥ ਤੇ ਭੁਜਾਵਾਂ ਹਿੱਲੀਆਂ ਹਨ। ਉਸ ਦੀਆਂ ਅੱਖਾਂ 'ਚੋਂ ਅੰਗਾਰੇ ਫੁੱਟ ਤੁਰੇ ਹਨ। ਮਾਤਾ ਦਾ ਤ੍ਰਿਸ਼ੂਲ ਟਨੀ ਨਾਥ ਦੀ ਹਿੱਕ ਵਿਚ ਖੁੱਭਣ ਲਈ ਤਤਪਰ ਹੋ ਉਠਿਆ ਹੈ। ਇਕ ਖ਼ੂੰਖਾਰ ਗਰਜ ਆਉਂਦੀ ਹੈ। ਮਾਤਾ ਦਾ ਸ਼ੇਰ ਸਵਾਮੀ ਨੂੰ ਹੜੱਪ ਕਰਨ ਲਈ ਮੂੰਹ ਅੱਡੀ ਵੱਡੇ-ਵੱਡੇ ਦੰਦ ਕੱਢੀ ਖੜਾ ਹੈ। ਉਹ ਥੱਲੇ ਡਿੱਗ ਕੇ ਨਿਉਂ ਕੇ ਮੱਥਾ ਰਗੜਨ ਲੱਗਾ। ਵਿਸਕੀ ਦੀ ਗੰਧ ਘਰ ਦੇ ਸਾਰੇ ਵਾਤਾਵਰਣ ਵਿਚ ਫੈਲ ਗਈ। ਸਿੰਮੀ ਦੌੜਦੀ ਆ ਪਹੁੰਚੀ। ਇਹ ਸਭ ਕਾਰਾ ਵੇਖ ਕੇ ਬੋਲੀ-ਬਦਲੀ ਵਾਂਗ ਗੜ੍ਹਕੀ।

'ਹੇ ਰਾਮ! ਮੈਂ ਮਰ ਗਈ! ਹੇ ਮਾਂ ਮੈਂ ਲੁੱਟੀ ਗਈ। ਦੀਨਾ ਨਾਥ ... ਮਿਹਰ ਕਰੀਂ! ਇਹ ਭਗਤ ਕਿਹੜੇ ਪਾਸੇ ਤੁਰ ਪਿਆ। ਜਿਹੜੀ ਸ਼ਰਾਬ ਸਾਡੇ ਪਿਉ ਦਾਦੇ ਨੇ ਕਦੇ ਹੱਥ ਲਾ ਕੇ ਨਹੀਂ ਸੀ ਛੂਹੀ, ਇਹ ਔਂਤਰਾ ਮੂਰਤੀਆਂ ਨੂੰ ਪਿਲਾ ਰਿਹੈ।' ਤੇ ਉਹ ਬੁੜ-ਬੁੜ ਕਰਦੀ ਖਪਦੀ ਤੱਪਦੀ ਵਾਪਸ ਰਸੋਈ ਵਿੱਚ ਚਲੀ ਗਈ।

ਟਨੀ ਨਾਥ ਨੇ ਉੱਠ ਕੇ ਲੀਰ ਫੜੀ, ਪਾਣੀ ਦੀ ਬਾਲਟੀ ਲਿਆਂਦੀ ਤੇ ਸਾਰਾ ਕਮਰਾ ਧੋਤਾ, ਸਾਫ ਕੀਤਾ, ਪੋਚਾ ਲਗਾਇਆ ਤੇ ਫਿਰ ਦੋਬਾਰਾ ਧੂਫ ਬੱਤੀ ਕੀਤੀ। ਕਿਆਰੀ ਵਿਚੋਂ

ਗੁਲਾਬ ਦੇ ਫੁਲਾਂ ਦੀਆਂ ਧੌਣਾਂ ਮਰੁੰਡੀਆਂ ਤੇ ਫਿਰ ਪਾਠ ਦੀ ਜਗ੍ਹਾ ’ਤੇ ਖੜ੍ਹਾ ਹੋ ਗਿਆ। ਅੱਖਾਂ ਮੀਟ ਕੇ ਪਸਚਾਤਾਪ ਕਰਨ ਲੱਗਾ। ਅੱਖਾਂ ਖੁੱਲ੍ਹੀਆਂ, ਹਨੂਮਾਨ ਉਸ ਵੱਲ ਖੂੰਖਾਰ ਅੱਖਾਂ ਨਾਲ ਵੇਖ ਕੇ ਫਿਟਕਾਰ ਪਾ ਰਿਹਾ ਸੀ।

‘ਪਾਠ ਪੂਜਾ ਸਭ ਸ਼ੁਭ ਕਰਮਾਂ ਲਈ ਹੁੰਦੇ ਨੇ ... ਬੁਰੇ ਕੰਮਾਂ ਲਈ ਨਹੀਂ। ਇਹ ਭਲਾਈ ਲਈ ਹੁੰਦੇ ਨੇ, ਬੁਰਾਈ ਲਈ ਨਹੀਂ। ਜਾਹ! ਨਿਕਲ ਜਾ ਦੁਸ਼ਟਾ! ਇਹ ਪਾਪਾਂ ਲੱਦੇ ਫੁੱਲ ਮੈਨੂੰ ਨਹੀਂ ਚਾਹੀਦੇ।’ ਤੇ ਉਹ ਦੌੜ ਕੇ ਬਾਹਰ ਨਿਕਲ ਗਿਆ।

‘ਫਰੀਦਾ ਜਿੰਨੀ ਕੰਮੀਂ ਨਾਹਿ ਗੁਣ ਤੇ ਕੰਮੜੇ ਵਿਸਾਰਿ...’

ਮੱਤ ਸ਼ਰਮਿੰਦਾ ਥੀਵਹਿ ਸਾਈਂ ਦੇ ਦਰਬਾਰਿ।

‘ਫਰੀਦਾ ਬੁਰੇ ਦਾ ਭਲਾ ਕਰ ਗੁੱਸਾ ਮਨ ਨਾਂ ਹੰਡਾਇ...।’

‘ਫਰੀਦਾ ਬੁਰੇ ਦਾ ਭਲਾ ਕਰ ...।’ ਬਾਹਰੋਂ ਸਪੀਕਰ ’ਚੋਂ ਆਵਾਜ਼ਾਂ ਆਉਣ ਲੱਗੀਆਂ। ਉਸ ਨੇ ਉਧਰ ਕੰਨ ਲਾਏ, ‘ਫਰੀਦਾ ਬੁਰੇ ਦਾ ਭਲਾ ਕਰ... ਬੁਰੇ ਦਾ ਭਲਾ ਕਰ ... ਫਰੀਦਾ ਭਲੇ ਦਾ ਬੁਰਾ ਕਰ ... ਭਲੇ ਦਾ ਬੁਰਾ ਕਰ ... ਭਲੇ ਦਾ ਬੁਰਾ ਕਰ... ਭਲੇ ਦਾ ਬੁਰਾ ਕਰ...।’ ਉਹ ਗੁਣਗੁਣਾਉਣ ਲੱਗਾ।

‘ਨਹੀਂ! ਨਹੀਂ! ਡੈਡੀ! ਭਲੇ ਦਾ ਬੁਰਾ ਨਹੀਂ! ... ਬੁਰੇ ਦਾ ਭਲਾ ਕਰ...।’ ਉਸ ਦੇ ਸਾਹਮਣੇ ਖੜੀ ਪਿੰਕੀ ਉਸ ਨੂੰ ਸੋਧ ਕੇ ਮੁਸਕਰਾ ਰਹੀ ਸੀ।

‘ਡੈਡੀ ਸਾਡੀ ਕਿਤਾਬ ਵਿਚ ਲਿਖਿਆ ਹੈ...ਫਰੀਦਾ ਬੁਰੇ ਦਾ ਭਲਾ ਕਰ।’

‘ਹਾਂ ਬੇਟੇ ਜਾਹ ਤੂੰ! ਮੈਨੂੰ ਸਭ ਪਤਾ ਹੈ...।’ ਉਸ ਨੇ ਪਿੰਕੀ ਨੂੰ ਦਬਕਾ ਜਿਹਾ ਲਗਾਇਆ।

‘ਬੁਰੇ ਦਾ ਭਲਾ ਕਰ।...ਭਲੇ ਦਾ ਬੁਰਾ ਕਰ...ਭਲੇ ਦਾ ਬੁਰਾ ਕਰ...ਭਲੇ ਦਾ ਬੁਰਾ ਕਰ...।’ ਉਹ ਬਾਰ ਬਾਰ ਦੁਹਰਾ ਰਿਹਾ ਸੀ।

‘ਡੈਡੀ ਤੁਸੀਂ ਫਿਰ ਉਲਟਾ ਬੋਲਣ ਲੱਗੇ...।’ ਹੁਣ ਉਸ ਦੇ ਦੋਵੇਂ ਬੱਚੇ ਉਸ ਦੀ ਸਵਾਂਗ ਲਗਾ ਕੇ ਹੱਸਣ ਲੱਗੇ।

ਇਧਰੋਂ ਵਿਹਲਾ ਹੋ ਕੇ ਉਹ ਸ਼ੇਵ ਕਰਨ ਲੱਗਾ। ਡਰੈਸਿੰਗ ਟੇਬਲ ਦੇ ਸ਼ੀਸ਼ੇ ਵਿਚਲਾ ਟਨੀ ਨਾਥ ਹੁਣ ਉਹ ਆਪ ਨਹੀਂ ਸੀ। ਬਿੱਲਕੁਲ ਬਦਲਿਆ ਬਦਲਿਆ, ਬੁਝਿਆ ਬੁਝਿਆ, ਨਿਆਸਰਾ ਜਿਹਾ, ਨਫ਼ਰਤ ਭਰਿਆ ਚਿਹਰਾ ਸ਼ੀਸ਼ੇ ’ਚੋਂ ਬਾਹਰ ਝਾਕਿਆ। ਉਸ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਆਪਣੀ ਮੁਸਕਾਣ ਵਿਚ ਉਸ ਨੂੰ ਝੂਠੀ ਬੇਵਿਸ਼ਵਾਸੀ ਦੀ ਮੌਜੂਦਗੀ ਦੀ ਸਾਫ ਝਲਕ ਪਈ। ਉਸ ਦੇ ਅੰਦਰ ਦੀ ਪੁੱਠੀ ਤਸਵੀਰ ਉਸ ਦੇ ਮੂੰਹ ’ਤੇ ਛਾਏ ਉਪਰੇਪਣ ਦਾ ਵਿਖਾਵਾ ਕਰ ਰਹੀ ਸੀ।

'ਅੱਜ ਸੁੱਖ ਰਹੇ! ਆਸਾਰ ਚੰਗੇ ਨਹੀਂ!' ਉਹ ਸ਼ੀਸ਼ੇ ਦੇ ਹਰਫ ਪੜ੍ਹਨ ਲੱਗਾ। ਉਸ ਦੇ ਸਾਰੇ ਪਾਤਰ ਸ਼ੀਲਾ ਤੋਂ ਲੈ ਕੇ ਸਾਹਬ ਤੱਕ ਬਾਰ-ਬਾਰ ਸ਼ੀਸ਼ੇ ਵਿਚ ਆਤਮ ਕਥਾ ਬੋਲਣ ਲੱਗੇ। ਰੀਟਾ ਦੀ ਧੁੰਦਲੀ ਜਿਹੀ ਤਸਵੀਰ ਸ਼ੀਸ਼ੇ ਵਿਚ ਆ ਕੇ ਅਟਕ ਗਈ। ਰੀਟਾ! ਜਿਹੜੀ ਡੁੱਲ੍ਹ ਡੁੱਲ੍ਹ ਪੈਂਦਾ ਹੁਸਨ ਲੈ ਕੇ, ਹਸਮੁੱਖ ਜਿਹੀ...ਪਿਆਰੀ ਜਿਹੀ..ਚੰਚਲ ਸੁਭਾ ਵਾਲੀ...ਗੰਭੀਰ ਕੁੜੀ ਕੁੱਝ ਚਿਰ ਪਹਿਲਾਂ ਹੀ ਉਹਨਾਂ ਦੇ ਦਫਤਰ ਵਿਚ ਸ਼ੀਲਾ ਦੀ ਜਗ੍ਹਾ ਨੌਕਰੀ 'ਤੇ ਆਈ ਸੀ, ਛੇਤੀ ਹੀ ਇਹ ਚੰਚਲੋ ਰਾਣੀ ਸਾਰੇ ਦਫ਼ਤਰ ਦੀ ਰੌਣਕ ਤੇ ਸ਼ਿੰਗਾਰ ਬਣ ਗਈ। ਕਲਰਕਾਂ ਤੋ ਲੈਂ ਕੇ ਇਨਸਪੈਕਟਰਾਂ ਤੱਕ ਸਭ ਨੇ ਉਸ ਵੱਲ ਡੋਰੀ ਸੁੱਟੀ, ਕਿਸਮਤ ਅਜ਼ਮਾਈ ਕੀਤੀ, ਪਰ ਉਸ ਨੇ, ਕੀ ਮਜ਼ਾਲ, ਜੇ ਨੱਕ 'ਤੇ ਮੱਖੀ ਵੀ ਬਹਿਣ ਦਿਤੀ ਹੋਵੇ।

'ਕਿਉਂ ਨਾ ਬਲਖ ਬੁਖਾਰੇ ਦਿਖਾ ਕੇ ਇਸ ਨਵੇਂ ਸ਼ਿਕਾਰ 'ਤੇ ਜਾਲ ਸੁੱਟਿਆ ਜਾਏ...?' ਸੋਹਣੀ ਸੋਚ ਹੈ...। ਟਨੀ ਨਾਥ ਦਾ ਵਹਿਸ਼ੀਪੁਣਾ ਇਕੇਰਾਂ ਫਿਰ ਉਸ ਦੀ ਮਨ ਅਵਸਥਾ 'ਤੇ ਛਾ ਗਿਆ।

'ਪਰ ਉਸ ਦੇ ਘਰ ਕਿੱਦਾਂ ਜਾਇਆ ਜਾਏ? ਕੀ ਕਿਹਾ ਜਾਏ? ਟਾਈਮ ਵੀ ਬੜਾ ਥੋੜ੍ਹਾ ਹੈ।' ਉਸ ਨੇ ਘੜੀ ਵੱਲ ਨਜ਼ਰ ਘੁਮਾਈ।

'ਛੇ ਵੱਜ ਚੁੱਕੇ ਨੇ...ਤੇ ਅਜੇ ਦੂਜੇ ਸਾਥੀਆਂ ਵੱਲ ਵੀ ਜਾਣਾ ਹੈ। ਸਭ ਨੂੰ ਦਿੱਤੇ ਹੋਏ ਰੋਲ ਬਾਰੇ ਚਿਤਾਵਨੀ ਵੀ ਦੇਣੀ ਹੈ, ਯਾਦ ਕਰਾਉਣਾ ਹੈ। ਇਹੀ ਤਾਂ ਇਕ ਦਿਨ ਹੈ ਅੱਜ ਦਾ। ਜੇ ਉਸ ਦੇ ਸਿਰ ਕਲਗੀ ਲੱਗ ਜਾਏ ਤਾਂ ਬੱਸ ਸਾਰੀ ਉਮਰ ਸਾਡਾ ਹੁਕਮ ਤੇ ਸਾਹਬ ਦੇ ਦਸਖਤ!!...ਤੇ ਜੇ ਪਾਸਾ ਪੁੱਠਾ ਪੈ ਗਿਆ ਤਾਂ ਫਿਰ ਸਮਝੋ ਯਾਰਾਂ ਦਾ ਡੇਰਾ ਡੰਡਾ ਕੂਚ। ਹੋਰ ਤਾਂ ਸਭ ਠੀਕ ਹੀ ਹੈ। ਇਕੋ ਹੀ ਹੈ ਬਿਮਾਰੀ, ਮੇਰੀ ਹਿੱਕ ਦਾ ਸੇਕ! ਪੰਨਾ!...ਉਹਨੂੰ ਵੀ ਤਾਂ ਮੈਂ ਚਿੱਤ ਕਰ ਹੀ ਦਿਆਂਗਾ। ਸਾਹਬ ਦੇ ਆਉਂਦੇ ਹੀ ਸ਼ਿਕਾਇਤਾਂ ਦੀ ਬੁਛਾਰ ਹੋ ਜਾਏ। ਉਸ ਦੀ ਕੀਤੀ ਹੋਈ ਨਿਰੀਖਣ ਦੀਆਂ ਫਾਈਲਾਂ ਵਿਚੋਂ ਕੁਤਾਹੀਆਂ ਵਾਲੀਆਂ ਇਕ ਦੋ ਫਾਈਲਾਂ ਤਾਂ ਆਪਣੀ ਨਜ਼ਰ ਵਿਚ ਹੈ ਹੀ ਹਨ, ਸਾਹਬ ਦੇ ਅੱਗੇ ਰੱਖ ਦਿਤੀਆਂ ਜਾਣ। ਬੱਸ! ਫਿਰ ਪਹਿਲਾ ਪ੍ਰਭਾਵ ਹੀ ਅਖੀਰਲਾ ਹੋ ਨਿੱਬੜਦਾ ਹੈ। ਨਾਲੇ ਫਿਰ ਗਾਂਧੀ ਵਾਲੇ ਦੋ ਚਾਰ ਨੋਟ। ਬਾਈ ਗਾਡ! ਸਾਹਬ ਤਾਂ ਇਹ ਨੋਟ ਵੇਖ ਕੇ ਗਸ਼ ਖਾ ਕੇ ਡਿੱਗ ਪਏ, ਤੇ ਫਿਰ.... ਇਥੇ ਹੋਰ ਤਾਂ ਸਭ ਅੱਛਾ ਹੈ ਜੀ!...ਪਰ ਪੰਨਾ ਸਿੰਘ ਦੇ ਇਥੇ ਰਹਿਣ ਨਾਲ ਮਹਿਕਮੇ ਦੀ ਬਦਨਾਮੀ ਹੋ ਰਹੀ ਹੈ। ਇਹਨੂੰ ਇਥੋਂ ਬਦਲ ਦਿੱਤਾ ਜਾਏ, ਤਾਂ ਮਹਿਕਮੇ ਲਈ ਬਹੁਤ ਬਿਹਤਰ ਹੋਵੇਗਾ। ਦੋ ਚਾਰ ਹੋਰ ਚਮਚੇ ਵੀ ਤਾਂ ਇਸ ਦੀ ਹਾਮੀ ਭਰਨਗੇ ਹੀ। ਰਾਤ ਨੂੰ ਸਾਹਬ ਦਾ ਵਿਸਕੀ ਭੋਜ ਆਪਣੇ ਹੀ ਘਰ। ਉਥੇ ਹੀ ਟਾਈਪਿਸਟ ਰੀਟਾ। ਵਾਹ! ਕਿਆ ਮਜ਼ਾ ਆਏਗਾ। ਵਿਸਕੀ ਦਾ ਪੈੱਗ ਸਾਹਿਬ ਦੇ ਅੰਦਰ ਜਾਏਗਾ, ਕੁਝ ਗਾਂਧੀ ਵਾਲੇ

ਨੋਟਾਂ ਦਾ ਸੇਕ ਤੇ ਕੁਝ ਰੀਟਾ ਦੇ ਹੁਸਨ ਦੀ ਹਵਾੜ! ਸਾਹਬ ਲੱਟੂ ਹੋ ਜਾਏਗਾ। ਮੈਂ ਆਪ ਹੀ ਤਾਂ ਮੀਮੋ ਡਰਾਫਟ ਕਰਾਂਗਾ। ਰੀਟਾ ਟਿੱਕ ਟਿੱਕ ਕਰਕੇ ਕਾਗਜ਼ ਦਾ ਪੰਨਾ ਉਕਰ ਦੇਵੇਗੀ।

'ਪੰਨਾ ਸਿੰਘ ਦੀ ਬਦਲੀ! ਕਾਲੇ ਪਾਣੀ।' ਸਾਹਬ ਦੀ ਲੜਖੜਾਂਦੀ ਕਲਮ ਪੰਨਾ ਸਿੰਘ ਦੇ ਬਦਲੀ ਦੇ ਹੁਕਮ 'ਤੇ ਦਸਖ਼ਤ ਕਰ ਦੇਵੇਗੀ। ਕਮਾਲ ਹੋ ਜਾਏ ਫਿਰ।' ਟਨੀ ਨਾਥ ਦੀ ਮਾਨਸਿਕਤਾ ਪੈਰੋ-ਪੈਰ ਰੰਗ ਬਦਲਦੀ ਰਹੀ।

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ...।'

ਸਪੀਕਰ ਦੀ ਆਵਾਜ਼ ਨੇ ਇਕੇਰਾਂ ਫਿਰ ਉਸ ਦੇ ਮਨ ਦੇ ਵਹਿਣਾਂ ਵਿਚ ਡਾਂਗ ਕੱਢ ਮਾਰੀ। 'ਭਲੇ ਦਾ ਬੁਰਾ ਕਰ...ਬੁਰੇ ਦਾ ਭਲਾ ਕਰ...।' ਉਸ ਨੂੰ ਫਿਰ ਯਾਦ ਆ ਗਿਆ। ਉਹਨੇ ਫਿਰ ਉਹੀ ਮੁਹਾਰਨੀ ਦੁਹਰਾਈ...। 'ਸਰਬੱਤ ਕਾ ਭਲਾ...ਸਰਬੱਤ ਕਾ ਭਲਾ...। ਇਹ ਕੀ ਗੱਲ ਹੋਈ ਭਲਾ?....ਇਹ ਕੀ ਪ੍ਰਵਚਨ ਹੈ...? ਮੈਂ ਪਹਿਲਾਂ ਆਪਣਾ ਭਲਾ ਸੋਚਾਂਗਾ, ਫਿਰ ਆਪਣੇ ਬੱਚਿਆਂ ਦਾ...ਫਿਰ ਸ਼ਾਮੂ ਦਾ ....ਤੇ ਫਿਰ ਹੋਰ...।

ਇਹ ਕੌਣ ਹੈ? ਸਰਬੱਤ ਦਾ ਭਲਾ ਮੰਗਣ ਵਾਲਾ?' ਮਨ ਵਿਚ ਸੁਆਲ ਕਰਦਾ ਉਹ ਹੱਸਣ ਲੱਗਾ।

'ਉਹੀ ਬੁਰੇ ਦਾ ਭਲਾ ਮੰਗਣ ਵਾਲਾ...?' ਆਪੇ ਜੁਆਬ ਦਿੰਦਾ ਹੈ।

'ਹੂੰ ਅ ਅ....ਪਤਾ ਨਹੀਂ ਕਿਹੜੇ ਜ਼ਮਾਨੇ ਦੀ ਗੱਲ ਹੈ ਇਹ?

ਰੱਬ ਨੇੜੇ ਕਿ ਘਸੁੰਨ?'

ਸ਼ੀਸ਼ੇ ਅੱਗੇ ਖੜੇ ਖੜੇ ਉਹ ਕਈ ਗੈਰ ਕੁਦਰਤੀ ਤੇ ਆਸਾਰਨ ਬੋਲ-ਕਬੋਲ ਬੋਲਦਾ ਰਿਹਾ ਤੇ ਆਪਣੇ ਅੰਦਰ ਦੀ ਆਵਾਜ਼ ਸੁਣਦਾ ਰਿਹਾ।

ਅਖ਼ਬਾਰ ਵਾਲਾ ਅਖ਼ਬਾਰ ਸੁੱਟ ਗਿਆ। ਕਾਹਲੀ ਕਾਹਲੀ ਤਿਆਰ ਹੁੰਦੇ ਉਸ ਨੇ ਸੁਰਖ਼ੀਆਂ ਤੇ ਸਰਸਰੀ ਨਜ਼ਰ ਘੁਮਾਈ।

ਸ਼ਹਿਰ ਵਿਚ ਲੁੱਟ ਮਾਰ ਤੇ ਸਾੜ ਫੂਕ...।

ਮੰਦਰ ਵਿਚ ਗਊ ਦਾ ਮਾਸ ਸੁੱਟਦੇ ਦੋ ਅਪਰਾਧੀ ਕਾਬੂ।

ਸ਼ਹਿਰ ਵਿਚ ਬੱਚੇ ਚੁੱਕਾਂ ਦਾ ਗਰੋਹ ਸਰਗਰਮ...।

ਨਿਹੰਗਾਂ ਦੇ ਭੇਸ ਵਿਚ ਤਿੰਨ ਹਥਿਆਰਬੰਦ ਡਾਕੂਆਂ ਵੱਲੋਂ ਬੱਚੇ ਚੁੱਕਣ ਦਾ ਨਾਕਾਮ ਯਤਨ...। ਇਕ ਸਿੱਖ ਨੌਜਵਾਨ ਨੇ ਬਹਾਦਰੀ ਨਾਲ ਆਪਣੀ ਜਾਨ ਖਤਰੇ ਚ ਪਾ ਕੇ ਬੱਚੇ ਛੁਡਾ ਲਏ...ਪੁਲਿਸ ਵੱਲੋਂ ਅਪਰਾਧੀਆਂ ਦਾ ਪਿੱਛਾ...ਪਰ ਕੋਈ ਗ੍ਰਿਫ਼ਤਾਰੀ ਨਹੀਂ।

ਸਾਰਾ ਸ਼ਹਿਰ ਕਰਫ਼ਿਊ ਹਵਾਲੇ...ਪੁਲਸ ਚੌਕਸ...।

ਪੜ੍ਹਦੇ ਪੜ੍ਹਦੇ ਉਸ ਦੇ ਚਿਹਰੇ ਦਾ ਰੰਗ ਹਰ ਪਲ ਬਦਲਦਾ ਰਿਹਾ।... ਡਾਕੂਆਂ ਕੋਲੋਂ ਬੱਚੇ ਛੁਡਾਉਣ ਵਾਲੇ ਨੌਜੁਆਨ ਦਾ ਛੀਂਟਕਾ ਜਿਹਾ ਪਤਲਾ ਸਰੀਰ ਉਸ ਦੇ ਸਾਹਮਣੇ ਪੰਨਾ ਸਿੰਘ ਦੇ ਰੂਪ ਵਿਚ ਆ ਖੜਾ ਹੋਇਆ।

'ਉਸ ਨੇ ਮੇਰੇ ਖਾਨਦਾਨ 'ਤੇ ਬੜਾ ਅਹਿਸਾਨ ਕੀਤਾ ਹੈ...ਮੈਨੂੰ ਉਸ ਨਾਲ ਦਵੈਤ ਨਹੀਂ ਕਮਾਉਣੀ ਚਾਹੀਦੀ।' ਉਸ ਦੇ ਅੰਦਰਲੀ ਆਤਮਾ ਦੀ ਆਵਾਜ਼ ਬਾਹਰ ਉਬਲੀ।

'ਹਾਂ...ਹਾਂ ਜੀ ਬਿਲਕੁਲ ਠੀਕ। ਮੈਨੂੰ ਸਾਰੀ ਉਮਰ ਉਸ ਦੀ ਕੁਰਬਾਨੀ ਨਹੀਂ ਭੁੱਲਣੀ ਚਾਹੀਦੀ...ਇਹ ਇੱਜ਼ਤ ਲੱਖੀਂ ਨਾ ਹਜ਼ਾਰੀਂ...ਪਤਾ ਨਹੀਂ ਜੇ ਲੈ ਜਾਂਦੇ, ਤਾਂ ਕਿੰਨੀ ਫਿਰੋਤੀ ਮੰਗਦੇ, ਬੱਚਿਆਂ ਨਾਲ ਕੀ ਸਲੂਕ ਕਰਦੇ। ਉਹ ਫਿਰੇ ਨੱਕ ਵਢਾਉਣ ਨੂੰ...ਉਹ ਫਿਰੇ ਨੱਥ ਘੜਾਉਣ ਨੂੰ। ਇਹ ਤਾਂ ਸੱਚਮੁੱਚ ਹੀ ਗ਼ਲਤ ਗੱਲ ਹੈ। ਮੈਂ ਪੰਨਾ ਸਿੰਘ ਨਾਲ ਦੋਸਤੀ ਕਰਾਂਗਾ, ਦੁਸ਼ਮਣੀ ਨਹੀਂ। ਉਸ ਨੇ ਮੇਰੀ ਇਜ਼ਤ ਬਚਾਈ ਹੈ, ਮੈਂ ਉਸ ਲਈ ਖੂਹ ਖਾਤੇ ਖੋਦ ਰਿਹਾ ਹਾਂ।'

'ਕਮਲਾ ਏ ਤੂੰ ... ਇਮਤਿਹਾਨ ਦਾ ਅੱਜ ਦਾ ਤੇ ਇਕ ਦਿਨ ਏ। ਉਸ ਦੀ ਦੋਸਤੀ ਤੈਨੂੰ ਬਹੁਤ ਮਹਿੰਗੀ ਪਵੇਗੀ, ਉਸ ਦੀ ਮਿੱਤਰਤਾ ਦਾ ਮਤਲਬ ਹੋਵੇਗਾ ਕਿ ਇਸ ਦਫ਼ਤਰ ਵਿਚ ਉਹ ਮੁੱਖ ਪਾਤਰ ਬਣ ਜਾਏਗਾ ਤੇ ਤੂੰ ਪਿਛਲੱਗ! ਤੇ ਫਿਰ ਤੇਰੀ ਬਦਲੀ!...ਨਹੀਂ...ਨਹੀਂ ਹਰਗਿਜ਼ ਨਹੀਂ, ਇਹ ਤਾਂ ਕਿਸੇ ਵੀ ਕੀਮਤ 'ਤੇ ਨਹੀਂ ਹੋ ਸਕਦਾ। ਮੁੱਖ ਪਾਤਰ ਵੀ ਮੈਂ ਹੀ ਬਣਾਂਗਾ, ਸੂਤਰ-ਧਾਰ ਵੀ ਤੇ ਦੋਵਾਂ ਸਾਹਬਾਂ ਦੀਆਂ ਵਾਗਾਂ ਵੀ ਮੇਰੇ ਹੱਥ ਹੀ ਹੋਣਗੀਆਂ। ਮੈਂ ਹੀ ਉਹਨਾਂ ਦੀਆਂ ਤੜਾਵਾਂ ਖਿੱਚ ਕੇ ਘੋੜ ਦੌੜ ਕਰਾਵਾਂਗਾ।' ਉਸ ਦੇ ਅੰਦਰਲੀ ਦੂਸਰੀ ਕੁਟਲਨੀਤੀ ਪਹਿਲੀ ਸੋਚ 'ਤੇ ਹਾਵੀ ਹੋ ਗਈ।

'ਵੇ ਪੁੱਤ ਤੂੰ ਰਾਤ ਦਾ ਮਿਲਿਆ ਹੀ ਨਹੀਂ। ਸਾਡਾ ਤਾਂ ਕੱਲ੍ਹ ਦਾ ਜਿਵੇਂ ਖ਼ੂਨ ਹੀ ਸੁੱਕਿਆ ਪਿਐ, ਕਿਵੇਂ ਰੱਬ ਨੇ ਹੱਥ ਦੇ ਕੇ ਰੱਖ ਲਏ ਮੇਰੇ ਭੋਰਾ ਜਿੰਨੇ ਬਾਲ ਬੋਟ!' ਉਸ ਦੀ ਮਾਸੀ ਪਾਰਲੀ ਰਸੋਈ-ਨੁਮਾਂ ਕੋਠੜੀ 'ਚੋਂ ਉੱਠ ਕੇ ਸੋਟੀ ਖੜਕਾਉਂਦੀ ਉਸ ਦਾ ਰਾਹ ਮੱਲ ਬੈਠੀ।

'ਮੈਨੂੰ ਬੜੇ ਰੁਝੇਵੇਂ ਨੇ ਮਾਂ...ਕਈ ਕੰਮ ਕਰਨ ਵਾਲੇ ਨੇ ਦਫ਼ਤਰ ਦੇ, ਅੱਜ ਇਨਸਪੈਕਸ਼ਨ ਹੈ...ਮੈਂ ਕਈ ਪ੍ਰਬੰਧ ਕਰਨੇ ਨੇ...।' ਉਸ ਨੇ ਰੁੱਖੇ ਜਿਹੇ ਲਹਿਜੇ ਵਿਚ ਮਾਸੀ ਦਾ ਮੂੰਹ ਬੰਦ ਕਰ ਦਿੱਤਾ।

'ਤੇ ਪੁੱਤ ਇਹ ਰੁਝੇਵੇਂ ਕਾਹਦੇ ਵਾਸਤੇ ਨੇ?...ਇਹ ਨੌਕਰੀ ਕਾਹਦੇ ਵਾਸਤੇ ਕਰਦੇ ਓ...? ਇਹਨਾਂ ਬੱਚਿਆਂ ਲਈ! ਹੈਂ? ਤੇ ਸੁਣ ਪੁੱਤਾ। ਜੇ ਇਹਨਾਂ ਨੂੰ ਕੱਲ੍ਹ ਕੁਝ ਹੋ ਜਾਂਦਾ, ਉਹ ਚੁੱਕ ਕੇ ਲੈ ਜਾਂਦੇ, ਤਾਂ ਤੇਰੀ ਨੌਕਰੀ ਕਿਥੇ ਜਾਂਦੀ? ਤੇਰੇ ਰੁਝੇਵੇਂ ਕਿਸ ਕੰਮ ਆਉਂਦੇ...? ਜਾਹ ਪੁੱਤ ਜਾਹ ਉਸ ਪੰਨੇ ਦਾ ਧੰਨਵਾਦ ਕਰਕੇ ਆ। ਚੱਲ! ਤੇ ਮੈਨੂੰ ਵੀ

ਨਾਲ ਲੈ ਚੱਲ। ਮੈਂ ਉਸਦੇ ਪੈਰ ਚੁੰਮ ਕੇ ਆਵਾਂ।' ਬੁੱਢੀ ਅੱਖਾਂ ਰਾਹੀਂ ਪਰਲ ਪਰਲ ਵਹਿ ਤੁਰੀ ਤੇ ਉਹ ਪੱਥਰ ਵਾਂਗ ਅਡੋਲ ਬੁੱਢੀ ਦੇ ਹੰਝੂ ਨਿਹਾਰਦਾ ਰਿਹਾ।

ਪਾਠ ਪੂਜਾ ਦੇ ਸਵੇਰ ਦੇ ਆਹਰ ਤੋਂ ਵਿਹਲਾ ਹੋ ਕੇ ਉਸ ਨੇ ਆਪਣੀ ਸਾਰੀ ਤਰਕੀਬ ਦੂਜੇ ਸਾਥੀਆਂ ਤੱਕ ਪਹੁੰਚਾਉਣ ਲਈ ਦਿਨ ਚੜ੍ਹਦੇ ਹੀ ਸਾਈਕਲ ਕੱਢ ਲਿਆ ਤੇ ਸਭ ਤੋਂ ਪਹਿਲਾਂ ਦੂਲੋ ਰਾਮ ਦੇ ਘਰ ਦਾ ਰੁਖ ਕੀਤਾ, ਪਰ ਨੇੜੇ ਜਾ ਕੇ ਉਸ ਨੇ ਸਾਈਕਲ ਪੰਨਾ ਸਿੰਘ ਦੇ ਘਰ ਵੱਲ ਮੋੜ ਲਿਆ।

'ਦੂਲੋ ਦਾ ਕੀ ਏ? ਉਹ ਤਾਂ ਆਪਣੇ ਹੀ ਘੜੇ ਦੀ ਮੱਛੀ ਏ...., ਜਿਥੇ ਕਹੋ ਅੰਗੂਠਾ ਲਗਵਾ ਲਓ। ਉਸ ਦੀ ਕੀ ਮਜ਼ਾਲ! ਚੂੰ ਚਾਂ ਕਰੇ। ਪਿਆਲੀ ਰਾਮ ਵੀ ਤਾਂ ਇਕ ਪਿਆਲੇ ਦੀ ਮਾਰ ਹੈ। ਤੇ ਦੂਜੇ ਪਾਸੇ ਪੰਨੇ ਨੂੰ ਤਾਂ ਮਿਲਣਾ ਬਹੁਤ ਜ਼ਰੂਰੀ ਹੈ। ਉਸ ਦਾ ਵੀ ਤਾਂ ਮੂੰਹ ਸੁੰਘਣਾ ਚਾਹੀਦਾ ਹੈ। ਉਸ ਨੂੰ ਇਹ ਪਤਾ ਹੀ ਨਾ ਲੱਗੇ ਕਿ ਉਸ ਦੇ ਵਿਰੁਧ ਕੋਈ ਸ਼ੋਸ਼ਾ ਚੱਲ ਰਿਹਾ ਹੈ।' ਉਸ ਨੇ ਚਲਦੇ ਚਲਦੇ ਖਾਲੀ ਸੁੰਨਸਾਨ ਗਲੀਆਂ ਬਾਜ਼ਾਰਾਂ ਤੋਂ ਹੁੰਦੇ, ਕਰਫ਼ਿਊ ਵਾਲੇ ਸਿਪਾਹੀਆਂ ਤੋਂ ਲੁੱਕਣਮੀਟੀ ਕਰਦੇ...ਪੰਨੇ ਦੇ ਘਰ ਬਾਹਰਲੀ ਘੰਟੀ ਦਾ ਬਟਨ ਜਾ ਦਬਾਇਆ।

'ਨਮਸਤੇ ਪੰਨਾ ਸਾਹਿਬ!'

'ਆਓ! ਨਮਸਤੇ! ਕਿੱਦਾਂ? ਸੁੱਖ ਐ? ਅੱਜ ਕੀੜੀ ਦੇ ਘਰ ਨਾਰਾਇਣ! ਕਿਵੇਂ ਦਰਸ਼ਨ ਦਿਤੇ?' ਪੰਨੇ ਨੇ ਹੈਰਾਨੀ ਪ੍ਰਗਟ ਕਰਦੇ ਹੋਏ ਸਾਰੇ ਸਵਾਲ ਇਕੋ ਸਾਹੇ ਉਗਲੱਛ ਦਿਤੇ, ਭਾਵੇਂ ਉਹ ਟਨੀ ਨਾਥ ਦੀ ਆਮਦ ਦਾ ਅਸਲੀ ਕਾਰਨ ਪਹਿਲੇ ਝਟਕੇ ਹੀ ਭਾਂਪ ਗਿਆ ਸੀ।

'ਭਈ ਤੁਹਾਨੂੰ ਪਤੈ ਹੀ ਹੈ। ਅਸੀਂ ਜਨਤਾ ਦੇ ਸੇਵਕ ਆਂ। ਅੱਜ ਨਵੇਂ ਸਾਹਬ ਆ ਰਹੇ ਨੇ, ਤੁਸੀਂ ਦਫ਼ਤਰ ਦੇ ਸਿਰਕੱਢ ਬੰਦੇ ਓ। ਮੈਂ ਸੋਚਿਆ ਤੁਹਾਡੇ ਨਾਲ ਕੋਈ ਵਿਚਾਰ ਵਟਾਂਦਰਾ, ਸਲਾਹ ਮਸ਼ਵਰਾ ਕਰ ਲਿਆ ਜਾਏ।'

'ਆਓ! ਬੈਠੋ ਜੀ ਆਇਆਂ ਨੂੰ!' ਪੰਨਾ ਬੜੇ ਆਦਰ ਸਤਿਕਾਰ ਨਾਲ ਸਵਾਮੀ ਨੂੰ ਅੰਦਰ ਲੈ ਗਿਆ। ਉਹ ਧੈੜ ਕਰਦਾ ਸੋਫੇ 'ਤੇ ਚੁਫਾਲ ਡਿੱਗ ਪਿਆ, ਜਿਵੇਂ ਪੰਨੇ ਨੂੰ ਇਹ ਜ਼ਾਹਰ ਕਰਨ ਦੀ ਕੋਸ਼ਿਸ਼ ਵਿਚ ਹੋਵੇ ਕਿ ਉਹ ਬਹੁਤ ਥੱਕਿਆ ਟੁੱਟਿਆ ਪਿਆ ਹੈ।

'ਬੜੀ ਮੁਸ਼ਕਿਲ ਨਾਲ ਆਇਐਂ ਮੈਂ ਕਈ ਅਟਕਾਅ ਲੰਘ ਕੇ, ਸ਼ਹਿਰ ਵਿਚ ਕਿਵੇਂ ਅੱਗ ਲੱਗੀ ਪਈ ਏ...ਚਾਰ ਚੁਫੇਰੇ ਸਹਿਮ ਤੇ ਡਰ। ਮੈਨੂੰ ਤਾਂ ਕਰਫ਼ਿਊ ਵਾਲਿਆਂ ਨੇ ਘੇਰ ਲਿਆ...ਬੜੀ ਮੁਸ਼ਕਿਲ ਨਾਲ ਬਚ ਕੇ ਨਿਕਲ ਆਇਆ ਹਾਂ।'

'ਐਨੀ ਵੀ ਕੀ ਐਮਰਜੈਂਸੀ ਸੀ ਅੱਜ ਸਵਾਮੀ ਜੀ! ਕਦੇ ਅੱਗੇ ਨਾ ਕਦੇ ਪਿਛੇ ਨਾ? ਮੈਨੂੰ ਟੈਲੀਫੂਨ ਕਰ ਦਿੰਦੇ, ਮੈਂ ਆਪ ਹਾਜ਼ਰ ਹੋ ਜਾਂਦਾ।'

ਪੰਨਾ ਸਿੰਘ ਨੇ ਵੀ ਮਿੱਠੇ ਲਹਿਜੇ ਦਾ ਜੁਆਬ ਮਿਠਾਸ ਵਿਚ ਹੀ ਦਿੱਤਾ।

'ਬੜਾ ਚਿਰ ਹੋਇਆ, ਅਸਾਂ ਕਦੇ ਦਿਲ ਦੀਆਂ ਗੱਲਾਂ ਸਾਂਝੀਆਂ ਨਹੀਂ ਕੀਤੀਆਂ। ਮੈਂ ਕਿਹਾ ਨਾਲੇ ਤੁਹਾਡਾ ਹਾਲ ਚਾਲ ਪੁੱਛ ਆਵਾਂ। ਨਾਲੇ ਕੋਈ ਦਫ਼ਤਰ ਦੀ ਦੁੱਖ ਤਕਲੀਫ਼ ਹੈ ਤਾਂ ਦੱਸੋ, ਸਾਹਬ ਨਾਲ ਗੱਲ ਕਰ ਲਵਾਂਗੇ।'

'ਤਕਲੀਫ਼ ਤਾਂ ਕੋਈ ਨੀਂ, ਤੁਹਾਨੂੰ ਪਤਾ ਹੀ ਹੈ, ਜੋ ਕਰਿੰਦਾ ਆਪਣਾ ਕੰਮ ਪੂਰੀ ਲਗਨ ਨਾਲ, ਤਨ ਦੇਹੀ ਮਿਹਨਤ ਨਾਲ ਤੇ ਇਮਾਨਦਾਰੀ ਨਾਲ ਕਰਦਾ ਹੈ, ਉਸ ਨੂੰ ਕੀ ਤਕਲੀਫ਼ ਹੋ ਸਕਦੀ ਹੈ ਭਲਾ?' ਟਨੀ ਨਾਥ ਦਾ ਪਹਿਲਾ ਫੀਲਰ ਡਿੱਗ ਗਿਆ।

'ਉਹੋ...ਸੌਰੀ! ਸੱਚ ਮੈਂ ਤਾਂ ਭੁੱਲ ਹੀ ਗਿਆ। ਤੁਹਾਡਾ ਬਹੁਤ ਬਹੁਤ ਧੰਨਵਾਦ! ਮੈਂ ਤੁਹਾਡਾ ਬਹੁਤ ਅਹਿਸਾਨ-ਮੰਦ ਹਾਂ, ਕੱਲ੍ਹ ਤੁਸੀਂ ਮੇਰੀ ਲਾਜ ਰੱਖ ਲਈ।'

'ਕਾਹਦੀ ਲਾਜ?' ਪੰਨੇ ਨੇ ਅਗਿਆਨਤਾ ਜ਼ਾਹਰ ਕੀਤੀ।

'ਤੁਸੀਂ ਮੇਰੇ ਬੱਚੇ ਛੁਡਾ ਲਏ! ਕੋਈ ਸੱਟ ਚੋਟ ਤਾਂ ਨਹੀਂ ਲੱਗੀ ਤੁਹਾਨੂੰ?' ਉਸਨੇ ਪੰਨੇ ਦੇ ਪੈਰਾਂ ਤੋਂ ਲੈ ਕੇ ਸਿਰ ਤੱਕ ਨਜ਼ਰ ਘੁਮਾਈ।

'ਨਹੀਂ ਜੀ! ਇਸ ਵਿਚ ਧੰਨਵਾਦ ਵਾਲੀ ਕੀ ਗੱਲ ਹੋਈ? ਮੈਂ ਤਾਂ ਇਕ ਇਨਸਾਨੀ ਫ਼ਰਜ਼ ਨਿਭਾਇਆ ਹੈ। ਬੱਚੇ ਤਾਂ ਰੱਬ ਜਿੰਨੇ ਪਵਿੱਤਰ ਤੇ ਸਭ ਦੇ ਸਾਂਝੇ ਹੁੰਦੇ ਨੇ। ਅਜਿਹੇ ਸਮੇਂ ਤਾਂ ਦੁਸ਼ਮਣ ਦੇ ਬੱਚੇ ਵੀ ਹੁੰਦੇ ਤਾਂ ਮੈਂ ਆਪਣੀ ਜਾਨ ਹੂਲ ਕੇ ਵੀ ਉਹਨਾਂ ਨੂੰ ਛੁਡਾ ਲਿਆਉਂਦਾ, ਇਹ ਤਾਂ ਬੱਚੇ ਹੀ ਮੇਰੇ ਆਪਣੇ ਸਨ, ਮੇਰੇ ਆਪਣੇ ਦੋਸਤ ਸਾਥੀ ਦੇ।' ਪੰਨੇ ਨੇ ਬੜੇ ਸਵੈਮਾਨ ਨਾਲ ਹਿੱਕ ਫੈਲਾ ਕੇ ਆਪਣਾ ਵਡੱਪਣ ਦਰਸਾਇਆ।

'ਬੜੀ ਚਰਚਾ ਏ ਸਾਰੇ ਸ਼ਹਿਰ ਵਿਚ ਤੁਹਾਡੀ ਬਹਾਦਰੀ ਦੀ। ਮੈਨੂੰ ਕੋਈ ਸੇਵਾ ਦੱਸੋ! ਮੇਰਾ ਸਾਰਾ ਖਾਨਦਾਨ ਜੜ੍ਹਾਂ ਤੱਕ ਤੁਹਾਡਾ ਰਿਣੀ ਹੈ।' ਉਸ ਨੇ ਬਣਾਉਟੀ ਜਿਹੀ ਚਾਪਲੂਸੀ ਕੀਤੀ। ਉਹ ਸੋਚ ਰਿਹਾ ਸੀ, ਪੰਨੇ ਨਾਲ ਦਫਤਰ ਦੀ ਗੱਲ ਕਿਵੇਂ ਛੇੜੀ ਜਾਏ। ਉਸ ਨੇ ਪਹਿਲਾ ਦਾਣਾ ਡਿੱਗਣ ਕਰਕੇ ਹਾਰ ਜਿਹੀ ਮਹਿਸੂਸ ਕੀਤੀ ਤੇ ਉਹ ਪਾਗਲ ਕੁੱਤੇ ਵਾਂਗ ਦੰਦੀਆਂ ਕਰੀਚਣ ਲੱਗਾ।

'ਸੁਣ ਵੇ ਲੋਕਾ...ਸੁਣ ਵੇ ਲੋਕਾਂ...ਮੈਂ ਦੇਵਾਂ ਹੋਕਾ...।
ਗਲੀਆਂ ਵਿਚ ਮੇਰਾ ਯਾਰ ਗਵਾਚਾ ਵੇਖੋ ਨਾ ਖਾ ਜਾਇਉ ਧੋਖਾ...।'

ਬਾਹਰੋਂ ਇਕ ਮਿੱਠੀ ਮਧੁਰ ਸੰਗੀਤਮਈ ਆਵਾਜ਼ ਨੇ ਦੋਵਾਂ ਦੇ ਕੰਨ ਖੜੇ ਕਰ ਦਿੱਤੇ। ਕਿੰਨੀ ਮਿੱਠੀ ਆਵਾਜ਼ ਸੀ...ਕਿੰਨਾ ਮਧੁਰ ਸੰਗੀਤ ਸੀ। ਬਾਹਰ ਗਲੀ ਵਿਚ ਕੋਈ ਫੱਕਰ ਹਰਮੋਨੀਅਮ 'ਤੇ ਗਾਣਾ ਗਾ ਕੇ ਭਿੱਖਿਆ ਮੰਗ ਰਿਹਾ ਸੀ, ਗਜਾ ਕਰ ਰਿਹਾ ਸੀ।

ਪੰਨਾ ਸਿੰਘ ਨੇ ਅਣਸੁਣੀ ਕਰਕੇ ਦੁੱਧ ਦਾ ਕੱਪ ਟਨੀ ਨਾਥ ਦੇ ਹੱਥ ਫੜਾਇਆ। ਚਾਹ ਤਾਂ ਉਸ ਨੂੰ ਪਤਾ ਉਹ ਪਸੰਦ ਨਹੀਂ ਸੀ ਕਰਦਾ।

'ਧੋਖੇਬਾਜ਼ ਜੇ, ਦਗੇਬਾਜ਼ ਜੇ, ਗੱਲ ਵਿਚ ਉਸ ਦੇ ਮਾਲਾ,
ਬਾਹਰੋਂ ਬੜਾ ਹੀ ਮਿੱਠਾ ਅੰਦਰੋਂ ਸੱਪ ਕੌਡੀਆਂ ਵਾਲਾ...।'

ਦੋਵਾਂ ਦੀਆਂ ਅੱਖਾਂ ਭਿੜੀਆਂ। ਟਨੀ ਨਾਥ ਦੀਆਂ ਅੱਖਾਂ ਡਰੀ ਹੋਈ ਬਿੱਲੀ ਵਾਂਗ ਮੁੰਦ ਗਈਆਂ। ਗਲ ਵਿਚ ਪਈ ਉਸ ਦੀ ਮਾਲਾ ਉਸ ਨੇ ਕਮੀਜ਼ ਥੱਲੇ ਛੁਪਾਉਣ ਦੀ ਕੋਸ਼ਿਸ਼ ਕੀਤੀ।

'ਜਿਸਨੂੰ ਖਾਵੇ ਉਸ ਨੂੰ ਡੰਗੇ ਦਿਲ ਦਾ ਬੜਾ ਹੀ ਖੋਟਾ,
ਸੱਜਣ ਠੱਗ ਹੈ ਮੀਆਂ ਮਿੱਠੂ ਇਹ ਝੋਟੇ ਦਾ ਝੋਟਾ...।'

'ਕੀ ਇਹ ਤੁਹਾਨੂੰ ਤੇ ਨਹੀਂ ਲੱਭ ਰਿਹਾ ਸਵਾਮੀ ਜੀ?' ਪੰਨਾ ਸਿੰਘ ਨੇ ਹੱਸਦੇ ਹੱਸਦੇ ਉਸ ਨੂੰ ਟੋਹਣ ਦੀ ਕੋਸ਼ਿਸ਼ ਕੀਤੀ।

'ਨਹੀਂ ਜੀ! ਇਥੇ ਮੈਨੂੰ ਲੱਭਣ ਵਾਲਾ ਕੌਣ ਹੈ? ਤੁਹਾਡੇ ਇਲਾਕੇ ਵਿਚ...।'

'ਲੰਮ ਸਲੰਮਾਂ ਕੱਦ ਜੇ ਉਸਦਾ, ਗੋਗੜ ਮੋਟੀ ਭਾਰੀ,
ਇਨਸਾਨਾਂ ਦਾ ਦੁਸ਼ਮਣ ਹੈ ਉਸ ਹੈਵਾਨਾਂ ਸੰਗ ਯਾਰੀ।'

'ਹੁਲੀਆ ਤਾਂ ਤੁਹਾਡਾ ਹੀ ਦੱਸ ਰਿਹਾ ਹੈ ਟਨੀ ਨਾਥ ਜੀ! ਤੁਹਾਡਾ ਹੀ ਕੋਈ ਸੱਜਣ ਪਿਆਰਾ ਤੁਹਾਨੂੰ ਟੋਲਦਾ ਟੋਲਦਾ ਇਥੇ ਆ ਪਹੁੰਚਾ, ਤੁਹਾਡੀ ਪੈੜ ਨੱਪ ਕੇ....। ਜਾਓ ਜਾ ਕੇ ਪਤਾ ਕਰੋ ਵਿਚਾਰੇ ਦਾ।' ਹਾਸੇ ਦੀ ਇਕ ਛਣਕਾਹਟ ਕਮਰੇ ਦੇ ਗੰਭੀਰ ਵਾਤਾਵਰਣ ਵਿਚ ਖ਼ੁਸ਼ੀ ਤੇ ਨਫ਼ਰਤ ਦਾ ਮਿਲਗੋਭਾ ਛੱਡ ਗਈ।

'ਛੱਡੋ ਜੀ। ਕੋਈ ਕੰਮ ਦੀ ਗੱਲ ਕਰੋ! ਦੱਸੋ ਤੁਹਾਨੂੰ ਕਿਹੜੀ ਸੀਟ ਚਾਹੀਦੀ ਹੈ? ਕਿਹੜੀ ਸਕੀਮ ਚਾਹੀਦੀ ਹੈ? ਜਿਹੜੀ ਕਹੋ ਦਿਵਾਊਂ...ਮੈਨੂੰ ਅਜ਼ਮਾ ਕੇ ਵੇਖੋ...।'

'ਬੁੱਕਲ ਦੇ ਵਿਚ ਛੁਰੀ ਲਕੋਈ ਪਿੱਠ 'ਚ ਵਾਰ ਜੇ ਕਰਦਾ।
ਮਾੜੇ ਦੇ ਉਹ ਉਤੇ ਚੜ੍ਹਦਾ ਜੁੱਤੀ ਕੋਲੋਂ ਡਰਦਾ।'

ਬਾਹਰ ਦੀ ਸੰਗੀਤਕ ਆਵਾਜ਼ ਲਗਾਤਾਰ ਜਾਰੀ ਰਹੀ।

'ਤੁਹਾਨੂੰ ਪਤੈ ਸਾਹਬ ਨਾਲ ਮੇਰੀ ਪੁਰਾਣੀ ਆੜੀ ਹੈ...।'

'ਮੈਨੂੰ ਨਾ ਫਿਰ ਦਿਉ ਉਲਾਂਭਾ ਉਸ ਨੂੰ ਦੂਰ ਭਜਾਉ,
ਉਹ ਤਾਂ ਮਰਿਆ ਸੱਪ ਹੈ ਸੱਜਣੋਂ ਉਸ ਨੂੰ ਗਲੇ ਨਾ ਲਾਉ...।'

ਬਾਹਰ ਦੀ ਸੰਗੀਤਕ ਧੁਨ ਲਗਾਤਾਰ ਗੂੰਜਦੀ ਰਹੀ।

'ਹਾਂ ਜੀ ਮੈਨੂੰ ਸਭ ਪਤੈ! ਪਰ ਮੈਂ ਤਾਂ ਇਥੇ ਹੀ ਸੰਤੁਸ਼ਟ ਹਾਂ!

ਪਹਿਲਾਂ ਹੀ ਤੁਸੀਂ ਮੇਰੇ 'ਤੇ ਬੜੀਆਂ ਮਿਹਰਬਾਨੀਆਂ ਕੀਤੀਆਂ ਨੇ। ਮੈਂ ਧੰਨਵਾਦੀ ਹਾਂ ਤੁਹਾਡਾ...।'

ਪੰਨੇ ਦੇ ਮਨ ਵਿਚ ਹਰਮੋਨੀਅਮ ਰਲੇ ਬੋਲ ਗੂੰਜ ਰਹੇ ਸਨ, ਭਾਵੇਂ ਇਹ ਆਵਾਜ਼ ਦੂਰ ਚਲੀ ਗਈ ਸੀ। ਉਸਨੇ ਮਿੱਠੇ ਜਿਹੇ ਵਿਅੰਗ ਨਾਲ ਟਨੀ ਨਾਥ ਨੂੰ ਝਟਕ ਦਿਤਾ, ਜਿਸ ਦਾ ਮਤਲਬ ਸੀ ਕਿ ਉਹ ਸਵਾਮੀ ਦੀਆਂ ਅਜਿਹੀਆਂ ਚਾਪਲੂਸੀਆਂ ਸੁਣਨ ਦੇ ਪੱਖ ਵਿਚ ਨਹੀਂ।

'ਸੌਂਹ ਰੱਬ ਦੀ! ਪਹਿਲਾਂ ਵੀ ਮੈਂ ਤੁਹਾਡੇ ਨਾਲ ਕੁਝ ਗ਼ਲਤ ਨਹੀਂ ਕੀਤਾ, ਪਰ ਤੁਹਾਡੇ ਮਨ ਵਿਚ ਕੁਝ ਗ਼ਲਤਫਹਿਮੀਆਂ ਨੇ। ਮੈਂ ਕੱਢਣਾ ਚਾਹੁੰਦਾ ਹਾਂ ਇਹ।' ਸਵਾਮੀ ਨੇ ਲਿਲਕੜੀ ਜਿਹੀ ਕੱਢੀ।

'ਕੋਈ ਲੋੜ ਨਹੀਂ ਮੈਨੂੰ ਕਿਸੇ ਵਿਖਾਵੇ ਦੀ...ਤੁਸੀਂ ਮੈਨੂੰ ਕੋਈ ਸੇਵਾ ਲਾਉ! ਮੈਂ ਹਾਜ਼ਰ ਹਾਂ।' ਪੰਨੇ ਨੇ ਇਕੇਰਾਂ ਫਿਰ ਉਸ ਨੂੰ ਝਿੜਕ ਦਿਤਾ।

'ਜੇ ਮੇਰੇ ਯਾਰ ਤੁਹਾਨੂੰ ਯਕੀਨ ਨਹੀਂ ਤਾਂ ਸੁਣੋ! ਪਿਛੇ ਜੋ ਹੋ ਗਿਆ ਸੋ ਹੋ ਗਿਆ..., ਉਸ 'ਤੇ ਪਾਉ ਮਿੱਟੀ...। ਅੱਜ ਤੋਂ ਮੈਂ ਤੁਹਾਡੇ ਖਿਲਾਫ਼ ਕੁਝ ਕਹਾਂ ਤਾਂ ਆਪਣੀ ਸਕੀ ਭੈਣ ਦਾ ਨਾਲਾ ਤੋੜਾਂ।' ਸੌਂਹ ਖਾਣ ਵਾਂਗ ਟਨੀ ਨਾਥ ਨੇ ਹੱਲੇ ਦੀ ਗਾਲ ਕੱਢ ਮਾਰੀ ਤੇ ਉਸ ਦੀਆਂ ਸੁਆਲੀਆਂ ਨਜ਼ਰਾਂ ਪੰਨਾ ਸਿੰਘ ਦੇ ਮੂੰਹੋਂ ਦਿਆਲਤਾ ਦੇ ਸ਼ਬਦਾਂ ਦੀ ਉਡੀਕ ਕਰਨ ਲੱਗੀਆਂ।

'ਤੁਹਾਡਾ ਪ੍ਰਸਤਾਵ ਤਾਂ ਠੀਕ ਹੈ, ਪਰ ਜ਼ਰਾ ਮੈਨੂੰ ਸਮਝਾ ਤਾਂ ਦਿਉ ਕਿ ਮੈਂ ਤੁਹਾਡਾ ਕੀ ਵਿਗਾੜਿਆ ਹੈ ਕਦੇ? ਕੀ ਮੈਂ ਤੁਹਾਡੀ ਕਦੇ ਚੁਗਲੀ ਲਗਾਈ ਹੈ? ਸ਼ਿਕਾਇਤ ਲਗਾਈ ਹੈ?'

'ਨਹੀਂ! ਬਿਲਕੁਲ ਨਹੀਂ। ਕਦੇ ਨਹੀਂ। ਮੈਨੂੰ ਮੇਰੇ ਬੱਚਿਆ ਦੀ ਕਸਮ। ਤੁਸੀਂ ਮੇਰੇ ਪੜਦੇ ਹੀ ਢੱਕਦੇ ਰਹੇ ਹਮੇਸ਼ਾ।'

'ਤੇ ਫਿਰ ਤੁਸੀਂ ਆਪ ਹੀ ਦੱਸੋ! ਤੁਸੀਂ ਅੱਜ ਤੱਕ ਮੇਰੇ ਨਾਲ ਕੀ ਨਹੀਂ ਕੀਤਾ? ਕਰਦੇ ਰਹੋ! ਮੇਰਾ ਕੁਝ ਨਹੀਂ ਵਿਗੜਿਆ ਤੇ ਨਾ ਹੀ ਵਿਗੜੇਗਾ, ਸਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ! ਨੋਟ ਕਰੋ ਪਲੀਜ਼!

ਯਾਰਾਂ ਦੀ ਜ਼ਹਿਰ ਪੀਆਂਗਾ ਮੈਂ ਅੰਮ੍ਰਿਤ ਜਾਣ ਕੇ,
ਮੇਰੇ ਹਿੱਸੇ ਪਿਆਲਾ ਇਹ ਆਣ ਦਿਉ ਦੋਸਤੋ।
ਸਚਾਈ ਖਾਤਰ ਮਰਦੇ ਜੋ ਅਮਰ ਹੋ ਜਾਂਦੇ,
ਮੈਨੂੰ ਹੱਸ ਹੱਸ ਫਾਂਸੀ ਗਲ ਪਾਣ ਦਿਉ ਦੋਸਤੋ।'

ਪੰਨੇ ਵਿਚਲਾ ਕਵੀ ਅੰਦਰਲੇ ਬੰਨ੍ਹ ਤੋੜ ਕੇ ਬਾਹਰ ਆ ਟਪਕਿਆ।

'ਜਿੱਦਾਂ ਵੀ ਹੈ ਕਵੀ ਸਾਹਿਬ! ਮੈਨੂੰ ਮੁਆਫ਼ ਕਰੋ ਤੇ ਮੇਰੀ ਇਜ਼ਤ ਰੱਖੋ। ਤੁਸੀਂ ਜ਼ਰਾ ਜਲਦੀ ਤਿਆਰ ਹੋ ਕੇ ਸਾਢੇ ਕੁ ਅੱਠ ਵਜੇ ਦਫ਼ਤਰ ਪਹੁੰਚ ਜਾਉ ਤੇ ਜਮਾਦਾਰਨੀ ਕੋਲੋਂ ਸਫਾਈ ਦਾ ਸਾਰਾ ਕੰਮ ਠੀਕ ਠਾਕ ਆਪਣੀ ਹਾਜ਼ਰੀ ਵਿਚ ਕਰਵਾ ਲੈਣਾ। ਸਾਹਬ ਠੀਕ ਠੀਕ ਮੁੜ ਗਿਆ ਤਾਂ ਸਾਡਾ ਸਭ ਦਾ ਭਲਾ। ਗੁੱਸੇ ਗਿਲੇ ਜੇ ਕੋਈ ਹੈਨ ਤਾਂ ਬਾਅਦ ਵਿਚ ਨਜਿੱਠ ਲਵਾਂਗੇ।' ਉਸ ਦੀ ਮੁਹਤਬਰਾਂ ਵਾਲੀ ਸਿੱਖਿਆ ਤੋਂ ਪੰਨਾ ਸਿੰਘ ਫੇਰ ਚਿੜ ਗਿਆ।

'ਤੁਸੀਂ ਤੱਤੇ ਤਵੇ 'ਤੇ ਘੀਸੀ ਕਰ ਕੇ ਮੈਨੂੰ ਯਕੀਨ ਬਨ੍ਹਾਉ ਤਾਂ ਮੈਂ ਫੇਰ ਵੀ ਤੁਹਾਡਾ ਇਤਬਾਰ ਨਹੀਂ ਕਰ ਸਕਦਾ। ਜਿਸ ਆਦਮੀ ਨੇ ਸਾਰੀ ਉਮਰ ਹੋਰਾਂ ਦੀ ਚੁਗਲੀ ਨਿੰਦਿਆ ਕਰਕੇ ਹੀ ਆਪਣੀ ਨੌਕਰੀ ਬਚਾਈ ਹੈ, ਰੋਜ਼ੀ ਕਮਾਈ ਹੈ, ਉਹ ਇਹ ਆਦਤਾਂ ਕਿਵੇਂ ਛੱਡ ਸਕਦਾ ਹੈ। ਕੁੱਤੇ ਦੀ ਪੂਛ ਕਦੇ ਸਿੱਧੀ ਨਹੀਂ ਹੋ ਸਕਦੀ ਭਾਵੇਂ ਬਾਰਾਂ ਸਾਲ ਸ਼ਿਕੰਜੇ ਵਿਚ ਪਾ ਰੱਖੋ।'

ਪੰਨਾ ਸਿੰਘ ਨੂੰ ਹੋਰ ਤਲਖੀ ਆ ਗਈ।

'ਮੈਂ ਹਰਾਮਦਾ ਹੋਵਾਂ ਜੇ ਹੁਣ ਤੁਹਾਡੇ ਨਾਲ ਅਜਿਹੀ ਕੋਈ ਧੋਖੇਬਾਜ਼ ਹਰਕਤ ਕਰਾਂ। ਮੈਨੂੰ ਜਲਦੀ ਹੈ ਪਲੀਜ਼! ਮੈਨੂੰ ਤਸੱਲੀ ਦਿਉ।'

ਉਸ ਨੇ ਫਿਰ ਬੱਚਿਆਂ ਵਾਂਗ ਜਿੱਦ ਫੜ ਲਈ।

'ਤੁਸੀਂ ਮੇਰੇ ਨਾਲ ਖਾਰ ਖਾਣ ਲੱਗੇ, ਇਸ ਕਰਕੇ ਕਿ ਮੈਂ ਤੁਹਾਨੂੰ ਟੋਕਿਆ ਸੀ ਕਿ ਤੁਸੀਂ ਆਪਣੇ ਸਸਤੇ ਸੁਆਰਥ ਦੀ ਖਾਤਰ ਸਮਾਜ ਦਾ ਅਮਨ ਦਾਅ 'ਤੇ ਨਾ ਲਗਾਓ, ਜਦ ਤੁਸੀਂ ਆਪਣੇ ਇਸ ਛੋਟੇ ਜਿਹੇ ਦਫ਼ਤਰ ਵਿਚ ਹੀ ਹਿੰਦੂ ਸਿੱਖਾਂ ਦੇ ਨਾਮ 'ਤੇ ਵਿਤਕਰੇ ਦੀ ਚੰਗਿਆੜੀ ਮਘਾਉਣ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ ਉੱਚੀ ਸੁੱਚੀ ਸਵਰਨ ਜਾਤੀ ਦੇ ਹੋ ਕੇ ਹਰੀਜਨ ਲੜਕੀ ਸਟੈਨੋ ਸ਼ੀਲਾ ਨਾਲ ਦਫ਼ਤਰ ਵਿਚ ਹੀ ਬੇਸਹਾਰਾ ਗ਼ਰੀਬ ਸਮਝ ਕੇ ਤੰਗ ਕਰਨ ਲੱਗੇ। ਉਸ ਦਾ ਪਰਖ ਸਮਾਂ ਲੰਘਾਉਣ ਦਾ ਡਰ ਦੇ ਕੇ ਬਲੈਕਮੇਲ ਕਰਕੇ ਰੋਮਾਂਚਿਕ ਖੇਲਾਂ ਖੇਲਣ ਲੱਗੇ। ਉਸ ਵੇਲੇ ਕਿਥੇ ਸੀ ਤੁਹਾਡੀ ਇਹ ਇੱਜ਼ਤ? ਕਿਥੇ ਸੀ ਤੁਹਾਡੀ ਇਹ ਮਾਲਾ? ਨੌ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ।'

ਪੰਨੇ ਦੇ ਪਾਰੇ ਦਾ ਗਰਾਫ਼ ਉਪਰ ਤੋਂ ਉਪਰ ਚੜ੍ਹਦਾ ਵੇਖ ਕੇ ਟਨੀ ਨਾਥ ਦੇ ਮੱਥੇ ਪਸੀਨੇ ਦੀਆਂ ਘਰਾਲਾਂ ਵਗ ਤੁਰੀਆਂ। ਆਪੇ ਫਾਥੜੀਏ ਤੈਨੂੰ ਕੌਣ ਛੁਡਾਏ?

'ਕੱਢ ਲਓ ਗ਼ੁਬਾਰ! ਅੱਜ ਸਾਰੇ ਹੀ। ਜੋ ਮਰਜ਼ੀ ਕਹਿ ਲਓ। ਮੇਰੇ ਸਿਰ ਜੁੱਤੀਆਂ ਮਾਰੋ..., ਮੈਂ ਪਾਪੀ ਹਾਂ..., ਮੈਂ ਕਮੀਨਾ ਹਾਂ।' ਟਨੀ ਨਾਥ ਰੋਣਹਾਕਾ ਹੋ ਕੇ ਸਿਰ ਹੱਥਾਂ 'ਚ ਘੁੱਟ ਬੈਠਾ।

'ਤੁਹਾਡੇ ਇਹ ਬੱਜਰ ਕਪਟ, ਸਮਾਜ ਦਾ ਕੋਈ ਵੀ ਈਮਾਨਦਾਰ ਆਦਮੀ ਚੁੱਪਚਾਪ ਨਹੀਂ ਵੇਖ ਸਕਦਾ, ਤੁਸੀਂ ਆਪਣਾ ਹੀ ਢਿੱਡ ਵਿਹੜਾ ਕੀਤਾ ਹੋਇਐ। ਪਾਪ ਨਾਲ ਭਰਿਆ ਤੁਹਾਡਾ ਇਹ ਭਾਂਡਾ ਹੁਣ ਫੁੱਟਣ ਹੀ ਵਾਲਾ ਹੈ। ਅੱਤ ਤੇ ਖ਼ੁਦਾ ਦਾ ਵੈਰ ਹੁੰਦਾ ਹੈ। ਦੁਨੀਆਂ ਦੇ ਸਭ ਨੀਚ ਕੰਮ ਤੁਸੀਂ ਕੀਤੇ, ਪਰ ਉਪਰਲੇ ਅਫ਼ਸਰਾਂ ਦੀਆਂ ਨਜ਼ਰਾਂ ਤੋਂ ਬਚਣ ਲਈ, ਕਾਨੂੰਨ ਤੋਂ ਬਚਣ ਲਈ ਤੁਸੀਂ ਊਜਾਂ ਲਗਾਈਆਂ, ਲਗਾਉਂਦੇ ਰਹੇ ਪੰਨਾ ਸਿੰਘ ਉਤੇ।' ਪੰਨਾ ਸਿੰਘ ਦੇ ਰੋਹਿਲੇ ਬੋਲਾਂ ਨੇ ਸਵਾਮੀ ਦੇ ਦਿਲ ਦਾ ਡਰ ਹੋਰ ਗਹਿਰਾ ਕਰ ਦਿਤਾ, ਮਤਾਂ ਇਹ ਸਭ ਕੁਝ ਸਾਹਬ ਦੇ ਸਾਹਮਣੇ ਹੀ ਨਾ ਕਹਿ ਮਾਰੇ। ਘਰ ਦਾ ਭੇਤੀ ਲੰਕਾ ਢਾਹੇ।1

'ਤੁਸੀਂ ਉਸ ਗੁਰੂ ਦੇ ਸਿੱਖ ਹੋ, ਜਿਸਨੇ ਆਪਣਾ ਸਭ ਕੁਝ ਵਾਰ ਕੇ, ਤਿਆਗ ਕੇ, ਸਾਰੇ ਭੇਦ ਭਾਵ ਮਿਟਾ ਕੇ, ਹਿੰਦੂ ਧਰਮ ਦੀ ਰਾਖੀ ਲਈ ਸਰਬੰਸ ਕੁਰਬਾਨ ਕਰ ਦਿੱਤਾ। ਕੀ ਤੁਸੀਂ ਮੇਰੀ ਇਕ ਦੀ ਮਦਦ ਨਹੀਂ ਕਰ ਸਕਦੇ?' ਸਾਰੇ ਵਾਰ ਡਿੱਗਦੇ ਵੇਖ ਕੇ ਸਵਾਮੀ ਨੇ ਧਾਰਮਿਕ ਪੈਂਤੜਾ ਅਪਨਾਇਆ।

'ਜਬਰ ਜ਼ੁਲਮ ਤੇ ਬੇਇਨਸਾਫ਼ੀ ਦੇ ਖਿਲਾਫ਼ ਲੜਨਾ ਸਾਡਾ ਸਭ ਦਾ ਫਰਜ਼ ਹੈ, ਪਰ ਤੁਸੀਂ ਤਾਂ ਮੈਨੂੰ ਜਬਰ ਦੇ ਹੱਕ ਵਿਚ ਬੋਲਣ ਲਈ ਉਕਸਾ ਰਹੇ ਹੋ। ਨਹੀਂ! ਨਹੀਂ! ਮੈਂ ਸੱਚ ਦੀ ਰਾਖੀ ਕਰਾਂਗਾ।' ਪੰਨਾ ਸਿੰਘ ਪੱਥਰ ਵਾਂਗ ਅਡੋਲ ਬਜ਼ਿਦ ਰਿਹਾ।

'ਚਲੋ ਤੁਹਾਡੀ ਮਰਜ਼ੀ।' ਟਨੀ ਨਾਥ ਨੇ ਤਰਸ ਦੇ ਪਾਤਰ ਬਣਨ ਜਿਹਾ ਮੂੰਹ ਬਣਾਇਆ। ਉਹ ਰੋਇਆ ਤਾਂ ਨਹੀਂ ਪਰ ਰੋਣ ਤੋਂ ਘੱਟ ਵੀ ਨਹੀਂ ਸੀ।

'ਪਰ ਮੈਨੂੰ ਯਕੀਨ ਦਿਵਾਓ ਕਿ ਤੁਸੀਂ ਜੇ ਮੇਰੇ ਹੱਕ ਵਿਚ ਨਹੀਂ ਤਾਂ ਮੇਰੇ ਖਿਲਾਫ਼ ਵੀ ਨਹੀਂ ਬੋਲੋਗੇ।' ਮੱਧਮ ਜਿਹਾ ਹਾਸਾ ਮੂੰਹ 'ਤੇ ਲਿਆਂਦੇ ਸਵਾਮੀ ਨੇ ਫਿਰ ਫ਼ਰਿਆਦ ਕੀਤੀ।

'ਅੱਛਾ ਮੈਂ ਕੋਸ਼ਿਸ਼ ਕਰਾਂਗਾ...ਤਕਲੀਫ਼ ਮੁਆਫ। ਪਰ ਯਾਦ ਰੱਖੋ, ਮੈਂ ਜੋ ਵੀ ਕਰਾਂਗਾ, ਜੋ ਵੀ ਕਹਾਂਗਾ, ਆਪਣੀ ਆਤਮਾ ਦੀ ਅੰਦਰਲੀ ਆਵਾਜ਼ 'ਤੇ ਕਹਾਂਗਾ।'

'ਜ਼ਰਾ ਤਿਆਰ ਹੋ ਕੇ ਦਫ਼ਤਰ ਜਲਦੀ ਪਹੁੰਚ ਜਾਓ...ਮੈਂ ਥੋੜ੍ਹਾ ਲੇਟ ਆਵਾਂਗਾ।'

ਜਾਂਦੇ ਜਾਂਦੇ ਸਵਾਮੀ ਨੇ ਫਿਰ ਹਲੀਮੀ ਜਿਹੀ ਵਿਚ ਅਪੀਲ ਕੀਤੀ।

'ਅੱਗੇ ਕਿਹੜਾ ਤੂੰ ਲੇਟ ਨਹੀਂ ਹੁੰਦਾ? ਤੂੰ ਤਾਂ ਕਦੇ ਵੀ ਲੇਟ ਨਹੀਂ ਹੁੰਦਾ। ਲੇਟ ਤਾਂ ਅਸੀਂ ਹੀ ਹੁੰਦੇ ਹਾਂ। ਅੱਛਾ ਠੀਕ ਆ ਓ-ਕੇ...ਦਫਤਰ ਤਾਂ ਮੈਂ ਜਾਣਾ ਹੀ ਹੈ। ਤੂੰ ਨਾ ਕਹਿੰਦਾ ਤਾਂ ਵੀ ਮੈਂ ਜਾਣਾ ਹੀ ਸੀ...।' ਜ਼ੋਰ ਦੀ ਦਰਵਾਜ਼ਾ ਬੰਦ ਹੋਣ ਦੀ ਆਵਾਜ਼ ਕਿੰਨੀ ਦੂਰ ਤੱਕ ਟਨੀ ਨਾਥ ਦਾ ਪਿੱਛਾ ਕਰਦੀ ਰਹੀ।

ਪੰਨਾ ਸਿੰਘ ਟਨੀ ਨਾਥ ਦੇ ਸਾਰੇ ਆਡੰਬਰ ਜਮਾਂ, ਘਟਾਓ, ਤਕਸੀਮ ਅਤੇ ਗੁਣਾਂ ਦੇ ਸਾਰੇ ਛਾਬਿਆਂ ਚ ਤੋਲਣ ਲੱਗਾ। ਪੈਰ ਪੈਰ 'ਤੇ ਪਾਸਕੂੰ, ਗੱਲ ਗੱਲ ਵਿਚ ਖੋਟ, ਟਨੀ ਨਾਥ ਦੇ ਅਕਸ ਨੂੰ ਹੋਰ ਗੰਧਲਾ ਕਰ ਗਏ। ਟਨੀ ਨਾਥ ਦੀ ਇਸ ਬੇਲੋੜੀ ਤੇ ਬੇ-ਮਤਲਬ ਫੇਰੀ ਨੇ ਪੰਨਾ ਸਿੰਘ ਨੂੰ ਹੋਰ ਲੋਹੇ ਦਾ ਥਣ ਬਣਾ ਦਿਤਾ।

'ਸਾਲਾ ਕਮਜ਼ਾਤ! ਢੇਕਾ ਰਾਣੀ ਖਾਂ ਦਾ! ਕਹਿੰਦਾ....ਪੰਨੇ ਨੂੰ ਜ਼ੀਰੋ ਕਰ ਕੇ ਮੈਂ ਹੀਰੋ ਬਣੂੰ....ਤੇ ਲਈ ਫਿਰਦਾ ਆਪਣੇ ਪਿੱਛੇ ਟੁਕਟੇਰਾਂ ਦੀ ਟੋਲੀ। ਹੂੰ.....ਹੂੰਅ, ਜੋ ਮੈਨੂੰ ਵੀ ਦੱਸ ਜਾਂਦੇ ਨੇ ਆ ਕੇ.....ਰੋਜ਼ ਇਹਦੀ ਕਰਤੂਤ.....।'

ਪੰਨਾ ਕਿੰਨਾ ਚਿਰ ਆਪਣੇ ਆਪ ਵਿਚ ਵਿੱਸ ਘੋਲਦਾ ਰਿਹਾ।

ਂ ਂ ਂ

## 3

ਅੱਜ ਦਫ਼ਤਰ ਵਿਚ ਆਉਣ ਵਾਲਾ ਪਹਿਲਾ ਆਦਮੀ ਚਪੜਾਸੀ ਹੀ ਸੀ ਜੋ ਸਵੇਰੇ ਅੱਠ ਵਜੇ ਹੀ ਪਹੁੰਚ ਗਿਆ ਸੀ ਤੇ ਉਸ ਦੇ ਪਿੱਛੇ ਦਫ਼ਤਰ ਦੀ ਸਫ਼ਾਈ ਸੇਵਕਾ ਰਾਮੋ। ਵੱਡੇ ਸਾਹਬ ਦੇ ਆਉਣ ਕਰਕੇ ਅੱਜ ਖਾਸ ਸਫ਼ਾਈ ਕੀਤੀ ਕਰਾਈ ਗਈ ਸੀ। ਟਨੀ ਨਾਥ ਦੇ ਘਰ ਗਿਆ ਹੋਇਆ ਦਫ਼ਤਰ ਦਾ ਫਰਨੀਚਰ ਵੀ ਕੱਲ੍ਹ ਸ਼ਾਮ ਤੱਕ ਵਾਪਸ ਪਹੁੰਚ ਚੁੱਕਾ ਸੀ, ਕਿਉਂਕਿ ਦਫ਼ਤਰ ਦੀ ਇੰਨਸਪੈਕਸ਼ਨ ਸਮੇਂ ਇਸ ਸਭ ਕੁਝ ਦੀ ਗਿਣਤੀ ਹੋਣੀ ਸੀ। ਦਫ਼ਤਰ ਦੀਆਂ ਛੇ ਟਿਊਬਾਂ ਜੋ ਪਿੱਛਲੇ ਇਕ ਸਾਲ ਤੋਂ ਉਹਦੇ ਘਰ ਚਾਨਣ ਵੰਡਦੀਆਂ ਰਹੀਆਂ, ਵਾਪਸ ਆ ਗਈਆਂ ਸਨ। ਸਰਕਾਰੀ ਮੇਜ਼ ਕੁਰਸੀਆਂ, ਹੀਟਰ, ਕੂਲਰ ਸਭ ਮੁੜ ਆਏ ਸਨ। ਠੇਕੇਦਾਰਾਂ ਤੇ ਕਾਰਖਾਨੇਦਾਰਾਂ ਤੋਂ ਉਗਰਾਹੀ ਕਰਕੇ ਦਫ਼ਤਰ ਦਾ ਖਾਸ ਤੌਰ 'ਤੇ ਜਲੌਅ ਕੀਤਾ ਗਿਆ ਸੀ ਤੇ ਇਹ ਸਭ ਕੁਝ ਟਨੀ ਨਾਥ ਦੀ ਹੀ ਮਿਹਨਤ ਦਾ ਸਦਕਾ ਸੀ, ਜਿਸ ਦਾ ਉਪਰ ਤੇ ਥੱਲੇ ਹਰ ਪੱਧਰ 'ਤੇ ਪਹੁੰਚ ਤੇ ਅਸਰ ਰਸੂਖ ਸੀ। ਠੇਕੇਦਾਰਾਂ ਨੂੰ ਜਲਦੀ ਬਿੱਲ ਪਾਸ ਕਰਾਉਣ ਦੇ ਝਾਂਸੇ ਦੇ ਕੇ ਤੇ ਕਾਰਖਾਨੇਦਾਰਾਂ ਨੂੰ ਜੁਰਮਾਨੇ ਤੋਂ ਰਾਹਤ ਦਿਵਾਉਣ ਦੇ ਲਾਲਚ ਦੇ ਕੇ ਤੇ ਦਫ਼ਤਰ ਦੇ ਕਈ ਕਰਿੰਦਿਆਂ ਕੋਲੋਂ ਉਹਨਾਂ ਦੇ ਰੁਕੇ ਕੰਮ

ਕਢ੍ਹਾਉਂਣ ਲਈ ਸਾਹਬ ਨੂੰ ਟਿੱਪ ਦੇਣ ਲਈ ਖਾਸੀ ਮੋਟੀ ਰਕਮ ਨਾਲ ਜੇਬ ਭਰ ਲਈ ਸੀ। ਸਾਹਬ ਦੀ ਆਵਾਜਾਈ ਲਈ ਇਕ ਵੱਡੀ ਕਾਰ ਤਿਆਰ ਖੜੀ ਸੀ।

ਚਪੜਾਸੀ ਰਾਮੋ ਨੂੰ ਸਾਰਾ ਕੰਮ ਸਮਝਾ ਕੇ ਬਾਹਰ ਚਲਾ ਗਿਆ। ਰਾਮੋ ਵੀ ਅੱਜ ਕੁਝ ਜ਼ਿਆਦਾ ਹੀ ਸੱਜੀ ਚਮਕੀ ਹੋਈ ਸੀ, ਜਿਵੇਂ ਅੱਜ ਦਫ਼ਤਰ ਦਾ ਨਹੀਂ ਉਸੇ ਦਾ ਹੀ ਮੁਲਾਹਿਜਾ ਹੋਣਾ ਹੋਵੇ। ਨੀਲੇ ਬਲੌਰੀ ਨੈਣਾਂ ਵਿਚ ਕੰਨਾਂ ਤੱਕ ਕਜਲੇ ਦੀ ਧਾਰ, ਵੀ ਸ਼ੇਪ ਕਮੀਜ਼ ਕੱਟ ਵਿਚੋਂ ਡੁੱਲ ਡੁੱਲ ਪੈਂਦੇ ਉਸ ਦੇ ਹੁਸਨਾਂ ਦੇ ਭੰਡਾਰ ਉਸ ਦੇ ਜਵਾਨ ਹੋਣ ਦਾ ਭੁਲੇਖਾ ਪਾਉਂਦੇ ਸਨ। ਇਕ ਕੱਪੜਾ ਲੈ ਕੇ ਉਸਨੇ ਇਧਰ ਉਧਰ ਮਾਰਨਾ ਸ਼ੁਰੂ ਕੀਤਾ, ਮਾਨੋ ਸਮਾਂ ਲੰਘਾਉਣ ਲਈ ਹੀ ਇਹ ਸਭ ਕੁਝ ਕਰ ਰਹੀ ਹੋਵੇ। ਸਫਾਈ ਤਾਂ ਕੱਲ੍ਹ ਸ਼ਾਮ ਦੀ ਹੀ ਹੋ ਚੁੱਕੀ ਸੀ।

ਰਾਮੋ ਨੇ ਬਾਹਰ ਡਿੱਠਾ। ਕੋਈ ਆ ਰਿਹਾ ਸੀ। ਉਸ ਦਾ ਦਿਲ ਹੋਰ ਤੇਜ਼ ਧੜਕਣ ਲੱਗਾ। ਹਾਂ ਇਹ ਉਹੀ ਸੀ ਜਿਸ ਨੂੰ ਉਹ ਕਈ ਵੇਰਾਂ ਵੇਖਦੀ ਸੀ, ਹਮੇਸ਼ਾ ਨਮੱਸਤੇ ਕਰਦੀ ਸੀ। ਬਿਨਾਂ ਝਿਜਕ ਦਫ਼ਤਰ ਦੀ ਗੱਲ ਦੱਸਦੀ ਸੀ, ਪੁੱਛਦੀ ਸੀ। ਪਰ ਅੱਜ ਉਸਨੂੰ ਉਸ ਕੋਲੋਂ ਕਿਉਂ ਡਰ ਲੱਗਣ ਲੱਗਾ ਹੈ। ਉਸ ਕੋਲੋਂ ਕਈ ਵੇਰਾਂ ਪੰਜ ਦਸ ਰੁਪੈ ਉਧਾਰ ਲੈਂਦੀ ਸੀ। ਕਈ ਵੇਰਾਂ ਜੇ ਮੋੜ ਦਿੱਤੇ ਤਾਂ ਵੀ ਠੀਕ ਤੇ ਜੇ ਨਾ ਮੋੜੇ ਤਾਂ ਵੀ ਉਹਨੇ ਕਦੇ ਪੁੱਛਿਆ ਨਹੀਂ ਸੀ। ਟਾਕੀ ਫੇਰਦੀ ਫੇਰਦੀ ਉਸ ਦਾ ਹੱਥ ਰੁਕ ਗਿਆ। ਬਾਬੂ ਜੀ ਬਾਹਰ ਹੀ ਖਲੋ ਗਏ ਸਨ। ਉਸ ਨੇ ਫਿਰ ਬਾਹਰ ਝਾਕਿਆ। ਬਾਬੂ ਨਾਲ ਅੱਖਾਂ ਟਕਰਾਈਆਂ। ਉਸ ਦੀਆਂ ਅੱਖਾਂ ਵਿਚ ਸ਼ਰਾਰਤ, ਡਰ ਤੇ ਸ਼ਰਮ ਦੇ ਰਲਗੱਡ ਡੋਰੇ ਲਟਕਣ ਲੱਗੇ।

'ਬਾਬੂ ਜੀ! ਕੀ ਟਾਈਮ ਹੈ?' ਉਸ ਨੇ ਆਪਣਾ ਗੁੱਟ ਉਪਰ ਚੁੱਕਦੇ ਇਸ਼ਾਰਾ ਕੀਤਾ।

'ਸਾਢੇ ਅੱਠ ਵੱਜਣ ਵਾਲੇ ਨੇ।'

'ਹਾਏ! ਮੈਂ ਮਰਗੀ! ਐਨਾ ਟਾਈਮ ਹੋ ਗਿਆ?' ਉਹ ਘਬਰਾਹਟ ਜਿਹੀ ਵਿਚ ਤ੍ਰੱਭਕੀ।

'ਕੀ ਗੱਲ ਅੱਜ! ਕੀਹਨੂੰ ਕਤਲ ਕਰਨੈਂ।' ਬਾਬੂ ਨੇ ਸ਼ਰਾਰਤ ਕੀਤੀ।

'ਤੁਹਾਡੀ ਸੇਵਾ ਲਈ.....ਸਭ ਕੁਝ.....।' ਉਸ ਨੇ ਮੁੰਦੀਆਂ ਅੱਖਾਂ ਟਪਕਾਂਦੇ ਲੱਕ ਦਾ ਮਰੋੜਾ ਭਰਿਆ ਤੇ ਟਾਕੀ ਲੈ ਕੇ ਪਿਛਲੇ ਹਨੇਰੇ ਕਮਰੇ ਵੱਲ ਤੁਰ ਪਈ। ਉਸ ਨੇ ਪਿੱਛੇ ਮੁੜ ਕੇ ਦੇਖਿਆ...ਬਾਬੂ ਉਥੇ ਹੀ ਖੜਾ ਸੀ। ਠੰਢ ਅੰਦਰ ਵੀ ਸੀ। ਬਾਹਰ ਵੀ ਸੀ। ਅੰਦਰ ਉਹ ਆਪ ਸੀ, ਤੇ ਬਾਹਰ ਬਾਬੂ। ਜੂੜੀ ਲਗਾਉਣ ਨੂੰ ਉਸ ਦਾ ਉੱਕਾ ਹੀ ਚਿੱਤ ਨਾ ਕੀਤਾ।

'ਜਲਦੀ ਆਓ ਨਾ! ਬਾਬੂ ਜੀ।' ਉਸ ਨੇ ਲਾਡੀ ਜਿਹੀ ਦਿਖਾਈ।

'ਇਹ ਤਾਕੀ ਖੋਲ੍ਹ ਦਿਓ ਨਾ....ਆ ਕੇ.....।' ਉਸ ਨੇ ਆਪਣੇ ਦੋਵੇਂ ਹੱਥ ਸਿਰ ਉਤੋਂ ਦੀ ਮੌਰਾਂ ਵੱਲ ਨੂੰ ਵਧਾਂਦੇ ਹੋਏ ਚਲਿੱਤਰ ਜਿਹਾ ਕੀਤਾ। ਬਾਬੂ ਘੜੀ ਦੇਖਦੇ ਅੰਦਰ ਵਧਿਆ।

'ਮੌਸਮ ਬਹੁਤ ਬੇਈਮਾਨ ਹੈ, ਸਮਾਂ ਬਹੁਤ ਨਾਜ਼ਕ ਹੈ, ਥੋੜ੍ਹਾ ਹੈ, ਇਮਾਰਤ ਬਹੁਤ ਅਜ਼ੀਮ ਹੈ।' ਉਸ ਦੇ ਅੰਦਰ ਦਾ ਰੁੱਗ ਭਰਿਆ ਗਿਆ।

ਬਾਬੂ ਦੇ ਅੰਦਰ ਵੜਦੇ ਹੀ ਛਾਤੀ ਮਟਕਾ ਕੇ ਰਾਮੋ ਨੇ ਉਸ ਨੂੰ ਪੈਰਾਂ ਤੋਂ ਉਖਾੜ ਦਿੱਤਾ। ਉਸ ਦੀ ਇਹ ਨਜ਼ਾਕਤ ਬਾਬੂ ਨੂੰ ਕਤਲ ਕਰ ਗਈ ਤੇ ਹੁਣ ਉਹ ਉਸ ਦੇ ਸਾਹਮਣੇ ਖੜੀ ਸੀ ਪੂਰੀ ਦੀ ਪੂਰੀ ਲਾਲ ਪਰੀ, ਬਲੌਰੀ ਬੋਤਲ।

'ਤੁਸੀਂ ਬੜੇ ਚੰਗੇ ਓ! ਬਾਬੂ ਜੀ।' ਰਾਮੋ ਨੇ ਬਾਬੂ ਨੂੰ ਕਲਾਵੇ ਵਿਚ ਭਰ ਲਿਆ।

'ਨਹੀਂ! ਅੱਜ ਨਹੀਂ! ਫੇਰ ਕਿਤੇ ਤੇਰਾ ਉਲਾਂਭਾ ਲਾਹਾਂਗੇ। ਅੱਜ ਸਾਹਬ ਆਉਣ ਵਾਲੇ ਨੇ।' ਬਾਬੂ ਨੇ ਉਸ ਦੇ ਹੱਥ ਢਿੱਲੇ ਕਰਕੇ ਆਪਣੇ ਆਪ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ।

'ਬਾਬੂ ਜੀ! ਅੱਜ ਮੈਂ ਪਿਆਸੀ ਹਾਂ....ਅੱਜ ਮੇਰੀ ਪਿਆਸ ਬੁਝਾ ਦਿਓ।' ਉਸਨੇ ਫਿਰ ਸਾਰਾ ਸਰੀਰ ਛੰਡ ਕੇ ਤਰਲਾ ਜਿਹਾ ਕੀਤਾ ਤੇ ਉਸ ਨਾਲ ਚਿੰਬੜ ਗਈ। ਬਾਬੂ ਦੇ ਹੋਸ਼ ਹਵਾਸ ਗੁੰਮ ਹੋਣ ਲੱਗੇ, ਜਿਵੇਂ ਉਸ ਨੂੰ ਮਾਰਫੀਏ ਦਾ ਟੀਕਾ ਲੱਗ ਗਿਆ ਹੋਵੇ। ਆਸੇ ਪਾਸੇ ਤੋਂ ਬੇਖਬਰ ਬੇਖੌਫ਼ ਬਾਬੂ ਜੀ ਨੱਥ ਪਾਈ ਬਾਂਦਰ ਵਾਂਗ ਊਠਕ ਬੈਠਕ ਕਰਨ ਲੱਗੇ।

ਬਾਹਰ ਕੁਝ ਆਹਟ ਹੋਈ, ਕਲਿੱਕ ਦੀ ਆਵਾਜ਼ ਆਈ। ਉਹਨਾਂ ਦੀ ਕਾਰਜ-ਸ਼ੀਲਤਾ ਵਿਚ ਪਏ ਵਿਘਨ ਨੇ ਬਾਬੂ ਨੂੰ ਝੰਜੋੜ ਦਿਤਾ। ਬਾਬੂ ਹੁਣ ਆਪਣੀ ਹੋਸ਼ ਵਿਚ ਆ ਚੁੱਕਾ ਸੀ। ਭਾਵੇਂ ਉਸ ਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ। ਉਸਨੇ ਡਿੱਠਾ ਰੌਸ਼ਨਦਾਨ ਵਿਚੋਂ ਕੋਈ ਉਹਨਾਂ ਦੀ ਚੋਰੀ ਕਰ ਰਿਹਾ ਸੀ। ਇਕ ਮਿੰਟ ਦੀ ਮਿੰਟ ਬਾਬੂ ਜੀ ਦੌੜਦੇ ਆਪਣਾ ਆਪ ਸਾਂਭਦੇ ਬਾਹਰ ਨਿਕਲੇ। ਕਮਰੇ ਦੇ ਰੌਸ਼ਨਦਾਨ ਨਾਲ ਚੰਬੜਿਆ ਟਨੀ ਨਾਥ ਛੜੱਪਾ ਮਾਰਕੇ ਥੱਲੇ ਉੱਤਰ ਆਇਆ। ਉਹ ਕਦੇ ਸ਼ਾਮੂ ਸ਼ਾਹ ਦੇ ਰਹਿਮ ਮੰਗਦੇ ਚਿਹਰੇ ਵੱਲ ਤੇ ਕਦੇ ਰਾਮੋ ਵੱਲ ਵੇਖ ਰਿਹਾ ਸੀ।

ਝਾੜੂ ਚੁੱਕ ਕੇ ਕੱਪੜੇ ਸਾਂਭਦੀ ਰਾਮੋ ਟਨੀ ਨਾਥ ਕੋਲ ਆ ਖੜੀ ਹੋਈ। ਟਨੀ ਨਾਥ ਨੇ ਇਕ ਨਜ਼ਰ ਸ਼ਾਮੂ ਸ਼ਾਹ ਵੱਲ ਵੇਖਿਆ ਤੇ ਪੰਜਾਹ ਦਾ ਨੋਟ ਕੱਢ ਕੇ ਰਾਮੋ ਨੂੰ ਫੜਾ ਦਿੱਤਾ।

'ਤੂੰ ਤਾਂ ਗਲਤ ਸ਼ਿਕਾਰ ਮਾਰ ਦਿੱਤਾ ਰਾਮੋ....!' ਤੇ ਉਹ, ਔਹ ਗਈ...ਔਹ ਗਈ...ਔਹ ਗਈ...। ਸ਼ਾਮੂ ਨੇ ਡਰਦੇ ਡਰਦੇ ਢੇਰ ਸਾਰੀ ਗਵਾਚੀ ਹੋਈ ਮਾਨਸਿਕ ਊਰਜਾ ਇਕੱਠੀ ਕੀਤੀ ਤੇ ਸੱਜੇ ਹੱਥ ਦਾ ਥੱਪੜ ਸਵਾਮੀ ਵੱਲ ਵਧਾਇਆ।

'ਘਰ ਦੀ ਉੱਖਲੀ ਵਿਚ ਹੀ ਛੇਕ ਕਰਨ ਲੱਗੈਂ ਭੈਣ ਦੇਣਿਆ?'

'ਨਹੀਂ ਭਰਾਵਾ ਮੈਂ ਤਾਂ ਪੰਨੇ ਨੂੰ ਫਸਾਉਣ ਦੀ ਤਾਕ ਵਿਚ ਸਾਂ।'

ਸਵਾਮੀ ਨੇ ਗੱਲ੍ਹ ਮੂੰਹ ਬਚਾ ਕੇ ਥੱਪੜ ਹੱਥ ਵਿਚ ਹੀ ਬੋਚ ਲਿਆ।

ਦੋਵੇਂ ਭਾਈ ਇਸ ਤੋਂ ਵੱਧ ਕੁਝ ਨਾ ਬੋਲ ਸਕੇ।

ਇਕ ਗੰਭੀਰ ਡਰੀ ਹੋਈ ਚੁੱਪ ਦੋਵਾਂ ਦੇ ਵਿਚਾਲੇ ਕੰਧ ਬਣ ਗਈ।

ਸ਼ਹਿਰ ਵਿਚ ਕਰਫ਼ਿਊ ਹੋਣ ਦੇ ਬਾਵਜੂਦ ਸਵੇਰੇ ਦਸ ਵਜੇ ਤੱਕ ਸਾਰੀ ਹਾਜ਼ਰੀ ਇਕ ਦਮ ਪੂਰੀ ਹੋ ਗਈ। ਸਾਰੇ ਕਮਰਿਆਂ ਦੀਆਂ ਕੁਰਸੀਆਂ ਦੇ ਭਾਗ ਜਾਗ ਪਏ। ਦਫ਼ਤਰ ਆ ਕੇ ਘੰਟਾ ਭਰ ਲਾਅਨ ਵਿਚ ਬਾਹਰ ਬੈਠ ਕੇ ਤਾਸ਼ ਖੇਲਣ ਜਾਂ ਗੱਪ-ਛੱਪ ਮਾਰਨ ਦੀ ਥਾਂ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਸੱਜ ਗਏ। ਦਫ਼ਤਰ ਵਿਚ ਖਾਸੀ ਚੰਗੀ ਰੌਣਕ ਸੀ। ਹਰ ਰੋਜ਼ ਬਾਰਾਂ ਵਜੇ ਦਫ਼ਤਰ ਆ ਕੇ ਨੌਂ ਵਜੇ ਦੀ ਹਾਜ਼ਰੀ ਲਗਾਉਣ ਵਾਲਾ ਸ਼ਾਮੂ ਸ਼ਾਹ ਵੀ ਅੱਜ ਪੂਰੇ ਟਾਈਮ 'ਤੇ ਆਪਣੀ ਸੀਟ 'ਤੇ ਬਿਰਾਜਮਾਨ ਸੀ। ਹਰ ਇਕ ਦੇ ਚਿਹਰੇ 'ਤੇ ਉਤਸੁਕ ਡਰ ਦੀ ਪਰਛਾਈ ਲਟਕ ਰਹੀ ਸੀ। ਹਰ ਇਕ ਨੇ ਹੱਥ ਚ ਕਲਮ ਪੈਨ ਫੜੀ ਆਪਣੀਆਂ ਨਜ਼ਰਾਂ ਫਾਈਲਾਂ 'ਤੇ ਟਿਕਾ ਰੱਖੀਆਂ ਸਨ, ਭਾਵੇਂ ਖਿੜਕੀਆਂ ਦੇ ਸ਼ੀਸ਼ਿਆਂ ਰਾਹੀਂ ਹਰ ਇਕ ਦਾ ਧਿਆਨ ਸਾਹਮਣੇ ਆਉਂਦੀ ਸੜਕ ਵੱਲ ਸੀ। ਸ਼ਾਮੂ ਨੇ ਹਮੇਸ਼ਾ ਵਾਂਗ ਹਾਜ਼ਰੀ ਰਜਿਸਟਰ ਫੜਿਆ, ਪੰਨਾ ਸਿੰਘ ਤੋਂ ਬਿਨਾਂ ਸਭ ਦੀਆਂ ਹਾਜ਼ਰੀਆਂ ਲੱਗੀਆਂ ਹੋਈਆਂ ਸਨ। ਪੰਨੇ ਦੇ ਖਾਨੇ ਵਿਚ ਉਸ ਨੇ ਘਰੋੜ ਕੇ ਕਾਂਟਾ ਲਗਾ ਦਿੱਤਾ ਤੇ ਰਜਿਸਟਰ ਰਾਮ ਲਾਲ ਅਧਿਅਕਸ਼ ਦੇ ਮੇਜ਼ 'ਤੇ ਪਹੁੰਚਾ ਦਿੱਤਾ।

'ਅੱਜ ਇਹ ਫਸੇਗਾ।' ਸ਼ਾਮੂ ਪੰਨੇ ਦੀ ਗੈਰਹਾਜ਼ਰੀ 'ਤੇ ਬਹੁਤ ਖੁਸ਼ ਸੀ। ਉਸ ਨੂੰ ਚੰਗਾ ਮੌਕਾ ਮਿਲ ਗਿਆ। ਪੰਨਾ ਸਿੰਘ ਦੇ ਖਿਲਾਫ਼ ਇਕ ਹੋਰ ਸਾਬਤ ਸਬੂਤਾ ਘੜਿਆ ਘੜਾਇਆ ਇਲਜ਼ਾਮ ਆਪਣੇ ਆਪ ਹੀ ਉੱਭਰ ਆਇਆ ਸੀ।

ਠੀਕ ਸਵਾ ਦਸ ਵਜੇ ਨੀਲੇ ਰੰਗ ਦੀ ਇਕ ਕਾਰ ਦਫ਼ਤਰ ਵੱਲ ਮੁੜਦੀ ਵੇਖ ਕੇ ਸਾਰੇ ਸਾਵਧਾਨ ਹੋ ਗਏ। ਇਹ ਉਹੀ ਕਾਰ ਸੀ ਜੋ ਸਾਹਬ ਲਈ ਕਿਸੇ ਪਾਰਟੀ ਤੋਂ ਵਗਾਰ 'ਤੇ ਲੈ ਰੱਖੀ ਸੀ। ਸਭ ਤੋਂ ਪਹਿਲਾਂ ਸ਼ਾਮੂ ਦੌੜ ਕੇ ਬਾਹਰ ਗੇਟ ਵੱਲ ਨੂੰ ਵਧਿਆ ਤੇ ਕਾਰ ਦੇ ਸਾਹਮਣੇ ਜਾ ਕੇ ਹੱਥ ਜੋੜ ਕੇ ਨਮਸਤੇ ਕਹੀ। ਸਾਹਬ ਨੇ ਵੀ ਇਕ ਹੱਥ ਨਾਲ ਮੱਥੇ ਨੂੰ ਇਸ਼ਾਰਾ ਕਰਦੇ ਮੁਸਕਾਨ ਭਰਕੇ ਉਸ ਦੀ ਨਮਸਤੇ ਦਾ ਹੁੰਗਾਰਾ ਦਿਤਾ। ਐਨੇ ਵਿਚ ਰਾਮ ਲਾਲ ਵੀ ਕਾਲੀਆ ਸਾਹਿਬ ਦੇ ਸੁਆਗਤ ਲਈ ਬਾਹਰ ਨਿਕਲ ਆਏ। ਸ਼ਾਮੂ ਨੇ ਕਾਰ ਦਾ ਦਰਵਾਜ਼ਾ ਖੋਲ੍ਹਿਆ। ਸਾਹਬ ਸਾਹਨੇ ਵਾਂਗ ਆਕੜਿਆ, ਕਾਰ ਵਿਚੋਂ ਬਾਹਰ ਨਿਕਲਦਾ, ਮੁਛਾਂ ਨੂੰ ਵੱਟ ਦਿੰਦਾ ਸਭ ਨਾਲ ਹੱਥ ਮਿਲਾਉਣ ਲੱਗਾ।

'ਕਾਕਾ ਰਾਮ!.....!' ਸ਼ਾਮੂ ਨੇ ਰੁਹਬ ਭਰੀ ਆਵਾਜ਼ ਮਾਰੀ।

'ਹਾਂ ਜੀ...ਜਨਾਬ!...।' ਚਪੜਾਸੀ ਦੌੜ ਕੇ ਲਾਗੇ ਆਇਆ।

'ਹਾਰ!.....ਹਾਰ ਲਿਆ ਜਲਦੀ!'

ਚਪੜਾਸੀ ਹਾਰ ਲੈ ਕੇ ਆਇਆ। ਉਹਨਾਂ ਵਿਚੋਂ ਇਕ ਆਪੇ ਹੀ ਸ਼ਾਮੂ ਨੇ ਫੜ ਲਿਆ। ਇਕ ਸਵਾਮੀ ਨੂੰ ਵਗਾਹ ਦਿੱਤਾ ਤੇ ਇਕ ਰਾਮ ਲਾਲ ਨੂੰ ਫੜਾ ਦਿੱਤਾ। ਲਾਗੇ ਖੜੇ ਸਟਾਫ ਦੇ ਹੋਰ ਵੀਹ ਪੱਚੀ ਕਰਿੰਦਿਆਂ ਨੇ ਇਹਨਾਂ ਦਾ ਇਹ ਵਰਤਾਰਾ ਵੇਖ ਕੇ ਕੜਵਾਹਟ ਮਹਿਸੂਸ ਕੀਤੀ। ਸਾਹਬ ਨੇ ਇਕ ਨਜ਼ਰੇ ਸਭ ਦੇ ਚਿਹਰੇ ਪੜ੍ਹੇ ਤੇ ਦੋਹਾਂ ਹੱਥਾਂ ਨਾਲ ਸ਼ਾਮੂ ਦਾ ਹਾਰ ਸਵੀਕਾਰ ਕੀਤਾ। ਫਿਰ ਲਾਲ ਸਾਹਿਬ ਦੇ ਅੱਗੇ ਆਉਣ ਤੋਂ ਪਹਿਲਾਂ ਟਨੀ ਨਾਥ ਆਪਣਾ ਨੰਬਰ ਲਗਾ ਗਿਆ। ਜਿਸ ਦੀ ਫੂਕ ਵੱਜ ਜਾਵੇ ਪਹਿਲਾਂ, ਜਿੱਤ ਉਸੇ ਦੀ ਕਹਿੰਦੇ। ਲਾਲ ਸਾਹਿਬ ਦੀ ਵਾਰੀ ਸਭ ਤੋਂ ਪਿਛੋਂ ਆਈ। ਕਾਲੀਆ ਸਾਹਬ ਨੇ ਪਹਿਲੇ ਦੋਵੇਂ ਹਾਰ ਉਤਾਰ ਕੇ ਸੇਵਾਦਾਰ ਨੂੰ ਫੜਾ ਦਿੱਤੇ ਤੇ ਫਿਰ ਰਾਮ ਲਾਲ ਦਾ ਹਾਰ ਬੜੇ ਨਿੱਘੇ ਚਾਅ ਨਾਲ ਸਿਰ ਨਿਵਾ ਕੇ ਆਪਣੇ ਗਲ ਪੁਆ ਲਿਆ ਤੇ ਲਾਲ ਸਾਹਬ ਦੀ ਪਿੱਠ 'ਤੇ ਹੱਥ ਫੇਰਦੇ ਬੜੇ ਪਿਆਰ ਨਾਲ, ਅੰਦਰ ਨੂੰ ਤੁਰ ਪਏ। ਦੋਵੇਂ ਭਰਾ ਸ਼ਾਮੂ ਤੇ ਸਵਾਮੀ ਕਾਲੀਆ ਸਾਹਿਬ ਦੀ ਇਹ ਬੇਗਾਨਗੀ ਵੇਖ ਕੇ ਸੜ ਬਲ ਕੋਲਾ ਹੋ ਗਏ।

ਉਹਨਾਂ ਨੂੰ ਕਾਲੀਆ ਸਾਹਿਬ ਦੀ ਅਜਿਹੀ ਹਰਕਤ 'ਤੇ ਬਹੁਤ ਹੈਰਾਨੀ ਹੋਈ। ਉਹਨਾਂ ਹੀਣਤਾ ਜਿਹੀ ਮਹਿਸੂਸ ਕੀਤੀ। ਕਿੱਥੇ ਉਹ ਸੋਚਦੇ ਸਨ ਕਿ ਸਾਹਬ ਕੋਲੋਂ ਜੋ ਮਰਜ਼ੀ ਕੰਮ ਕਰਾਉਣਗੇ ਤੇ ਕਿਥੇ ਸਾਹਬ ਨੇ ਉਹਨਾਂ ਦੇ ਪਹਿਲੇ ਹਾਰ ਵੀ ਪਾਸੇ ਸੁੱਟ ਕੇ ਲਾਲ ਸਾਹਬ ਦਾ ਹਾਰ ਹੀ ਨਿਵਾਜਿਆ। ਗੱਲ ਤਾਂ ਭਾਵੇਂ ਕੁਝ ਵੀ ਨਹੀਂ ਸੀ। ਇਕ ਪੱਖੋਂ ਠੀਕ ਵੀ ਸੀ ਕਿ ਦਫ਼ਤਰ ਦੇ ਇੰਨਚਾਰਜ ਨੂੰ ਅਣਗੌਲੇ ਕਰਕੇ ਛੋਟਿਆਂ ਨੂੰ ਤਰਜੀਹ ਦੇਣੀ ਕਿਸੇ ਤਰ੍ਹਾਂ ਵੀ ਉਚਿੱਤ ਨਹੀਂ ਸੀ। ਪਰ ਦੋਹਾਂ ਭਰਾਵਾਂ ਨੂੰ ਇਸ ਵਿਚ ਆਪਣੀ ਪਹਿਲੀ ਹਾਰ ਨਜ਼ਰੀਂ ਆਈ, ਭਾਵੇਂ ਰਾਮ ਲਾਲ ਜਾਂ ਕਾਲੀਆ ਸਾਹਿਬ, ਕਿਸੇ ਦਾ ਵੀ ਉਹਨਾਂ ਨੂੰ ਛੁਟਿਆਉਣ ਦਾ ਕੋਈ ਇਰਾਦਾ ਨਹੀਂ ਸੀ।

ਅਧਿਅਕਸ਼ ਰਾਮ ਲਾਲ ਨੇ ਕਾਲੀਆ ਸਾਹਬ ਨੂੰ ਸਾਰੇ ਕਮਰਿਆ ਦਾ ਮੁਆਇਨਾ ਕਰਾਇਆ।

'ਇਹ ਹਾਲ ਕਮਰਾ...ਇਹ ਸਟੋਰ...ਇਹ ਗੈਸਟ ਰੂਮ...ਇਹ ਲੈਟਰੀਨ ਹੈ ਜੀ...।' ਸਾਰੇ ਉਥੇ ਆ ਕੇ ਰੁੱਕ ਗਏ।

'ਨਾਲ ਦੇ ਕਮਰੇ ਵਿਚ ਸਭ ਠੀਕ ਠਾਕ ਹੈ ਜੀ।'

'ਪਰ!...ਪਰ! ਇਹ ਚੂੜੀਆਂ...???' ਕਾਲੀਆ ਸਾਹਬ ਦੇ ਪੈਰਾਂ ਨੂੰ ਬਰੇਕ ਲੱਗ ਗਈ।

ਦੋਵਾਂ ਭਰਾਵਾਂ ਦੀਆਂ ਨਜ਼ਰਾਂ ਟਕਰਾ ਕੇ ਨੀਵੀਆਂ ਹੋ ਗਈਆਂ। ਸ਼ਾਮੂ ਨੂੰ ਕਾਂਬਾ ਜਿਹਾ ਛਿੜ ਗਿਆ। ਇਹ ਚੂੜੀਆਂ ਸੱਪ ਦੇ ਕੁੰਡਲਾਂ ਵਾਂਗ ਉਸ ਦੇ ਲੱਕ ਉਦਾਲੇ ਲਿਪਟਦੀਆਂ ਜਾਪੀਆਂ।

'ਸਫਾਈ ਸੇਵਕਾ ਦੇ ਕਿਸੇ ਬੱਚੇ ਦੀਆਂ ਹੋਣਗੀਆਂ।'

ਸ਼ਾਮੂ ਨੇ ਬੇਸ਼ਰਮਾਂ ਵਾਂਗ ਆਪਣਾ ਮਖੌਟਾ ਛੁਪਾਉਂਦੇ ਕਿਹਾ।

'ਨਹੀਂ! ਇਹ ਬੱਚੇ ਦੀਆਂ ਨਹੀਂ! ਇਹ ਤਾਂ ਵੱਡੀਆਂ ਚੂੜੀਆਂ ਹਨ। ਇਹ ਕਿਵੇਂ?' ਸਾਹਬ ਦੀਆਂ ਅੱਖਾਂ ਵਿਚ ਸ਼ਰਾਰਤ ਭਰੀ ਮੁਸਕਾਨ ਆ ਟਪਕੀ।

'ਹੀ.....ਹੀ.....ਹੀ....ਜੀ ਇਹ ਸ਼ਾਮੋ ਦੀਆਂ ਹੀ ਹੋਣਗੀਆਂ ਫਿਰ!' ਰਾਮ ਲਾਲ ਨੇ ਮਾਮਲਾ ਹੋਰ ਅੱਗੇ ਵਧਦਾ ਵੇਖ ਕੇ ਗੱਲ ਮੁਕਾਈ। ਸਾਰੇ ਚੱਕਰ ਲਗਾ ਕੇ ਕਾਲੀਆ ਸਾਹਬ ਸੁਪਰਿਟੈਂਡੈਂਟ ਰਾਮ ਲਾਲ ਦੀ ਸੀਟ 'ਤੇ ਜਾ ਬੈਠੇ। ਸ਼ਾਮੂ ਸਵਾਮੀ ਤੇ ਰਾਮ ਲਾਲ ਉਹਨਾਂ ਦੇ ਸਾਹਮਣੇ ਬੈਠ ਗਏ।

'ਕਾਲੀਆ ਸਾਹਬ ਨੇ ਹਾਜ਼ਰੀ ਰਜਿਸਟਰ ਫੜ ਕੇ ਸਰਸਰੀ ਨਜ਼ਰ ਮਾਰੀ।

'ਇਹ ਕਰਾਸ? ਪੰਨਾ ਸਿੰਘ ਨੀ ਆਇਆ?' ਕਾਲੀਆ ਸਾਹਬ ਰਾਮ ਲਾਲ ਨੂੰ ਸੰਬੋਧਨ ਹੋਇਆ।

ਅੰਬ ਵਾਂਗ ਸੁੱਕੀ ਸ਼ਾਮੂ ਦੀ ਢਿੱਡੀ ਉਪਰ ਬਾਹਰ ਵੱਲ ਨੂੰ ਫੁੱਲ ਗਈ।

'ਜੀ ਉਹਦਾ ਤਾਂ ਰੋਜ਼ ਦਾ ਇਹ ਹਾਲ ਹੈ...ਆਉਂਦਾ ਹੋਊ ਕਿਤੇ।'

'ਨਹੀਂ! ਨਹੀਂ! ਉਸ ਦੀ ਤਾਂ ਅੱਧੇ ਦਿਨ ਦੀ ਛੁੱਟੀ ਹੈ ਅੱਜ।'

ਲਾਲ ਸਾਹਬ ਨੇ ਸ਼ਾਮੂ ਦੀ ਸ਼ੁਰਲੀ ਨਕਾਰਾ ਕਰ ਦਿੱਤੀ।

'ਫਿਰ ਇਹ ਕਰਾਸ ਕਿਉਂ?' ਕਰਾਸ ਸੁਣ ਕੇ ਰਾਮ ਲਾਲ ਛਿੱਥਾ ਜਿਹਾ ਪੈ ਗਿਆ।

'ਮੈਂ ਤਾਂ ਨਹੀਂ ਲਗਾਇਆ।' ਉਸਨੇ ਰਜਿਸਟਰ ਚੁੱਕ ਕੇ ਅੱਖਾਂ ਝਮਕਦੇ ਦੇਖਣ ਦੀ ਕੋਸ਼ਿਸ਼ ਕੀਤੀ।

'ਕਿਸ ਨੇ ਲਗਾਇਆ ਇਹ ਕਰਾਸ?' ਉਸ ਨੇ ਸ਼ਾਮੂ ਦਾ ਤਿੜਕਿਆ ਚਿਹਰਾ ਪੜ੍ਹ ਲਿਆ। ਕਾਲੀਆ ਸਾਹਬ ਨੂੰ ਵੀ ਖੁੜ੍ਹਕ ਗਈ।

'ਆਪ ਕੋ ਕਿਸ ਨੇ ਕਹਾ ਕਰਾਸ ਲਗਾਣੇ ਕੇ ਲਿਏ?' ਕਾਲੀਏ ਨੇ ਦਬਾਕੜੀ ਜਿਹੀ ਮਾਰ ਕੇ ਸ਼ਾਮੂ ਨੂੰ ਪਸੀਨੋ ਪਸੀਨੀ ਕਰ ਦਿੱਤਾ। ਇਹ ਰਜਿਸਟਰ ਸਿਰਫ ਦਫ਼ਤਰ ਦਾ ਇੰਨਚਾਰਜ ਹੀ ਚੈੱਕ ਕਰ ਸਕਦਾ ਹੈ ਤੇ ਉਹੀ ਅਜਿਹੇ ਕਰਾਸ ਲਗਾ ਸਕਦਾ ਹੈ। ਤੁਸੀਂ ਅਜਿਹੇ ਗਲਤ ਕੰਮ ਨਾ ਕਰਿਆ ਕਰੋ।' ਕਾਲੀਆ ਸਾਹਬ ਨੇ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਸਮਝਿਆ ਤੇ ਨੋਟ ਕੀਤਾ।

'ਨਹੀਂ ਸਰ! ਮੈਂ ਤਾਂ ਲਾਲ ਸਾਹਬ ਦਾ ਹੀ ਕੰਮ ਕੀਤਾ ਹੈ।' ਸ਼ਾਮੂ ਨੇ ਝੂਠੇ ਜਿਹੇ ਆਪਣੀ ਸਫਾਈ ਪੇਸ਼ ਕੀਤੀ।

ਚਾਹ ਆ ਗਈ। ਚਾਰ ਕੱਪਾਂ ਵਿਚ ਚਾਹ ਤੇ ਚਾਰ ਪਲੇਟਾਂ ਵਿਚ ਨਾਸ਼ਤਾ ਮਠਿਆਈ ਪਰੋਸੀ ਗਈ।

'ਲੋ ਸਾਹਬ! ਪੀਉ!' ਸ਼ਾਮੂ ਨੇ ਚਾਹ ਦਾ ਕੱਪ ਸਾਹਬ ਵੱਲ ਖਿਸਕਾਇਆ।

'ਬੱਸ ਇਤਨੀ ਹੀ....?'

'ਹਾਂ ਜੀ! ਕੋਈ ਨਾ!'

'ਨਹੀਂ! ਹਾਲ ਵਿਚ ਚਲੋ! ਸਾਰੇ ਸਟਾਫ ਨਾਲ ਇਕੱਠੀ ਚਾਹ ਪੀਵਾਂਗੇ....।' ਸਾਹਬ ਨੇ ਚਾਹ ਦਾ ਕੱਪ ਥੱਲੇ ਰੱਖਦੇ ਪੰਜਾਬੀ ਬੋਲਣ ਦੀ ਮੁਹਾਰਤ ਕੀਤੀ।

ਨਾਲ ਦੀ ਕੈਬਿਨ ਵਿਚ ਬੈਠੀ ਰੀਟਾ ਡਰੀ ਹੋਈ ਘੁੱਗੀ ਵਾਂਗ ਨੁੱਕਰੇ ਲੱਗੀ ਕੁੰਗੜੀ ਅੱਗੇ ਪਈ ਟਾਈਪ ਮਸ਼ੀਨ 'ਤੇ ਲਗਰਾਂ ਵਰਗੀਆਂ ਉਂਗਲਾਂ ਫੇਰਦੀ ਕਾਗਜ਼ ਦੇ ਪੰਨੇ ਉੱਕਰਦੀ ਜਾ ਰਹੀ ਸੀ। ਉਸ ਦੇ ਕੰਨ ਇਸ ਚੌਕੜੀ ਦੀ ਗੁਫਤਗੂ ਵੱਲ ਲੱਗੇ ਹੋਏ ਸਨ।

ਸ਼ਾਮੂ ਨੇ ਉੱਠ ਕੇ ਆਪਣੀ ਅਲਮਾਰੀ ਖੋਲ੍ਹ ਕੇ ਦੋ ਡਾਇਰੀਆਂ ਤੇ ਇਕ ਪੈੱਨ ਸੈੱਟ ਬਾਹਰ ਕੱਢਿਆ ਤੇ ਬੜੀ ਨਿਮਰਤਾ ਨਾਲ ਨੀਵਾਂ ਹੋ ਕੇ ਸਾਹਬ ਨੂੰ ਭੇਟ ਕਰ ਦਿੱਤੇ।

'ਬੜੇ ਪ੍ਰੇਮ ਨਾਲ ਰੱਖਿਆ ਹੈ ਜੀ! ਇਹ ਸੈੱਟ, ਤੁਹਾਡੇ ਵਾਸਤੇ...।'

ਟਨੀ ਨਾਥ ਸਵਾਮੀ ਜੋ ਅਜੇ ਤੱਕ ਚੁੱਪ ਚਾਪ ਕਿਸੇ ਢੁੱਕਵੇਂ ਮੌਕੇ ਦੀ ਤਾੜ ਵਿਚ ਸੀ, ਸ਼ਾਮੂ ਦੀ ਇਸ ਪਹਿਲ ਕਦਮੀ 'ਤੇ ਲੜਖੜਾ ਗਿਆ।

'ਨਹੀਂ! ਇਹਨਾਂ ਦੀ ਨੀਂ ਲੋੜ? ਇਹ ਰੱਖੋ ਤੁਸੀਂ। ਮੇਰੇ ਕੋਲ ਹੈ ਡਾਇਰੀ ਵੀ ਹੈ, ਪੈੱਨ ਵੀ ਹੈ।'

'ਜਨਾਬ! ਇਹ ਤਾਂ ਤੁਹਾਡੇ ਲਈ ਮੇਰੇ ਸ਼ਰਧਾ ਪੂਰਬਕ ਜਜ਼ਬਾਤਾਂ ਦੀ ਪ੍ਰਤੀਕ ਨੇ.....। ਹੋਰ ਤੁਹਾਨੂੰ ਇਹਨਾਂ ਚੀਜ਼ਾਂ ਦਾ ਕੀ ਘਾਟਾ?' ਸ਼ਾਹ ਨੇ ਡਾਇਰੀ ਦਾ ਬਾਹਰਲਾ ਪੰਨਾ ਉੱਲਟ ਕੇ ਸਾਹਬ ਵੱਲ ਅੱਖ ਦਾ ਇਕ ਕੋਨਾ ਨੱਪ ਦਿੱਤਾ। ਅੰਦਰ ਨੀਲੇ ਨੋਟਾਂ ਦੀ ਇਕ ਤਹਿ ਸਾਹਬ ਨੂੰ ਪੈਰਾਂ ਤੋਂ ਹਲੂਣ ਗਈ। ਉਸ ਨੇ ਬੁੱਲ੍ਹਾਂ 'ਤੇ ਜ਼ਬਾਨ ਫੇਰੀ ਤੇ ਆਪਣਾ ਬਰੀਫ ਕੇਸ ਖੋਲ੍ਹ ਕੇ ਮਾਲ ਅੰਦਰ ਸੁੱਟ ਲਿਆ।

'ਅੱਛਾ ਧੰਨਵਾਦ।'

'ਲਓ! ਤੁਸੀਂ ਤਾਂ ਚਾਹ ਪੀਓ। ਠੰਢੀ ਹੋ ਰਹੀ ਹੈ...ਫਿਰ ਹੋਰ ਆ ਜਾਏਗੀ।' ਸ਼ਾਮੂ ਨੇ ਸਾਹਬ ਦੇ ਪਹਿਲੇ ਫੈਸਲੇ 'ਤੇ ਨਜ਼ਰ ਸਾਨੀ ਕੀਤੀ। ਸਾਰੇ ਮਲਕੜੇ ਜਿਹੇ ਚਾਹ ਦੇ ਕੱਪ ਉਠਾ ਕੇ ਸਰਾਕੜਨ ਲੱਗੇ।

'ਇਹ ਮਠਿਆਈ ਸਾਡੇ ਸ਼ਹਿਰ ਦੀ ਬੜੀ ਸਪੈਸ਼ਲ ਤੋਹਫਾ ਹੈ।'

ਸ਼ਾਮੂ ਨੇ ਗੱਲ ਅੱਗੇ ਵਧਾਈ।

'ਇੰਨੀ ਉਚੇਚ ਦੀ ਲੋੜ ਨਹੀਂ ਸੀ। ਤੁਹਾਨੂੰ ਪਤੈ, ਮੈਂ ਤਾਂ ਸਾਦਾ ਜਿਹਾ ਆਦਮੀ ਹਾਂ।' ਸਾਹਬ ਹੱਸਿਆ।

'ਹਾਂ ਜੀ! ਸਰ! ਸਾਨੂੰ ਪਤੈ! ਤੁਹਾਡੇ ਵਰਗਾ ਤਾਂ ਅੱਜ ਤੱਕ ਅਸਾਂ ਕੋਈ ਅਫ਼ਸਰ ਵੇਖਿਆ ਹੀ ਨਹੀਂ। ਇਹ ਤਾਂ ਸਾਡੀ ਵੀ ਤੇ ਪੰਜਾਬ ਦੀ ਵੀ ਖੁਸ਼-ਕਿਸਮਤੀ ਹੈ ਕਿ ਤੁਸੀਂ ਦੁਬਾਰਾ ਇਥੇ ਆਏ ਹੋ।' ਸਵਾਮੀ ਨੇ ਵੀ ਚਾਪਲੂਸੀ ਦਾ ਆਪਣਾ ਖਾਤਾ ਖੋਲ੍ਹ ਦਿੱਤਾ।

'ਅਫ਼ਸਰ ਸਾਰੇ ਹੀ ਚੰਗੇ ਹੁੰਦੇ ਨੇ। ਤੁਸੀਂ ਆਪਣਾ-ਆਪਣਾ ਕੰਮ ਈਮਾਨਦਾਰੀ ਨਾਲ ਕਰਦੇ ਰਹੋ, ਕੋਈ ਸ਼ਿਕਾਇਤ ਦਾ ਮੌਕਾ ਨਾ ਦਿਓ, ਤੁਸੀਂ ਵੀ ਸੌਖੇ ਤੇ ਮੈਂ ਵੀ ਸੁਖੀ।' ਕਾਲੀਆ ਸਾਹਬ ਦੀ ਪਹਿਲਾਂ ਨਾਲੋਂ ਬਦਲੀ ਹੋਈ ਨੀਤੀ ਦੋਹਾਂ ਭਰਾਵਾਂ ਨੂੰ ਨਸ਼ਤਰ ਵਾਂਗ ਚੁੱਭੀ।

'ਸਾਰੇ ਦਫ਼ਤਰ ਦਾ ਅਮਲਾ ਘਰ ਦੇ ਮੈਂਬਰਾਂ ਵਾਂਗ ਰਲ-ਮਿਲ ਕੇ ਰਹੋ, ਇਕ ਦੂਜੇ 'ਤੇ ਦੂਸ਼ਨਬਾਜੀ, ਚਿੱਕੜ ਤੇ ਇਲਜ਼ਾਮ ਲਗਾਉਣੇ ਛੱਡ ਦਿਓ। ਚੁਗਲੀ ਨਿੰਦਿਆ ਕਰਨਾ ਠੀਕ ਨਹੀਂ...।'

'ਹੀ....ਹੀ....ਹੀ...., ਹਾਂ ਜੀ, ਤੁਹਾਨੂੰ ਐਸੀ ਕੋਈ ਸ਼ਿਕਾਇਤ ਨਹੀਂ ਮਿਲੇਗੀ...। ਤੁਹਾਨੂੰ ਇਹ ਵੀ ਪਤਾ ਹੈ ਕਿ ਸਾਡੇ ਵਰਗਾ ਨੇਕ ਨੀਤੀ ਵਾਲਾ ਤੇ ਮਿਹਨਤੀ ਵਰਕਰ ਤੁਹਾਨੂੰ ਹੋਰ ਕਿਤੇ ਨਹੀਂ ਮਿਲੇਗਾ। ਅਸੀਂ ਕੰਮ ਵੀ ਪੂਰਾ ਕਰਦੇ ਹਾਂ ਤੇ ਅਫ਼ਸਰਾਂ ਦਾ ਆਦਰ ਸਤਿਕਾਰ ਤੇ ਸੇਵਾ ਵੀ ਪੂਰੀ ਕਰਦੇ ਹਾਂ।' ਸਵਾਮੀ ਨੇ ਆਪਣੇ ਮੂੰਹੋਂ ਮੀਆਂ ਮਿੱਠੂ ਬਣ ਕੇ ਦੋਹਾਂ ਭਰਾਵਾਂ ਦੀ ਸਫੈਦ-ਪੋਸ਼ਗੀ ਦਾ ਪ੍ਰਗਟਾਵਾ ਕੀਤਾ।

'ਪਰ ਜਨਾਬ! ਸਾਡੇ ਵਿਚ ਇਕ ਮੈਂਬਰ ਠੀਕ ਨਹੀਂ! ਉਸ ਕਰਕੇ ਸਾਡੇ ਸਾਰੇ ਦਫ਼ਤਰ ਤੇ ਮਹਿਕਮੇ ਦੀ ਬਦਨਾਮੀ ਹੋ ਰਹੀ ਹੈ। ਉਸ ਤੋਂ ਸਾਡਾ ਛੁਟਕਾਰਾ ਕਰਾ ਜਾਓ ਜਨਾਬ!' ਸ਼ਾਮੂ ਨੇ ਫਿਰ ਕੁੱਤਪੁਣੇ ਦੀ ਹੱਦ ਵੱਲ ਵਧਦੇ ਅੱਖ ਦਾ ਇਕ ਕੋਨਾ ਨੱਪ ਦਿੱਤਾ। ਪਤਾ ਨਹੀਂ ਅੱਖ ਸੀ ਜਾਂ ਬੰਬ! ਕਾਲੀਏ ਦੀ ਚਾਹ ਡੁੱਲ੍ਹਦੀ-ਡੁੱਲ੍ਹਦੀ ਮਸਾਂ ਬਚੀ। ਕਾਲੀਆ ਸਾਹਬ ਰਾਮ ਲਾਲ ਦੇ ਮੱਥੇ ਦੀਆਂ ਰੇਖਾਵਾਂ ਪੜਨ ਲੱਗੇ, ਪਰ ਟਨੀ ਨਾਥ ਵਿਚੋਂ ਹੀ ਬੋਲ ਪਿਆ।

'ਇਹ ਤਾਂ ਮਾਲਕੋ! ਕਿਸੇ ਦੀ ਕੋਈ ਪ੍ਰਵਾਹ ਨਹੀਂ ਕਰਦਾ...., ਨਾ ਸਾਡੀ ਤੇ ਨਾ ਕਿਸੇ ਅਫ਼ਸਰ ਦੀ....ਇਸ ਦੀ ਇਥੋਂ ਬਦਲੀ ਹੋ ਜਾਏ ਤਾਂ ਫਿਰ....।'

'ਅਸੀਂ ਉਸ ਨੂੰ ਸੁਧਾਰ ਲਵਾਂਗੇ....ਜੇ ਉਹ ਗਲਤੀ ਕਰੇਗਾ ਤਾਂ ਅਸੀਂ ਉਸਨੂੰ ਸਮਝਾਵਾਂਗੇ, ਇਹੀ ਤਾਂ ਸਾਡਾ ਕੰਮ ਹੈ....ਤੁਸੀਂ ਉਸ ਦੀ ਜ਼ਰਾ ਚਿੰਤਾ ਨਾ ਕਰੋ। ਆਪਣਾ ਕੰਮ ਸ਼ਾਂਤੀ ਨਾਲ ਕਰੋ....ਆਪਣਾ ਆਚਾਰ ਇਖਲਾਕ ਸਾਬਤ ਸਬੂਤ ਰੱਖੋ ਤੇ ਹੋਰਾਂ ਨੂੰ ਠੀਕ ਰਹਿਣ ਦਿਉ। ਉਸ ਨੂੰ ਠੀਕ ਕਰਨਾ ਲਾਲ ਸਾਹਬ ਦਾ ਕੰਮ ਹੈ ਜਾਂ ਮੇਰਾ....। ਤੁਸੀਂ ਇਹ ਸਾਡੇ 'ਤੇ ਛੱਡ ਦਿਉ।' ਕਾਲੀਏ ਨੇ ਇਕੇਰਾਂ ਫਿਰ ਇਹਨਾਂ ਟੁਕਟੇਰਾਂ ਦੀ ਗੁੱਡੀ ਬੋਅ ਕਰ ਦਿੱਤੀ।

'ਅਸੀਂ ਤਾਂ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਾਂ, ਪਰ ਇਹ ਨਹੀਂ ਟਲਦਾ। ਹਰ ਰੋਜ਼ ਇਸ ਦਾ ਕੋਈ ਨਾ ਕੋਈ ਉਲਾਂਭਾ, ਹਰ ਰੋਜ਼ ਕੋਈ ਨਵੀਂ ਸ਼ਿਕਾਇਤ। ਇਹ ਵਿਚਾਰੇ ਲਾਲ ਸਾਹਬ ਵੀ ਸਿਰ ਤੋੜ ਬੈਠੇ ਨੇ। ਪਰ ਉਹ ਨਹੀਂ ਮੰਨਦਾ ਕਿਸੇ ਨੂੰ।' ਸਵਾਮੀ ਨੇ ਫਿਰ ਆਪਣੇ ਢੀਠਪੁਣੇ ਦੀ ਬੜ੍ਹਕ ਮਾਰੀ ਤੇ ਨਾਲ ਲਾਲ ਸਾਹਿਬ ਨੂੰ ਵੀ ਆਪਣੇ ਨਾਲ ਪੰਜਾਲੀ ਜੋੜਨ ਦੀ ਕੋਸ਼ਿਸ਼ ਕੀਤੀ।

'ਸ਼ੀਲਾ ਦੀ ਮੌਤ ਦਾ ਕਾਰਨ ਵੀ ਇਹੀ ਪੰਨਾ ਹੀ ਸੀ। ਇਹੋ ਹੀ ਉਸ ਸ਼ਰੀਫ ਲੜਕੀ ਨਾਲ ਖੇਹ ਖਰਾਬੀਆਂ ਕਰਦਾ ਰਿਹਾ। ਸਾਰੇ ਦਫ਼ਤਰ ਨੂੰ ਪਤਾ ਹੈ....ਤੇ ਅਖ਼ੀਰ ਵਿਚਾਰੀ ਨਿਮੋਸ਼ੀ ਦੀ ਮਾਰੀ ਵਿੱਚੇ ਵਿੱਚ ਘੁੱਟ ਕੇ ਮਰ ਗਈ।'

'ਹਾਂ ਇਸ ਬਾਰੇ ਵੀ ਤਾਂ ਮੈਂ ਪੁੱਛ ਪੜ੍ਹਤਾਲ ਕਰਨੀ ਹੀ ਹੈ।' ਚਾਰਾਂ ਦੇ ਕੰਨ ਲਾਗਲੀ ਕੈਬਿਨ ਵੱਲ ਮੁੜੇ। ਉਥੇ ਬੈਠੀ ਰੀਟਾ ਨੇ ਅੱਖਰਾਂ ਤੇ ਖਾਲੀ ਉਂਗਲਾਂ ਫੇਰਦੇ ਆਪਣੀ ਹੋਂਦ ਦਾ ਅਹਿਸਾਸ ਕਰਾਇਆ।

'ਇਹ ਵਿਚਾਰੀ ਨਵੀਂ ਆਈ ਕੁੜੀ ਰੀਟਾ ਨੂੰ ਕਹਿਣ ਲੱਗਾ! ਆ ਰੀਟਾ! ਤੈਨੂੰ ਸਿਨੇਮਾਂ ਦਿਖਾਵਾਂ! ਨਾਲੇ ਤੇਰੇ ਨਾਲ ਮੈਂ ਬੜੀਆਂ ਜ਼ਰੂਰੀ ਗੱਲਾਂ ਕਰਨੀਆਂ ਨੇ....।' ਪਰ ਇਹ ਨਹੀਂ ਗਈ। ਜੇ ਨਾਲ ਤੁਰ ਜਾਂਦੀ ਤਾਂ ਉਹਨੇ ਇਹਨੂੰ ਵੀ ਬਹਿਕਾਅ ਕੇ ਕਈ ਉਲਟੇ ਸਿੱਧੇ ਪਾਠ ਪੜ੍ਹਾਉਣੇ ਸਨ।'

ਰੀਟਾ ਦੇ ਅੰਦਰ ਭਾਂਬੜ ਮੱਚ ਉਠਿਆ। ਉਸ ਦਾ ਜੀਅ ਕੀਤਾ, ਉਹ ਉੱਠ ਕੇ ਜਾ ਕੇ, ਇਸ ਸਵਾਮੀ ਤੇ ਸ਼ਾਮੂ ਦੇ ਬੂਥਿਆਂ 'ਤੇ ਜ਼ੋਰ ਦੀ ਥੱਪੜ ਲਗਾ ਦੇਵੇ ਜੋ ਆਪਣੇ ਸੁਆਰਥ ਲਈ, ਆਪਣੀ ਕਿੜ ਕੱਢਣ ਲਈ, ਰੀਟਾ ਦਾ ਨਾਮ ਮੱਲੋ ਮੱਲੀ ਵਿਚ ਘਸੋੜ ਰਹੇ ਨੇ। ਉਹ ਵਿਚਾਰਾ ਤੇ ਕਦੇ ਭੈਣ ਜੀ ਤੋਂ ਬਿਨਾਂ ਗੱਲ ਨਹੀਂ ਕਰਦਾ ਤੇ ਇਹ ਕਲਯੁੱਗੀ ਤਿੱਕੜੀ ਕਿੱਦਾਂ ਪਿਛੇ ਪਈ ਹੋਈ ਐ ਉਸ ਵਿਚਾਰੇ ਦੇ, ਹੱਥ ਧੋ ਕੇ। ਮੈਨੂੰ ਕੀ ਲੋੜ! ਕਿਸੇ ਬਾਰੇ ਐਵੇਂ ਝੂਠਾ ਕੁਫਰ ਤੋਲਣ ਦੀ? ਮੈਂ ਤਾਂ ਕਹਿ ਦਿਆਂਗੀ, ਇਹ ਸਭ ਇਹਨਾਂ ਕੰਜਰਾਂ ਦੇ ਮਨਘੜਤ ਕਿੱਸੇ ਨੇ। ਖ਼ਬਰਦਾਰ! ਜੇ ਮੇਰਾ ਕਿਸੇ ਨੇ ਐਵੇਂ ਨਾਮ ਬੱਦੂ ਕੀਤਾ ਤਾਂ।' ਉਸ ਨੇ ਆਪਣੇ ਮਨ ਵਿਚ ਚਿਤਾਵਨੀ ਭਰੀ।

ਚਪੜਾਸੀ ਡਾਕ ਦਾ ਥੱਬਾ ਮੇਜ਼ ’ਤੇ ਰੱਖ ਗਿਆ। ਲਾਲ ਸਾਹਿਬ ਖੋਲ੍ਹਣ ਲੱਗੇ। ਸਭ ਚਿੱਠੀਆਂ ਵਾਰੀ-ਵਾਰੀ ਖੋਲ੍ਹੀ ਗਏ, ਪੜ੍ਹੀ ਗਏ। ਕੁੱਝ ਚਿੱਠੀਆਂ ਫੜ ਕੇ ਟਨੀ ਨਾਥ ਨੇ ਕਾਲੀਆ ਸਾਹਬ ਅੱਗੇ ਕਰ ਦਿੱਤੀਆਂ।

‘ਨਹੀਂ ਵੇਖਣ ਦਿਉ....ਲਾਲ ਸਾਹਬ ਦਾ ਕੰਮ ਹੈ ਇਹ!’ ਕਾਲੀਏ ਨੇ ਫਿਰ ਸਿਰ ਫੇਰ ਦਿੱਤਾ।

ਲਾਲ ਸਾਹਬ ਨੇ ਇਹ ਦੋਵੇਂ ਚਿੱਠੀਆਂ ਖੋਲ੍ਹੀਆਂ....ਟਨੀ ਨਾਥ ਉੜਕ ਕੇ ਪੜ੍ਹਨ ਦੀ ਕੋਸ਼ਿਸ਼ ਕਰਨ ਲਗਾ। ਰਾਮ ਲਾਲ ਦਾ ਮੱਥਾ ਹੈਰਾਨੀ ਤੇ ਘਬਰਾਹਟ ਨਾਲ ਮੁਰਝਾ ਗਿਆ।

‘ਕੀ ਗੱਲ ਆ....?’ ਚਿੱਠੀ ’ਤੇ ਚਿੰਤਾਤੁਰ ਨਜ਼ਰ ਗੱਡੀ ਵੇਖ ਕੇ ਕਾਲੀਆ ਸਾਹਿਬ ਨੇ ਰਾਮ ਲਾਲ ਦਾ ਧਿਆਨ ਆਪਣੇ ਵੱਲ ਖਿੱਚਿਆ

‘ਲਉ ਸਰ! ਇਕ ਨਵਾਂ ਪੰਗਾ!’

ਸ਼ਾਮੂ ਵਿਚੋਂ ਬੋਲ ਕੇ ਖਚਰੀ ਜਿਹੀ ਹਾਸੀ ਹੱਸਿਆ। ਦੋਵਾਂ ਚਿੱਠੀਆਂ ਵਿਚ ਸ਼ਿਕਾਇਤਾਂ ਪੜ੍ਹ ਕੇ ਲਾਲ ਸਾਹਬ ਦੇ ਚਿਹਰੇ ਦਾ ਲਾਲ ਰੰਗ ਮੁਸ਼ਕਪੂਰ ਵਾਂਗ ਉੱਡ ਗਿਆ। ਉਹ ਬੜੇ ਦੁਖੀ ਹੋਏ ਤੇ ਚਿੰਤਾਤੁਰ ਵੀ।

‘ਕੀ ਪੰਗਾ?’

ਕਾਲੀਆ ਸਾਹਬ ਵੀ ਆਪਣੇ ਮਨ ਦੀ ਘਬਰਾਹਟ ਛੁਪਾਉਂਦੇ ਹੋਏ ਪੰਗਾ ਜਾਨਣ ਲਈ ਤਤਪਰ ਹੋਏ। ਉਹਨਾਂ ਦੇ ਮਨ ਵਿਚ ਹੋਰ ਸ਼ੰਕਾ ਪੈਦਾ ਹੋਈ।

‘ਕੀ ਪੰਗਾ ਹੈ ਇਹ? ਤੁਹਾਨੂੰ ਕੀ ਪਤੈ? ਕਿਦਾਂ ਪਤੈ ਤੁਹਾਨੂੰ?’

‘ਪੰਨੇ ਦੀ ਹੀ ਕੋਈ ਕਰਤੂਤ ਹੋਊ ਸਰ!’ ਟਨੀ ਨਾਥ ਦੇ ਕਹਿਣ ’ਤੇ ਸਾਹਬ ਦਾ ਸ਼ੱਕ ਅਸਲੀਅਤ ਵਿਚ ਬਦਲ ਗਿਆ।

‘ਕੀ ਉਸ ਦੀ ਪਹਿਲਾਂ ਵੀ ਕਦੇ ਕੋਈ ਅਜਿਹੀ ਸ਼ਿਕਾਇਤ ਆਈ ਏ?’

ਕਾਲੀਆ ਸਾਹਬ ਨੇ ਤਿੰਨਾਂ ਦਾ ਮਖੌਟਾ ਪੜ੍ਹਨ ਦੀ ਕੋਸ਼ਿਸ਼ ਕੀਤੀ।

‘ਹਾਂ ਜੀ! ਆਈਆਂ ਤਾਂ ਕਈ ਨੇ....ਪਰ ਮੈਂ ਕਦੇ ਧਿਆਨ ਨਹੀਂ ਦਿੱਤਾ....।’ ਲਾਲ ਜੀ ਨੇ ਟਨੀ ਸਵਾਮੀ ਨਾਲ ਨਜ਼ਰਾਂ ਮਿਲਾ ਕੇ ਉਸ ਦੀ ਰਟਾਈ ਹੋਈ ਭਾਸ਼ਾ ਬੋਲੀ।

‘ਦਿਖਾਓ ਜ਼ਰਾ। ਪਿਛਲੀਆਂ ਸ਼ਿਕਾਇਤਾਂ ਵੀ।’ ਕਾਲੀਆ ਸਾਹਬ ਪੰਨਾ ਸਿੰਘ ਬਾਰੇ ਅੱਗ-ਬਗੋਲਾ ਹੋ ਗਏ।

‘ਅਜਿਹੇ ਆਦਮੀ ਨੂੰ ਮਹਿਕਮੇਂ ਵਿਚ ਰਹਿਣ ਦਾ ਕੋਈ ਹੱਕ ਨਹੀਂ। ਮੈਂ ਇਹਨੂੰ ਹੁਣੇ ਚਾਰਜ-ਸ਼ੀਟ ਕਰਾਂਗਾਂ।’ ਕਾਲੀਏ ਦੀ ਅੰਦਰਲੀ ਹਿੱਲਜੁਲ ਨਾਲ ਇਸ ਟੁਕੜ-ਬੋਚ ਤਿੱਕੜੀ ਦੀਆਂ ਨਹੁੰਦਰਾਂ ਹੋਰ ਤਿੱਖੀਆਂ ਹੋ ਗਈਆਂ।

ਲਾਲ, ਸ਼ਾਹ ਤੇ ਟਨੀ ਨਾਥ ਉੱਠ ਕੇ ਫਾਈਲਾਂ ਫੋਲਣ ਲੱਗੇ। ਸ਼ਾਮੂ ਵੀ ਉੱਠ ਕੇ ਹਾਲ ਕਮਰੇ ਵਿਚ ਚਲਾ ਗਿਆ। ਪਰ ਪਿਛਲੀ ਕੋਈ ਮਿਸਲ ਨਹੀਂ ਮਿਲੀ। ਤਿੰਨੋਂ ਨਿੰਮੋਝੂਣੇ ਜਿਹੇ ਹੋ ਕੇ ਵਾਪਸ ਆ ਗਏ।

'ਸਰ! ਪਿਛਲੀ ਤਾਂ ਉਸ ਦੀ ਕੋਈ ਸ਼ਿਕਾਇਤ ਸਾਂਭ ਨੇ ਨਹੀਂ ਰੱਖੀ। ਜੇ ਰੱਖੀ ਵੀ ਹੋਵੇਗੀ ਤਾਂ ਮਿਲਦੀ ਨਹੀਂ। ਹੋ ਸਕਦੈ ਉਹਨੇ ਆਪ ਹੀ ਖੁਰਦ ਬੁਰਦ ਕਰ ਦਿਤੀ ਹੋਵੇ।' ਇਹ ਤਿੰਨੇ ਘੜੰਮ-ਚੌਧਰੀ ਆਪਣੇ ਵਿਗੜੇ ਹੋਏ ਮੁਰਦਿਹਾਣੀ ਭਰੇ ਚਿਹਰੇ ਲਟਕਾ ਕੇ ਵਾਪਸ ਆ ਗਏ। ਕਾਲੀਆ ਸਾਹਬ ਨੂੰ ਦਾਲ ਵਿਚ ਕਾਲਾ ਕਾਲਾ ਸਭ ਕੁਝ ਸਪੱਸ਼ਟ ਹੋ ਗਿਆ।

ਮੇਜ਼ 'ਤੇ ਪਈਆਂ ਹੋਰ ਫਾਈਲਾਂ ਫਰੋਲਣ ਲੱਗਾ। ਪੰਨੇ ਦੇ ਹੀ ਸਭ ਕਾਗਜ਼ ਉਸਦੇ ਅੱਗੇ ਆਏ।

'ਕਿਆ ਬਾਤ ਹੈ? ਆਜ ਪੰਨਾ ਹੀ ਮੇਰੇ ਸਾਹਮਣੇ ਬਾਰ ਬਾਰ ਕਿਉਂ ਆ ਰਿਹਾ ਹੈ....?' ਉਸ ਨੇ ਇਹ ਮਿਸਲਾਂ ਬਿਨ ਦੇਖੇ ਹੀ ਪਰੇ ਖਿਸਕਾਂ ਦਿਤੀਆਂ।

'ਕੋਈ ਔਰ ਭੀ ਤੋ ਦਿਖਾਓ। ਕਿਆ ਯਿਹੀ ਏਕ ਵਰਕਰ ਹੈ ਆਪ ਕੇ ਦਫ਼ਤਰ ਮੇਂ....?' ਕਾਲੀਆ ਸਾਹਬ ਨੇ ਲਾਲ ਸਾਹਬ ਵੱਲ ਡਾਂਟ ਮਾਰੀ ।

'ਇਨ ਮੇਂ ਬਹੁਤ ਘਪਲੇਬਾਜ਼ੀ ਹੋ ਗੀ।' ਕਾਲੀਏ ਨੇ ਟਿਚਕਰ ਵਜੋਂ ਬੁਲ੍ਹਾਂ ਤੇ ਜਬਾਨ ਫੇਰੀ।

'ਹਾਂ ਜੀ ਸਰ! ਹਾਂ ਦੇਖੋ ਤਾਂ ਸਹੀ!' ਦੋਹਾਂ ਨੇ ਇਕੱਠੇ ਹੀ ਜੁਆਬ ਦਿਤਾ।' ਏਸੇ ਦੀ ਉਮੀਦ ਸੀ।

'ਕੋਈ ਬਾਤ ਨਹੀਂ, ਜੋ ਆਦਮੀ ਕਾਮ ਕਰੇਗਾ, ਗ਼ਲਤੀ ਭੀ ਤੋ ਵੁਹੀ ਕਰੇਗਾ।' ਕਾਲੀਏ ਦੀ ਵਿਲੱਖਣ ਤੇ ਨਿਵੇਕਲੀ ਸੋਚ ਨੇ ਉਹਨਾਂ ਦੀ ਢਾਹੂ ਸੋਚ ਦੇ ਖੰਭ ਖੋਹ ਸੁੱਟੇ।

'ਆਪ ਜਾਈਏ! ਅਪਣੀ ਸੀਟ ਪਰ। ਆਪਣਾ ਕਾਮ ਕੀਜੀਏ'

ਸ਼ਾਮੂ ਤੇ ਸਵਾਮੀ ਢਿੱਲੇ ਜਿਹੇ ਚਿਹਰੇ ਲੈ ਕੇ ਆਪਣੀਆਂ ਕੁਰਸੀਆਂ 'ਤੇ ਜਾ ਬੈਠੇ।

ਕਾਲੀਆ ਸਾਹਬ ਹੁਣ ਲਾਲ ਸ਼ਾਹ ਨੂੰ ਨਿਵੇਕਲੇ ਹੋ ਕੇ ਆਪਣੇ ਭਰੋਸੇ ਵਿਚ ਲੈ ਕੇ ਅਸਲੀਅਤ ਜਾਨਣਾ ਚਾਹੁੰਦੇ ਸਨ।

'ਮੁਝੇ ਤੋ ਯਹ ਸਭ ਮਾਮਲਾ ਗੜਬੜ ਦਿਖਾਈ ਪੜ੍ਹਤਾ ਹੈ ਲਾਲ ਜੀ। ਆਪ ਕਾ ਕਿਆ ਖ਼ਿਆਲ ਹੈ?'

ਕਾਲੀਆ ਸਾਹਬ ਨੇ ਇਸ ਸਾਰੇ ਬਤੰਗੜ ਪਿਛੇ ਯਥਾਰਥ ਤੇ ਅਸਲੀਅਤ ਦੀ ਅਣਹੋਂਦ ਮਹਿਸੂਸ ਕੀਤੀ। ਰਾਮ ਲਾਲ ਦੇ ਜੁਆਬ ਦੇਣ ਤੋਂ ਪਹਿਲਾਂ ਹੀ ਰਾਮੋ ਆ ਧਮਕੀ।

ਬਿਨਾਂ ਪੁੱਛੇ ਧੁੱਸ ਦਿੱਤੀ, ਸਾਹਬ ਦੇ ਸਾਹਮਣੇ ਜਾ ਖੜੀ ਹੋਈ। ਉਸ ਦੇ ਵਾਲ ਖਿਲਰੇ, ਕੱਪੜੇ ਪਾਟੇ, ਇਕ ਵੀਣੀ ਵਿਚੋਂ ਲਹੂ ਸਿੰਮ ਸਿੰਮ ਕੇ ਜੰਮਿਆ ਹੋਇਆ ਤੇ ਉਸ ਦਾ ਰੋਣ ਹਾਕਾ ਚਿਹਰਾ! ਤਰਸ-ਯੋਗ ਹਾਲਤ ਸੀ ਉਸਦੀ।

'ਮੇਰੀ ਵੀ ਫ਼ਰਿਆਦ ਸੁਣੋ ਸਾਹਬ ਜੀ! ਇਹ ਮੇਰਾ ਕੀ ਹਾਲ ਏ। ਮੈਂ ਇਥੇ ਨੌਕਰੀ ਨਹੀਂ ਕਰਨੀ।' ਉਹ ਸੁਮ੍ਹਕ ਰਹੀ ਸੀ।

ਕਾਲੀਆ ਸਾਹਬ ਨੂੰ ਜਿਵੇਂ ਬਿੱਜ ਪੈ ਗਈ ਹੋਵੇ, ਉਹ ਪਛਤਾਉਣ ਲੱਗਾ, ਕਿਥੇ ਕਿਹੋ ਜਿਹੇ ਦਫ਼ਤਰ ਦੀ ਪੜਚੋਲ ਕਰਨ ਆ ਫਸਿਆ, ਜਿਥੇ ਪੈਰ ਪੈਰ 'ਤੇ ਲੜਾਈ ਝਗੜੇ ਤੇ ਸ਼ਿਕਾਇਤਾਂ।

'ਇਹ ਦਫ਼ਤਰ ਦੀ ਸਫਾਈ ਸੇਵਕਾ ਹੈ ਜੀ..... ਰਾਮੋ.....।' ਰਾਮ ਲਾਲ ਨੇ ਉਸ ਦੀ ਜਾਣ-ਪਛਾਣ ਕਰਵਾਈ।

'ਕਿਆ ਹੂਆ ਤੁਮ੍ਹੇਂ.....? ਰਾਮੋ....?' ਸਾਹਬ ਨੇ ਨਰਮ ਜਿਹਾ ਸਵਾਲ ਕੀਤਾ।

'ਮੈਂ ਆਪਣੇ ਪੇਟ ਦੀ ਖਾਤਰ.... ਬਾਲ ਬੱਚੇ ਦੀ ਖਾਤਰ ਨੌਕਰੀ ਕਰਦੀ ਹਾਂ, ਸਾਹਬ ਜੀ! ਮੈਂ ਗਰੀਬ ਜ਼ਰੂਰ ਹਾਂ, ਪਰ ਮੈਂ ਆਪਣਾ ਆਪ ਨਹੀਂ ਵੇਚਦੀ।'

'ਅਰੇ ਬੋਲੋ ਤੋ! ਕਿਆ ਬਾਤ ਹੂਈ ਹੈ?' ਕਾਲੀਆ ਸਾਹਬ ਰਾਮੋ ਦੀਆਂ ਪਹੇਲੀਆਂ ਦੀ ਬੁਛਾੜ ਤੋਂ ਘਬਰਾ ਗਿਆ ਸੀ।

'ਅੱਜ ਪੰਨੇ ਨੇ ਸਵੇਰੇ ਮੇਰੀ ਬੇਜ਼ਤੀ ਕੀਤੀ ਐ ਸਾਹਬ ਜੀ, ਮੇਰੇ ਕੱਪੜੇ ਪਾੜ ਦਿਤੇ, ਮੇਰੀਆਂ ਚੂੜੀਆਂ ਭੰਨ ਦਿਤੀਆਂ, ਆਹ ਵੇਖੋ, ਮੈਥੋਂ ਛੁਡਾਉਂਦੀ ਤੋਂ ਚੂੜੀਆਂ ਟੁੱਟ ਕੇ ਲਹੂ ਨਿਕਲਿਆ।'

'ਬੱਸ! ਬੱਸ! ਬੱਸ!' ਟਨੀ ਨਾਥ ਅੰਦਰ ਦੌੜ ਕੇ ਆਇਆ।

'ਹੌਲੀ ਗੱਲ ਕਰ ਰਾਮੋ! ਇਹ ਵੱਡੇ ਸਾਹਬ ਨੇ।'

'ਮੈਂ ਇਥੇ ਕੰਮ ਨਹੀਂ ਕਰਨਾ... ਮੇਰਾ ਹਿਸਾਬ ਕਰ ਦਿਓ।' ਸਾਰੇ ਇਕਦਮ ਚਕਾਚੌਂਧ ਹੋ ਗਏ, ਜਿਵੇਂ ਦਫਤਰ ਵਿਚ ਕੋਈ ਵੱਡਾ ਘੱਲੂਘਾਰਾ ਵਾਪਰ ਗਿਆ ਹੋਵੇ। ਸਾਹਬ ਚੁਪ ਚਾਪ ਬੈਠਾ ਹੱਥ ਵਿਚ ਪੇਪਰ ਵੇਟ ਫੜੀ ਮੇਜ਼ 'ਤੇ ਘੁਮਾਉਂਦਾ ਰਿਹਾ। ਉਹ ਸੋਚ ਰਿਹਾ ਸੀ ਪੰਨੇ ਦੇ ਖਿਲਾਫ਼ ਕਿਸ ਕਿਸ ਇਲਜ਼ਾਮ ਨੂੰ ਝੁਠਲਾਵੇ।

'ਕਿਸ ਵੇਲੇ ਮਿਲਿਆ ਸੀ ਤੈਨੂੰ। ਪੰਨਾ ? ਕਿਥੇ ਮਿਲਿਆ ਸੀ?' ਕਾਲੀਏ ਨੇ ਗੰਭੀਰ ਵਾਤਾਵਰਣ ਦੀ ਚੁੱਪ ਤੋੜੀ।

ਪੰਨੇ ਦੇ ਖਿਲਾਫ਼ ਕਾਲੀਆ ਸਾਹਬ ਦੇ ਅੰਦਰ ਜ਼ਹਿਰ ਦੇ ਲਾਵੇ ਫੁੱਟ ਉੱਠੇ। ਮੈਂ ਉਸ ਨੂੰ ਸਖਤ ਸਜ਼ਾ ਦਿਆਂਗਾ..... ਅਬ ਵੋਹ ਨੌਕਰੀ ਕੇ ਕਾਬਲ ਨਹੀਂ ਰਹਾ।' ਕਾਲੀਏ ਨੇ ਮਨ ਹੀ  ਮਨ ਵਿਚ ਪੰਨੇ ਨੂੰ ਨੌਕਰੀ ਤੋਂ ਛੁੱਟੀ ਕਰਾਉਣ ਦਾ ਫੈਸਲਾ ਕਰ ਲਿਆ।

'ਅੱਜ ਸਵੇਰੇ ਮਿਲਿਆ ਸੀ ਜਨਾਬ। ਇਥੇ ਹੀ ਪਿਛਲੇ ਕਮਰੇ ਵਿਚ। ਮੈਂ ਝੂਠ ਨਹੀਂ ਬੋਲਦੀ, ਮੈਨੂੰ ਤੁਹਾਡੀ ਸੌਂਹ ਲੱਗੇ ਜੇ ਮੈਂ ਝੂਠ ਮਾਰਾਂ।' ਰਾਮੋ ਦੀ ਜ਼ਬਾਨ ਕੈਂਚੀ ਵਾਂਗ ਲਤਰ ਲਤਰ ਚਲਦੀ ਰਹੀ।

ਕਾਲੀਆ ਸਾਹਬ ਨੇ ਫਿਰ ਹਾਜ਼ਰੀ ਰਜਿਸਟਰ ਫੜ ਲਿਆ। ਉਸ ਦੇ ਖਾਨੇ ਵਿਚ ਕਾਂਟਾ ਸੀ। ਬਿਲਕੁਲ ਮੋਟਾ ਕਰਾਸ। ਨਾਲੇ ਰਾਮ ਲਾਲ ਦੇ ਕਹੇ ਅਨੁਸਾਰ ਉਸ ਦੀ ਛੁੱਟੀ ਸੀ ਅੱਜ ਦੀ।

ਰਾਮੋ ਨੇ ਟਨੀ ਨਾਥ ਵੱਲ ਝਾਕਿਆ। ਦੋਵਾਂ ਦੀਆਂ ਨਜ਼ਰਾਂ ਵਿਚ ਸ਼ਰਾਰਤ ਭਰੀ ਮੁਸਕਰਾਹਟ ਸੀ। ਰਾਮੋ ਨੇ ਫਿਰ ਟਨੀ ਨਾਥ ਨੂੰ ਸੈਨਤ ਨਾਲ ਕੁਝ ਸਮਝਾਇਆ। ਮਾਨੋ ਕਹਿ ਰਹੀ ਹੋਵੇ, 'ਹੁਣ ਕੀ ਵੇਖਦਾ ਏਂ ਮੂਰਖਾ! ਕੈਮਰੇ ਵਾਲੀ ਮੂਰਤ ਸਾਹਬ ਦੇ ਮੂਹਰੇ ਕਿਉਂ ਨਹੀਂ ਰੱਖਦਾ.....।' ਪਰ ਟਨੀ ਨਾਥ ਸਭ ਕੁਝ ਵਿਚੇ ਵਿਚ ਜਜ਼ਬ ਕਰ ਗਿਆ।

'ਅਰੇ ਆਜ ਤੋ ਵੋਹ ਆਇਆ ਹੀ ਨਹੀਂ ਦਫ਼ਤਰ। ਕੱਬ ਮਿਲਾ? ਕੈਸੇ ਮਿਲਾ ਆਪ ਕੋ, ਕਹਾਂ ਮਿਲਾ?'

'ਆਇਆ ਹੈ ਜਨਾਬ। ਮੈਨੂੰ ਅੱਗੇ ਵੀ ਮਿਲਦਾ ਰਿਹਾ ਹੈ ਤੇ ਹੁਣ ਵੀ ਇਥੇ ਹੀ ਹੈ। ਤੁਸੀਂ ਉਹਨੂੰ ਕਿੱਦਾਂ ਲੁਕਾ ਰਹੇ ਓ। ਵੱਡੇ ਚਾਤਰ!' ਰਾਮੋ ਆਪਣੇ ਅਸਲੀ ਰੂਪ ਵਿਚ ਆ ਗਈ।

'ਅਰੇ ਰਾਮ ਲਾਲ। ਇਸ ਕੋ ਬਤਾਓ ਨਾ। ਯਹ ਝੂਠ ਬੋਲ ਰਹੀ ਹੈ.....।' ਕਾਲੀਆ ਸਾਹਬ ਇਹਨਾਂ ਸਭ ਬੁਝਾਰਤਾਂ ਤੋਂ ਬਹੁਤ ਪ੍ਰੇਸ਼ਾਨ ਹੋਏ।

'ਬੀਬੀ ਰਾਮੋ, ਤੈਨੂੰ ਗ਼ਲਤੀ ਲੱਗੀ ਹੈ। ਪੰਨਾ ਸਿੰਘ ਅੱਜ ਸਵੇਰ ਦਾ ਦਫਤਰ ਨਹੀਂ ਆਇਆ। ਉਸਨੇ ਮੈਨੂੰ ਟੈਲੀਫੋਨ ਕਰ ਦਿਤਾ ਸੀ ਕਿ ਉਹ ਦੁਪਹਿਰ ਤੋਂ ਬਾਅਦ ਆਏਗਾ।' ਲਾਲ ਸਾਹਬ ਨੇ ਰਾਮੋ ਦੀ ਤਸੱਲੀ ਕਰਾਉਣ ਦੀ ਕੋਸ਼ਿਸ਼ ਕੀਤੀ।

ਟਨੀ ਨਾਥ ਸਵਾਮੀ ਛਾਤੀ ਨੂੰ ਹੱਥ ਪਾ ਮਸਾਂ ਡਿੱਗਦਾ ਡਿੱਗਦਾ ਸੰਭਲਿਆ, ਜਿਵੇਂ ਕਿਸੇ ਨੇ ਉਸ ਦੇ ਸਿਰ ਬੰਬ ਸੁੱਟ ਮਾਰਿਆ ਹੋਵੇ। ਦੂਜੇ ਪਾਸੇ ਸ਼ਾਮੂ ਇਹ ਸਭ ਕੁਝ ਸੁਣ ਸੁਣ ਕੇ ਬੇਹੋਸ਼ ਹੋਈ ਜਾ ਰਿਹਾ ਸੀ।

'ਮੈਨੂੰ ਗ਼ਲਤੀ ਨਹੀਂ ਲੱਗੀ ਸਾਹਬ ਜੀ। ਤੁਸੀਂ ਆਪ ਹੀ ਹੁਣ ਪੜਦਾ ਪਾ ਰਹੇ ਹੋ। ਤੁਸੀਂ ਆਪ ਹੀ ਉਸਨੂੰ ਉਧਰ ਲੁਕਾ ਦਿਤਾ ਹੈ। ਆਓ ਮੈਂ ਦਿਖਾਵਾਂ.........।' ਉਹ ਬਾਹਾਂ

ਫੈਲਾਉਂਦੀ ਹਾਲ ਵੱਲ ਹੋ ਤੁਰੀ। ਟਨੀ ਨਾਥ, ਕਾਲੀਆ ਸਾਹਬ ਤੇ ਰਾਮ ਲਾਲ ਉਸ ਦੇ ਪਿੱਛੇ ਪਿੱਛੇ ਹੋ ਤੁਰੇ। ਸਾਰੇ ਕਰਮਚਾਰੀਆਂ ਦੇ ਹੱਥੋਂ ਕਲਮਾਂ ਖਿਸਕ ਗਈਆਂ।

'ਆਹ ਵੇਖੋ। ਪਾਪੀ, ਬਗਲਾ ਭਗਤ, ਜੀਹਨੇ ਮੇਰੀ ਇਜ਼ਤ ਨੂੰ ਹੱਥ ਪਾਇਆ।' ਉਹ ਸ਼ਾਮੂ ਵੱਲ ਇਸ਼ਾਰਾ ਕਰਦੀ ਚਿਲਾ ਉੱਠੀ।

'ਤੂੰ ਅਜੇ ਵੀ ਝੂਠ ਮਾਰ ਰਹੀ ਹੈ.... ਰਾਮੋ! ਇਹ ਪੰਨਾ ਸਿੰਘ ਨਹੀਂ, ਇਹ ਤਾਂ ਸ਼ਾਮੂ ਸ਼ਾਹ ਹੈ। ਬੜਾ ਇਜ਼ਤਦਾਰ! ਈਮਾਨਦਾਰ।' ਰਾਮ ਲਾਲ ਨੇ ਉਸਨੂੰ ਮਨਾਉਣ ਦੀ ਕੋਸ਼ਿਸ਼ ਕੀਤੀ।

'ਬੱਲੇ ਬੱਲੇ..... ਸ਼ਾਵਾ ਤੇਰੇ, ਇਹੋ ਜਿਹੇ ਸਾਹਬ ਦੇ, ਪਤਾ ਲੱਗੂ ਤੈਨੂੰ ਉਦੋਂ, ਜਦੋਂ ਇਸ ਈਮਾਨਦਾਰ ਇੱਜ਼ਤਦਾਰ ਨੇ ਮੋਮੋਠਗਣੀਆਂ ਗੱਲਾਂ ਬਣਾ ਕੇ ਤੇਰੀਆਂ ਨੂੰ ਜਾ ਫੜਿਆ। ਇਹੀ ਤਾਂ ਪੰਨਾ ਸਿੰਘ ਹੈ। ਮੈਂ ਇਹਨੂੰ ਪੰਨਾ ਹੀ ਕਹਾਂਗੀ।' ਰਾਮੋ ਨੇ ਬਾਜ਼ੀ ਜਿੱਤ ਲਈ, ਕਾਲੀਆ ਸਾਹਬ ਆਪਣੇ ਸਿਰ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਵਾਪਸ ਕੁਰਸੀ 'ਤੇ ਆ ਬੈਠੇ। ਸਵਾਮੀ ਤੇ ਸ਼ਾਮੂ ਦੋਵਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਜਿਹੜਾ ਟੋਆ ਉਹਨਾਂ ਪੰਨੇ ਲਈ ਪੁੱਟਿਆ ਸੀ, ਸਵਾਮੀ ਉਸ ਵਿਚ ਡਿੱਗ ਕੇ ਗਰਕ ਹੋਣ ਜਾ ਰਿਹਾ ਸੀ।

ਸਵਾਮੀ ਨੂੰ ਆਪਣੀ ਮਾਂ ਦੀ ਦੱਸੀ ਹੋਈ ਕਹਾਣੀ ਅੱਜ ਇਕੇਰਾਂ ਫਿਰ ਸੱਚੀ ਹੋ ਨਿੱਬੜੀ ਦਿਸੀ, ਜਦੋਂ ਸ਼ਾਮੂ ਦੀ ਮਾਂ ਜੋ ਸਵਾਮੀ ਦੀ ਮਾਂ ਦੀ ਸਕੀ ਭੈਣ ਸੀ, ਨੇ ਆਪਣੇ ਇਕ ਹੋਰ ਮੁੰਡਾ ਲੈਣ ਦੀ ਖਾਤਰ ਟਨੀ ਨੂੰ ਦੇਣ ਲਈ ਢਾਈ ਤਾਵੀਜ਼ ਬਣਾ ਕੇ ਮੰਤਰਾਅ ਕੇ ਖੀਰ ਵਿਚ ਪਾ ਕੇ ਰੱਖੇ ਸਨ ਤੇ ਉਹ ਭੁਲ ਭੁਲੇਖੇ ਸ਼ਾਮੂ ਦੀ ਭੈਣ ਨੇ ਖਾ ਲਏ ਸਨ। ਤੇ ਫਿਰ ਟੋਟਾ ਟੋਟਾ ਹੋ ਕੇ ਪੋਟਾ ਪੋਟਾ ਕੋਹ ਕੇ ਉਸ ਖੀਰ ਨੇ ਉਸ ਦੀ ਮਾਂ ਦੇ ਸਾਹਮਣੇ ਤੜਫੜੀ  ਕੁਰਲਾਂਦੀ ਉਸ ਦੀ ਭੈਣ ਨੂੰ ਪੰਜਾ ਪਾ ਲਿਆ ਸੀ। ਸ਼ਾਮੂ ਦੀ ਮਾਂ ਇਕ ਹੋਰ ਮੁੰਡਾ  ਲੈਂਦੀ ਲੈਂਦੀ ਆਪਣੀ ਇਕੋ ਇਕ ਲੜਕੀ ਤੋਂ ਵਾਂਝੀ ਹੋ ਗਈ ਸੀ। ਪੰਨੇ ਨੂੰ ਫਸਾਉਣ ਲਈ ਰਚੇ ਇਕ ਖੜਯੰਤਰਕ ਜਾਲ ਵਿਚ ਉਸ ਦਾ ਆਪਣਾ ਹੀ ਸਾਥੀ ਅਸਲੀ ਅਪਰਾਧੀ ਸ਼ਾਮੂ ਨੰਗਾ ਹੋ ਗਿਆ ਸੀ। ਕੈਮਰੇ ਦੀ ਰੀਲ ਤਾਂ ਉਸ ਨੇ ਗਰਕ ਕਰ ਦਿਤੀ ਸੀ, ਪਰ ਰਾਮੋ ਨੂੰ ਉਹ ਚੰਗੀ ਤਰ੍ਹਾਂ ਸਮਝਾ ਨਹੀਂ ਸਕਿਆ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਨਿਬੜਿਆ ਸੀ।

'ਚਲੋ ਇਹ ਵੀ ਚੰਗਾ ਹੀ ਹੋਇਆ। ਇਹ ਵੀ ਤਾਂ ਸ਼ਰੀਕ ਹੀ ਸੀ, ਇਕ ਸ਼ਰੀਕ ਤਾਂ ਟੁੱਟਾ।' ਸਵਾਮੀ ਅੰਦਰੋਂ ਖੁਸ਼ ਸੀ, ਭਾਵੇਂ ਥੋੜ੍ਹਾ, ਇਸ ਲਈ ਕਿ ਇਸ ਘਟਨਾ ਨਾਲ ਉਸ ਦੀ ਆਪਣੀ ਸ਼ਾਖ ਨੂੰ ਵੀ ਤਾਂ ਖੋਰਾ ਲੱਗਾ ਸੀ। 'ਜਾ ਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ।' ਪੰਨਾ ਇਕੇਰਾਂ ਫਿਰ ਇਸ ਪਾਪ ਦੇ ਚੁਬੱਚੇ 'ਚੋਂ ਸਾਫ ਸਾਫ ਬਚ ਨਿਕਲਿਆ ਸੀ, ਕੋਰਾ ਨਿਕੋਰ ਤੇ ਨਿਰੋਲ।

'ਇਹ ਤਾਂ ਮੇਰੇ ਤੇ ਗ਼ਲਤ ਇਲਜ਼ਾਮ ਲੱਗ ਗਿਆ ਜਨਾਬ। ਮੈਨੂੰ ਬਚਾਓ..... ਮੈਂ ਅਜਿਹਾ ਕੋਈ ਗ਼ਲਤ ਕੰਮ ਨਹੀਂ ਕੀਤਾ, ਇਹ ਝੂਠ ਬੋਲ ਰਹੀ ਹੈ।' ਸ਼ਾਮੂ ਨੇ ਮਗਰਮੱਛ ਵਰਗੇ ਹੰਝੂ ਕੇਰਦੇ ਆਪਣੇ ਆਪ ਦੀ ਸਫਾਈ ਪੇਸ਼ ਕੀਤੀ।

'ਅਸਲ ਵਿਚ ਰਾਮੋ ਨਾਲ ਜਬਰ ਜਿਨਾਹ ਤੇ ਹੋਇਆ ਹੈ ਜ਼ਰੂਰ, ਪਰ ਉਸ ਨੂੰ ਸ਼ਨਾਖਤ ਵਿਚ ਗਲਤੀ ਲੱਗੀ ਹੈ। ਪੰਨਾ ਸਿੰਘ ਦਾ ਨਾਮ ਉਹ ਲੈਂਦੀ ਹੈ, ਉਹੀ ਹੋ ਸਕਦਾ ਹੈ। ਉਸ ਦੀਆਂ ਪਹਿਲਾਂ ਵੀ ਸ਼ੀਲਾ ਨਾਲ ਅਜਿਹੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ।' ਟਨੀ ਨਾਥ ਨੇ ਰਾਮ ਲਾਲ ਨੂੰ ਅੱਗੇ ਕਰਕੇ ਵਾਰਤਾਲਾਪ ਦੇ ਵਹਿਣ ਦਾ ਰੁਖ ਮੋੜਨ ਦਾ ਯਤਨ ਕੀਤਾ।

'ਅਰੇ ਭਾਈ! ਕਿਆ ਬਾਤ ਕਰ ਰਹੇ ਹੋ... ਜਿਸ ਕੇ ਸਾਥ ਜ਼ਿਆਦਤੀ ਹੂਈ ਹੈ, ਵੋਹ ਸ਼ਾਮੂ ਕੋ ਹਾਥ ਲਗਾ ਰਹੀ ਹੈ, ਔਰ ਆਪ ਪੰਨਾ ਪਰ ਇਹ ਘੋਰ ਅਪਰਾਧ ਠੋਸ ਰਹੇ ਹੋ। ਮੁਝੇ ਬਤਾਓ। ਮੈਂ ਆਪ ਕੀ ਮਾਨੂੰ ਜਾਂ ਰਾਮੋ ਕੀ?' ਕਾਲੀਏ ਦਾ ਅੰਦਰ ਵੀ ਇਸ ਕਸੂਤੀ ਉਲਝਣ ਵਿਚ ਤਿੜਕਿਆ ਗਿਆ।

'ਚਲੋ! ਛੋੜੋ! ਇਸ ਬਾਤ ਕੋ ਬਾਅਦ ਮੇਂ ਦੇਖੇਂਗੇ........। ਆਪ ਬਤਾਈਏ ਨਏ ਮਕਾਨ ਕਾ ਕਿਆ ਹੂਆ ?' ਕਾਲੀਏ ਦਾ ਮਤਲਬ ਦਫ਼ਤਰ ਵਾਸਤੇ ਨਵੇਂ ਮਕਾਨ ਦੀ ਤਲਾਸ਼ ਤੋਂ ਸੀ। ਉਹ ਇਸ ਬਿਖੜੇ ਕਾਂਡ ਚੋਂ ਪਾਸੇ ਨਿਕਲਨਾ ਚਾਹੁੰਦਾ ਸੀ।

'ਇਹ ਤਾਂ ਕਾਲੀਆ ਸਾਹਿਬ। ਸਾਨੂੰ ਇਸੇ ਮਾਲਕ ਮਕਾਨ ਨਾਲ ਹੀ ਗੰਢ-ਤੁੱਪ ਕਰਨੀ ਪੈਣੀ ਹੈ। ਹੋਰ ਕੋਈ ਮਾਲਕ! ਸਰਕਾਰ ਨੂੰ ਮਕਾਨ ਕਿਰਾਏ 'ਤੇ ਦੇਣ ਲਈ ਤਿਆਰ ਹੀ ਨਹੀਂ। ਨਵਾਂ ਮਾਲਕ ਮਕਾਨ ਮਸੀਂ ਮਨਾਇਆ ਸੀ ਅਸੀਂ। ਪਰ ਉਸ ਦੇ ਰਸਤੇ 'ਚ ਕਈ ਰੁਕਾਵਟਾਂ ਆ ਗਈਆਂ।' ਰਾਮ ਲਾਲ ਬੋਲਦਾ ਗਿਆ। ਸਵਾਮੀ, ਸ਼ਾਮੂ ਤੇ ਦੂਲੋ ਉਸ ਦੀ ਸ਼ਾਅਦੀ ਭਰਦੇ ਤਾਈਦ ਕਰਦੇ ਰਹੇ।

'ਕੀ ਸੀ ਉਹ.... ਕਿਆ ਰੁਕਾਵਟ ਸੀ? ਕਿਆ ਹੈ ਵੋਹ ?'

'ਇਕ ਤਾਂ ਸਰ, ਉਸ ਨੇ ਮਕਾਨ ਕਿਸ਼ਤਾਂ ਤੇ ਖਰੀਦਿਆ ਹੋਇਐ ਤੇ ਕਾਨੂੰਨੀ ਤੌਰ 'ਤੇ ਉਹ ਉਤਨੀ ਦੇਰ ਕਿਰਾਏ 'ਤੇ ਨਹੀਂ ਦੇ ਸਕਦਾ ਜਿਤਨੀ ਦੇਰ ਉਸ ਦੀਆਂ ਕਿਸ਼ਤਾਂ ਪੂਰੀਆਂ ਨਾ ਹੋ ਜਾਣ। ਇਹ ਸਾਨੂੰ ਨਗਰਪਾਲਿਕਾ ਵੱਲੋਂ ਇਤਲਾਹ ਮਿਲੀ ਸੀ।' ਤਿੰਨਾਂ ਨੇ ਇਕ ਦੂਜੇ ਦੀ ਹਾਂ ਵਿਚ ਹਾਂ ਮਿਲਾਉਂਦੇ ਸਫਾਈ ਪੇਸ਼ ਕੀਤੀ।

'ਬਿਲਕੁਲ ਗਲਤ। ਐਸਾ ਕੋਈ ਕਾਨੂੰਨ ਮੈਂ ਨੇ ਨਹੀਂ ਦੇਖਾ, ਜਬ ਮਾਲਕ ਮਕਾਨ ਦੇਣੇ ਕੋ ਤਿਆਰ ਹੈ, ਔਰ ਹਮ ਲੈਣੇ ਕੋ ਤਿਆਰ ਹੈ, ਤੋ ਨਗਰਪਾਲਿਕਾ ਯਾ ਔਰ ਕੋਈ ਇਸ ਮੇਂ ਰੁਕਾਵਟ ਨਹੀਂ ਬਣ ਸਕਤਾ। ਆਪ ਉਸ ਕੋ ਯੈਸ ਕਰ ਦੋ।' ਕਾਲੀਏ ਦਾ ਸਵੈ-ਭਰੋਸੇ ਵਾਲਾ ਦਬਕਾ ਸੀ।

‘ਅਸਾਂ ਤੇ ਹਾਂ ਕਰ ਦਿਤੀ ਸੀ ਸਰ। ਪਰ ਅੱਗੇ ਹੋਰ ਅੜਿਚਣ ਆ ਗਈ।’

‘ਕਿਆ ਥੀ ਵੋਹ?’

ਕਾਲੀਆ ਸਾਹਬ ਬੜੀ ਉਤਸੁਕਤਾ ਨਾਲ ਰਾਮ ਲਾਲ ਦਾ ਵਿਖਿਆਨ ਸੁਣਦੇ ਰਹੇ ਤੇ ਬਾਕੀ ਤਿਕੜੀ ਦੀਆਂ ਨਜ਼ਰਾਂ ਪੜ੍ਹਦੇ ਰਹੇ।

‘ਉਸ ਮਹੱਲੇ ਦੇ ਨੌਜਵਾਨ ਸਭਾ ਦੇ ਨੁਮਾਇੰਦੇ ਸਾਡੇ ਕੋਲ ਆ ਧਮਕੇ। ਕਹਿਣ, ਲੱਗੇ, ਅਸੀਂ ਉਥੇ ਦਫ਼ਤਰ ਨਹੀਂ ਖੁੱਲ੍ਹਣ ਦੇਣਾ, ਸਾਡੀ ਮਾਲਕ ਮਕਾਨ  ਨਾਲ ਜ਼ਿੱਦ ਹੈ।’

‘ਮੈਂ ਆਪ ਕੀ ਯਹ ਬਾਤੋਂ ਕੋ ਨਹੀਂ ਮਾਨਤਾ, ਹਮਾਰਾ ਔਰ ਕਿਸੀ ਕੀ ਜ਼ਿੱਦ ਜਾਂ ਦੁਸ਼ਮਣੀ ਸੇ ਕੋਈ ਮਤਲਬ ਨਹੀਂ ਹੈ।’

‘ਕਾਲੀਆ ਸਾਹਬ। ਅਸੀਂ ਸਭ ਇਹ ਮਾਮਲਾ ਸਮਝ ਗਏ ਸੀ, ਤੇ ਏਸੇ ਲਈ ਅਸੀਂ ਉਥੇ ਗਏ। ਅਸੀਂ ਕਿਹਾ, ਅਸੀਂ ਇਹ ਮਕਾਨ ਦਫ਼ਤਰ ਲਈ ਜ਼ਰੂਰ ਲਵਾਂਗੇ।’

ਸ਼ਾਮੂ ਨੇ ਇਕੇਰਾਂ ਆਪਣੀ ਸੁੱਕੀ ਜਿਹੀ ਢਿੱਡੀ ਫੈਲਾ ਕੇ ਰਾਮ ਲਾਲ ਦੀ ਗੱਲ ਦੀ ਪੁਸ਼ਟੀ ਕਰਨ ਦੀ ਕੋਸ਼ਿਸ਼ ਕੀਤੀ।

‘ਪਰ ਇਹ ਵੇਖੋ ਸਰ। ਮੇਰੀ ਹਿੱਕ ਵਿਚ ਉਪਰੋਂ ਧੁੱਖਦੇ ਗੋਹਟੇ ਆ ਕੇ ਵੱਜੇ, ਰਾਮ ਲਾਲ ਜੀ ਦੇ ਕੱਚ ਵੱਟੇ ਪਏ। ਅਸੀਂ ਬੜੀ ਮੁਸ਼ਕਿਲ ਨਾਲ ਬਚ ਕੇ ਨਿਕਲੇ ਉਥੋਂ। ਫਿਰ ਅਸੀਂ ਪੁਲਿਸ ਕੋਲ ਵੀ ਗਏ। ਥਾਣੇਦਾਰ ਨੇ ਵੀ ਕਿਹਾ, ‘ਤੁਸੀਂ ਇਥੇ ਦਫ਼ਤਰ ਨਾ ਬਣਾਉ। ਮਹੱਲੇ ਦੇ ਲੋਕ ਠੀਕ ਨਹੀਂ। ਹਰ ਰੋਜ਼ ਤੁਹਾਨੂੰ ਤੰਗ ਕਰਨਗੇ, ਮੈਂ ਹਰ ਰੋਜ਼ ਤੁਹਾਡੀ ਰਾਖੀ ਨਹੀਂ ਕਰ ਸਕਾਂਗਾ।’

ਸਭ ਨਹਿਲੇ ’ਤੇ ਦਹਿਲੇ ਪਾਤਰ ਵੇਖ ਕੇ ਕਾਲੀਏ ਨੂੰ ਝੁਕਣਾ ਪਿਆ। ਉਹ ਸਭ ਦੀ ਨੀਯਤ ਤਾੜ ਗਿਆ ਸੀ, ਨਾਚ ਨਾ ਜਾਣੇ ਆਂਗਣ ਟੇਡਾ। ਉਹਨਾਂ ਦੀ ਗੱਲ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

‘ਚਲੋ ਏਸੇ ਮਾਲਕ ਮਕਾਨ ਨਾਲ ਹੀ ਗੱਲ ਪੱਕੀ ਕਰ ਲਉ।’ ਕਾਲੀਏ ਨੇ ਤੇਲ ਦੀ ਧਾਰ ਵੇਖ ਕੇ ਆਪਣਾ ਫੈਸਲਾ ਦੇ ਦਿਤਾ।

‘ਮੈਂ ਜਾਵਾਂ ਸਾਹਬ ਜੀ।’ ਰਾਮੋ ਜੋ ਬਾਹਰ ਬੈਠੀ ਉਡੀਕ ਰਹੀ ਸੀ, ਨੇ ਇਕੇਰਾਂ ਫਿਰ ਸੁੱਤੀ ਕਲਾ ਜਗਾ ਦਿਤੀ।

‘ਹਾਂ। ਤੂੰ ਜਾਹ ਰਾਮੋ। ਮੈਂ ਇਕ ਦੋ ਦਿਨ ਇਥੇ ਹੀ ਹਾਂ..... ਤੂੰ ਆਪਣਾ ਕੰਮ ਕਰੀ ਜਾਹ। ਅੱਗੇ ਤੋਂ ਤੈਨੂੰ ਕੋਈ ਕੁਝ ਨਹੀਂ ਕਹਿੰਦਾ, ਤੂੰ ਆਪਣੀ ਸ਼ਿਕਾਇਤ ਲਿਖ ਕੇ ਛੱਡ ਜਾਹ। ਮੈਂ ਪੂਰੀ ਪੁੱਛ ਪੜਤਾਲ ਕਰਕੇ ਉਸ ਨੂੰ ਢੁਕਵੀਂ ਸਖਤ ਤੋਂ ਸਖਤ ਸਜ਼ਾ ਦਿਆਂਗਾ।’

‘ਚੰਗਾ ਜੀ। ਨਮੱਸਤੇ।’

ਬਾਹਰ ਨਿਕਲ ਕੇ ਟਨੀ ਨਾਥ ਨੇ ਆਪ ਹੀ ਰਾਮੋ ਦੀ ਸ਼ਿਕਾਇਤ ਦਾ ਮਜਬੂਨ ਲਿਖਿਆ। ਪੰਨੇ ਦੇ ਨਾਮ ਥੱਲੇ ਲਾਲ ਸਿਆਹੀ ਨਾਲ ਲਕੀਰ ਲਗਾ ਕੇ, ਰਾਮੋ ਦਾ ਅੰਗੂਠਾ ਲਗਾ ਲਿਆ, ਤੇ ਵਾਪਸ ਕਾਲੀਆ ਸਾਹਿਬ ਦੇ ਸਾਹਮਣੇ ਮੇਜ਼ 'ਤੇ ਟਿਕਾ ਦਿਤਾ।

ਰੀਟਾਇਰਿੰਗ ਰੂਮ ਵਿਚੋਂ ਪਲੇਟਾਂ ਦੇ ਖੜਕਣ ਦੀ ਆਵਾਜ਼ ਆਈ। ਸਾਰੀ ਜੁੰਡਲੀ ਦਾ ਧਿਆਨ ਘੜੀ ਵੱਲ ਮੁੜਿਆ। ਘੜੀ ਦੀਆਂ ਸੂਈਆਂ ਇਕ ਦੇ ਲਾਗੇ ਜਾ ਕੇ ਕੜਿੰਗੜੀ ਪਾ ਰਹੀਆ ਸਨ। ਦੁਪਹਿਰ ਦੇ ਖਾਣੇ ਦਾ ਸਮਾਂ ਹੋ ਗਿਆ ਸੀ।

'ਖਾਣਾ ਤਿਆਰ ਐ ਸਰ।' ਸਵਾਮੀ ਨੇ ਬਾਹਰਲੇ ਕਮਰੇ ਵੱਲ ਇਸ਼ਾਰਾ ਕੀਤਾ।

'ਚਲੋ......।' ਰਾਮ ਲਾਲ ਤੇ ਕਾਲੀਆ ਸਾਹਬ ਦੀ ਇਕੱਠੀ ਆਵਾਜ਼ ਨਿਕਲੀ। ਬਾਸਮਤੀ ਦੇ ਚੌਲਾਂ ਦੀ ਮਹਿਕ, ਕੇਸਰ ਦੇ ਢਾਬੇ ਦੇ ਮਾਂਹ, ਮੁਰਗੇ ਦੀ ਸਬਜ਼ੀ ਦੀ ਸੁਗੰਧੀ ਸਾਰੇ ਵਾਤਾਵਰਣ ਨੂੰ ਸੁਗੰਧਿਤ ਕਰ ਗਈ। ਸਵਾਮੀ ਨੇ ਮੇਜ਼ 'ਤੇ ਪਈਆਂ ਚਾਰ ਥਾਲੀਆਂ ਵਿਚੋਂ ਦੋ ਨੂੰ ਸਮੇਟ ਕੇ ਪਾਸੇ ਰੱਖ ਦਿਤਾ ਤੇ ਆਪੇ ਹੀ ਦੋ ਥਾਲੀਆਂ ਬਣਾ ਸੰਵਾਰ ਕੇ ਪਰੋਸ ਦਿਤੀਆਂ।

'ਲਓ! ਸਰ! ਬੈਠੋ।'

ਕਾਲੀਆ ਸਾਹਬ ਤੇ ਰਾਮ ਲਾਲ ਨਲਕੇ 'ਚੋਂ ਹੱਥ ਧੋ ਕੇ ਰੁਮਾਲ ਨਾਲ ਪੂੰਝਦੇ ਖਾਣੇ ਵਾਲੀ ਮੇਜ਼ 'ਤੇ ਸੱਜ ਗਏ।

ਸ਼ਾਮੂ ਨੇ ਦੋ ਗਿਲਾਸ ਬਣਾ ਕੇ ਮੇਜ਼ 'ਤੇ ਟਿਕਾ ਦਿਤੇ।

ਕਾਲੀਏ ਨੇ ਭਾਂਪ ਲਿਆ.... ਰੰਗ ਤਾਂ ਪਾਣੀ ਵਰਗਾ ਸੀ, ਪਰ ਇਹ ਪਾਣੀ ਨਹੀਂ ਸੀ। ਉਸ ਨੇ ਧੁੜਧੁੜੀ ਜਿਹੀ ਲਈ। ਚੁੱਕਣ ਤੋਂ ਵੀ ਹਿਚਕਿਚਾਉਂਦਾ ਸੀ, ਪਰ ਛੱਡਣ ਤੋਂ ਵੀ ਝਿਜਕਦਾ ਸੀ।

'ਲੋ ਸਰ।' ਰਾਮ ਲਾਲ ਨੇ ਸ਼ਾਮੂ ਦੇ ਇਸ਼ਾਰੇ ਨਾਲ ਕਾਲੀਆ ਸਾਹਬ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ।

ਰਾਮ ਲਾਲ ਨੇ ਘੁੱਟ ਭਰਿਆ, ਗਿਲਾਸ ਥੱਲੇ ਰੱਖ ਦਿਤਾ। ਕਾਲੀਏ ਨੇ ਘੁੱਟ ਭਰਿਆ, ਤੇ ਫਿਰ ਇਕੋ ਡੀਕੇ ਸਾਰਾ ਗਿਲਾਸ ਖਾਲੀ ਕਰਕੇ ਰੁਮਾਲ ਨਾਲ ਮੁੱਛਾਂ ਸਾਫ ਕਰਦਾ ਮੁਰਗੇ ਦੀ ਟੰਗ ਫੜ ਚਟਕਾਰੇ ਮਾਰਨ ਲੱਗ ਪਿਆ। ਸਵਾਮੀ ਤੇ ਸ਼ਾਮੂੰ ਦੋਵਾਂ ਨੇ ਇਹ ਸ਼ੁਭ ਆਰੰਭ ਬੜਾ ਆਸਾਂ ਤੇ ਸ਼ਗਨਾਂ ਭਰਿਆ ਸਮਝਿਆ।

'ਬੈਠੋ ਨਾਂ..... ਤੁਸੀਂ ਵੀ ਬੈਠੋ! ਖਾਓ.... ਪਲੀਜ਼।' ਕਾਲੀਏ ਨੇ ਟੰਗ ਦੀ ਚੂਸੀ ਹੋਈ ਹੱਡੀ ਪਲੇਟ ਚ ਵਾਪਸ ਰੱਖਦੇ ਤਾਕੀਦ ਕੀਤੀ।' ਦੋਵਾਂ ਭਰਾਵਾਂ ਨੂੰ ਹੌਂਸਲਾ ਜਿਹਾ ਹੋਇਆ।

'ਬੈਠੋ ਭਾਈ......... ਲੰਚ ਟਾਈਮ ਮੇਂ ਤੋ ਹਮ ਭਾਈ ਭਾਈ ਹੈ।' ਕਾਲੀਏ ਦੇ ਅੰਦਰ ਵੋਦਕਾ ਸਿਰ ਚੜ੍ਹੇ ਜਾਦੂ ਵਾਂਗ ਬੋਲ ਉੱਠੀ।

'ਪਰ ਸਰਕਾਰੀ ਕਾਮ ਮੇਂ ਕੁਤਾਰੀ ਕਰਨੇ ਵਾਲੇ ਵਰਕਰ ਕੋ ਮੈਂ ਕਭੀ ਨਹੀਂ ਛੋੜੂੰਗਾਂ। ਕਭੀ ਨਹੀਂ।'

ਕਾਲੀਏ ਦੀ ਜ਼ਰਾ ਉਚੇਰੀ ਖਿੜਕਦੀ ਆਵਾਜ਼ ਇਸ ਗੱਲ ਦੀ ਪਰਤੀਕ ਸੀ ਕਿ ਉਸ ਨੂੰ ਕੁਝ ਕੁਝ ਚੜ੍ਹ ਗਈ ਸੀ ਤੇ ਨਾਲ ਹੀ ਇਸ ਦਾ ਇਹ ਮਤਲਬ ਕਿ ਉਹ ਕਿਸੇ ਦਾ ਲਿਹਾਜ਼ ਨਹੀਂ ਕਰਨ ਵਾਲਾ।

ਹੋਰ ਉਚੇਚ ਉਡੀਕਣ ਤੋਂ ਪਹਿਲਾਂ ਹੀ ਸਵਾਮੀ ਨੇ ਦੋ ਥਾਲੀਆਂ ਜੋ ਪਾਸੇ ਰੱਖੀਆਂ ਸਨ, ਮੇਜ਼ 'ਤੇ ਟਿਕਾ ਕੇ ਪਰੋਸ ਦਿਤੀਆਂ ਤੇ ਇਕ ਸ਼ਾਮੂ ਵੱਲ ਇਸ਼ਾਰਾ ਕਰਕੇ ਸਰਕਾ ਦਿਤੀ।

ਸ਼ਾਮੂ ਨੇ ਮਲਕੜ੍ਹੇ ਜਿਹੇ ਕਾਲੀਏ ਦਾ ਗਿਲਾਸ ਫੜ ਕੇ ਮੇਜ਼ ਥੱਲਿਉਂ ਇਕ ਹਾੜਾ ਹੋਰ ਪਾ ਕੇ ਕਾਲੀਏ ਵੱਲ ਵਧਾਇਆ।

ਕਾਲੀਆ ਉਹ ਵੀ ਇਕੋ ਡੀਕੇ ਚਾੜ੍ਹ ਗਿਆ। ਤੇ ਫਿਰ ਹੌਲੀ-ਹੌਲੀ ਚਮਚੇ ਪਲੇਟਾਂ ਖੜਕਣ ਲੱਗੀਆਂ।

ਂ ਂ ਂ

4

ਬਾਹਰੋਂ ਘੁੱਘੂ ਦੀ ਆਵਾਜ਼ ਨਾਲ ਸਾਰਿਆਂ ਦੇ ਕੰਨ ਖੜੇ ਹੋ ਗਏ। ਲਾਲ ਬੱਤੀ ਵਾਲੀ ਇਕ ਜੀਪ ਵਿਚੋਂ ਸਿਪਾਹੀ ਛਾਲਾਂ ਮਾਰ ਕੇ ਬਾਹਰ ਨਿਕਲੇ। ਇਕ ਸਫੈਦਪੋਸ਼ ਆਦਮੀ, ਐਨਕਾਂ ਵਾਲਾ, ਸਾਦੀ ਵਰਦੀ ਵਿਚ ਦਫ਼ਤਰ ਦੇ ਅੰਦਰ ਵੱਲ ਵਧਿਆ।

'ਪੰਨਾ ਸਿੰਘ! ਇਥੇ ਹੈ ਜੀ ?' ਇਕ ਸਿਪਾਹੀ ਦੀ ਆਵਾਜ਼ ਨੇ ਸਾਰੇ ਦਫ਼ਤਰ ਵਿਚ ਭਾਜੜ ਪਾ ਦਿਤੀ।

'ਲਓ ਜੀ ਕੋਈ ਹੋਰ ਸਿਆਪਾ ਆ ਗਿਆ। ਰਾਮੋ ਨੇ ਪੁਲਿਸ ਭੇਜ ਦਿਤੀ...... ਪੰਨੇ ਵਾਸਤੇ।' ਸ਼ਾਮੂ ਚਿਲਾਇਆ।

'ਕਾਲੀਏ ਦਾ ਗਿਲਾਸ ਹੱਥੋਂ ਡਿੱਗਦਾ ਮਸਾਂ ਬਚਿਆ' ਉਸ ਨੂੰ ਹੁੱਥੂ ਆ ਗਿਆ। ਰਾਮ ਲਾਲ ਦੇ ਮੂੰਹ ਦੀ ਬੁਰਕੀ ਮੂੰਹ ਵਿਚ ਫੁੱਲ ਗਈ। ਟਨੀ ਨਾਥ ਦੇ ਹੱਥ ਦੀ ਬੁਰਕੀ ਅੱਧ ਵਿਚ ਹੀ ਅਟਕ ਗਈ। ਸਭ ਦਾ ਅੱਧ-ਵਰਿਤਾ ਨਸ਼ਾ ਰਫੂ-ਚੱਕਰ ਹੋ ਗਿਆ।

'ਆਓ ਜੀ ਦੱਸੋ?' ਸ਼ਾਮੂ ਬਾਹਰ ਨਿਕਲਿਆ। ਏਨੇ ਨੂੰ ਇਕ ਸਿਪਾਹੀ ਤੇ ਇਕ ਬਾਬੂ ਜੀ ਅੰਦਰ ਹੀ ਧੁੱਸ ਆਏ।

‘ਇਹ ਸਾਡੇ ਵੱਡੇ ਸਾਹਬ ਨੇ, ਚੰਡੀਗੜ੍ਹ ਤੋਂ ਆਏ ਨੇ, ਦਫ਼ਤਰ ਦੀ ਇਨਸਪੈਕਸ਼ਨ ਵਾਸਤੇ।’ ਸ਼ਾਮੂ ਨੇ ਤੁਆਰਫ ਕਰਾਇਆ। ਕਾਲੀਆ ਸਾਹਬ ਨੇ ਉੱਠ ਕੇ ਬਾਬੂ ਜੀ ਨਾਲ ਹੱਥ ਮਿਲਾਇਆ।

‘ਇਹ ਡੀ.ਸੀ. ਦਫਤਰ ਦੇ ਵੱਡੇ ਨਿਗਰਾਨ ਨੇ।’ ਸਿਪਾਹੀ ਨੇ ਬਾਬੂ ਜੀ ਦੀ ਜਾਣ ਪਛਾਣ ਕਰਾਈ।

‘ਅਸੀਂ ਪੰਨਾ ਸਿੰਘ ਨੂੰ ਮਿਲਣਾ ਚਾਹੁੰਦੇ ਹਾਂ...... ਡੀ. ਸੀ. ਸਾਹਬ ਨੇ ਉਹਨਾਂ ਨੂੰ ਯਾਦ ਕੀਤਾ ਹੈ।’ ਬਾਬੂ ਜਲਦੀ ਵਿਚ ਸੀ।

‘ਕਿਉਂ ਕੀ ਗੱਲ। ਸੁੱਖ ਤਾਂ ਹੈ?’ ਕਾਲੀਏ ਨੇ ਆਪਣੀ ਹੈਰਾਨੀ ਪ੍ਰਗਟਾਈ।

‘ਹਾਂ ਜੀ ਬਿਲਕੁਲ ਸੁੱਖ-ਸਾਂਦ ਹੈ। ਤੁਹਾਡੇ ਪੰਨੇ ਸਿੰਘ ਨੂੰ ਸਨਮਾਨਤ ਕਰਨਾ ਹੈ।’ ਉਸ ਨੇ ਹੱਥ ਫੈਲਾ ਕੇ ਖੁਸ਼ਖ਼ਬਰੀ ਦਿਤੀ।

‘ਕਾਹਦੇ ਲਈ?’ ਕਾਲੀਆ ਸਾਹਬ ਇਸ ਸਭ ਕੁਝ ਤੋਂ ਅਨਜਾਣ ਸੀ। ‘ਉਹਨੇ ਕੱਲ੍ਹ ਬੜੀ ਬਹਾਦਰੀ ਵਿਖਾਈ। ਆਪਣੀ ਜਾਨ ਹੂਲ ਕੇ ਡਾਕੂਆਂ ਕੋਲੋਂ ਦੋ ਬੱਚੇ ਛੁਡਾ ਲਏ। ਬੜੀ ਚਰਚਾ ਹੈ ਉਸ ਦੀ ਸਾਰੇ ਸ਼ਹਿਰ ਵਿਚ।’

ਬਾਬੂ ਨੇ ਹੱਸਦੇ ਹੱਸਦੇ ਗੱਲ ਹੋਰ ਲਟਕਾ ਕੇ ਪੂਰੀ ਕੀਤੀ।

‘ਤੁਹਾਨੂੰ ਬਹੁਤ ਬਹੁਤ ਮੁਬਾਰਕ।’

‘ਉਹ ਬੱਚੇ ਵੀ ਤਾਂ ਮੇਰੇ ਹੀ ਸਨ ਜੀ।’

ਟਨੀ ਨਾਥ ਨੇ ਹੱਥ ਜੋੜਕੇ ਬਾਬੂ ਜੀ ਨੂੰ ਧੰਨਵਾਦ ਕਰਨ ਦੇ ਲਹਿਜੇ ਵਿਚ ਕਿਹਾ।

‘ਇਹ ਵੀ ਚੰਗਾ ਕੰਮ ਐ! ਬੱਚੇ ਵੀ ਤੁਹਾਡੇ ਤੇ ਛੁਡਾਉਣ ਵਾਲੇ ਵੀ ਤੁਹਾਡੇ। ਸਾਰੇ ਸ਼ਹਿਰ ਨੂੰ ਪਤਾ, ਪਰ ਤੁਹਾਡੇ ਦਫ਼ਤਰ ਵਿਚ ਇਸ ਦੀ ਬਿੜਕ ਵੀ ਨਹੀਂ। ਮੈਨੂੰ ਮਿਲਾਓ ਉਹਨੂੰ।’ ਬਾਬੂ ਨੇ ਜੋਰ ਦੇ ਕੇ ਕਿਹਾ।

‘ਤੁਹਾਨੂੰ ਤਾਂ ਸਗੋਂ ਆਪ ਉਹਦਾ ਸਨਮਾਨ ਕਰਨਾ ਚਾਹੀਦਾ ਸੀ।’

‘ਉਹ ਤਾਂ ਅੱਜ ਛੁਟੀ ’ਤੇ ਹੈ ਜਨਾਬ।’

‘ਤਾਂ ਫਿਰ ਪਰਸੋਂ ਐਤਵਾਰ ਉਹਨੂੰ ਡੀ. ਸੀ. ਦਫ਼ਤਰ ਭੇਜ ਦੇਣਾ। ਉਥੇ ਸਨਮਾਨ ਸਮਾਰੋਹ ਵਿਚ ਉਸਨੂੰ ਮਾਣ ਪੱਤਰ ਤੇ ਸਨਮਾਨ ਦਿਤਾ ਜਾਏਗਾ। ਅਜਿਹੇ ਸੂਰਬੀਰਾਂ ਦੀ ਸਾਡੇ ਦੇਸ਼ ਨੂੰ ਬਹੁਤ ਲੋੜ ਹੈ।’

‘ਬੈਠੋ ਚਾਹ ਮੰਗਾ ਲੈਂਦੇ ਹਾਂ.......।’ ਕਾਲੀਏ ਨੇ ਉਧਰ ਸੁਲਾਹ ਮਾਰਦੇ ਸ਼ਾਮੂ ਵੱਲ ਨਿਗਾਹ ਸੁੱਟੀ।

‘ਨਹੀਂ! ਮੈਨੂੰ ਜਲਦੀ ਹੈ..... ਅੱਛਾ। ਧੰਨਵਾਦ। ਪੰਨਾ ਸਿੰਘ ਨੂੰ ਇਹ ਸੁਨੇਹਾ ਜ਼ਰੂਰ ਪਹੁੰਚਾ ਦੇਣਾ।’

‘ਅੱਛਾ ਜੀ ਜ਼ਰੂਰ। ਸ਼ੁਕਰੀਆ......... ਧੰਨਵਾਦ।’

ਕਾਲੀਆ ਸਾਹਬ ਦੇ ਚਿਹਰੇ ’ਤੇ ਪ੍ਰਸੰਨਤਾ ਦੇ ਹਾਵ ਭਾਵ ਨਿਕਲ ਕੇ ਪੰਨੇ ਵਾਲੀ ਪਹਿਲੀ ਬਣਾਈ ਕਾਲੀ ਤਸਵੀਰ ’ਤੇ ਡਸਟਰ ਫੇਰ ਗਏ। ਇਹ ਤਿੱਕੜੀ ਲੂਸ ਕੇ ਕੋਇਲਾ ਹੋ ਗਈ, ਸੁੰਗੜ ਕੇ ਸੱਪ ਵਾਂਗ ਪਲਸੇਟੇ ਲੈਂਦੀ ਵਿਚੇ ਵਿਚ ਅੰਦਰੇ ਅੰਦਰ ਵਿੱਸ ਘੋਲਣ ਲੱਗੀ। ਕਾਲੀਆ ਹੱਸਣ ਲੱਗਾ, ਵਿਚੇ ਵਿਚ ਮੁਸਕਾਂਦਾ ਰਿਹਾ।

‘ਚੌਰਾਹੇ ਬੈਠ ਕੇ ਤੁਸਾਂ ਜਿੰਨਾ ਵੀ ਉਹਨੂੰ ਭੰਡਿਆ ਏ’
ਚਾਨਣ ਵਾਂਗ ਉਹਦਾ ਨਾਮ ਹੋਰ ਚੁਫ਼ੇਰੇ ਖਿੰਡਿਆ ਏ।’

ਬਾਹਰੋਂ ਟੇਪ ਰੀਕਾਰਡਰ ਦੀ ਉੱਚੀ ਜਿਹੀ ਆਵਾਜ਼ ਦਫ਼ਤਰ ਦੇ ਅਰਧ ਬਿਮਾਰ ਵਾਤਾਵਰਣ ਵਿਚ ਚਿਣਗ ਜਿਹੀ ਸੁੱਟ ਗਈ।

‘ਵਾਹ ਬਈ ਵਾਹ। ਕਮਾਲ ਕੀਆ। ਕਿਆ ਸ਼ਿਅਰ ਹੈ।’ ਕਾਲੀਏ ਦੀ ਮੁਸਕਰਾਹਟ ਉਹਨਾਂ ’ਤੇ ਬਿਜਲੀ ਵਾਂਗ ਕੜਕੀ।

ਆਪਣੀ ਅੱਧੀ ਛੁੱਟੀ ਕੱਟ ਕੇ ਪੰਨਾ ਬਿਲਕੁਲ ਠੀਕ ਡੇਢ ਵਜੇ ਦਫ਼ਤਰ ਆਇਆ। ਸ਼ਾਮੂ ਨੇ ਹਮੇਸ਼ਾ ਦੀ ਆਦਤ ਅਨੁਸਾਰ ਉਹਨੂੰ ਗੇਟ ’ਤੇ ਹੀ ਆ ਘੇਰਿਆ।

‘ਵਧਾਈ ਹੋਵੇ ਪੰਨਾ ਸਿਹਾਂ, ਬਹੁਤ ਬਹੁਤ ਧੰਨਵਾਦ ਤੇਰਾ, ਬੜੀ ਬੜੀ ਵਧਾਈ।’ ਉਸ ਨੇ ਪੰਨੇ ਨੂੰ ਕਲਾਵੇ ਵਿਚ ਘੁੱਟ ਲਿਆ।

‘ਬੜਾ ਬਹਾਦਰ ਨਿਕਲਿਆ ਤੂੰ ਤਾਂ..... ਤੂੰ ਆਪਣੀ ਹੀ ਨਹੀਂ ਸਗੋਂ ਸਾਡੇ ਸਾਰੇ ਦਫ਼ਤਰ ਦੀ ਕਲਗੀ ਉੱਚੀ ਕਰ ਦਿਤੀ।’

‘ਨਹੀਂ । ਮੈਂ ਕੋਈ ਅਲੋਕਾਰ ਕੰਮ ਨਹੀਂ ਕੀਤਾ, ਮੈਂ ਆਪਣਾ ਫਰਜ਼ ਨਿਭਾਇਆ ਹੈ।’ ਪੰਨਾ ਸਭ ਕੁਝ ਸਮਝ ਗਿਆ।

‘ਪਰ ਯਾਰ ਇਕ ਹੋਰ ਬੜੀ ਮਾੜੀ ਗੱਲ ਹੋਈ ਆ।’

‘ਕੀ ਹੋਇਆ?’

‘ਤੇਰੀਆਂ ਤੇ ਕਾਲੀਆ ਸਾਹਬ ਅੱਗੇ ਬੜੀਆਂ ਸ਼ਿਕਾਇਤਾ ਲੱਗੀਆਂ ਨੇ, ਮੈਨੂੰ ਤਾਂ ਪਤਾ ਨਹੀਂ ਸੀ, ਤੇਰੀ ਏਹਦੇ ਨਾਲ ਏਨੀ ਮਾਰੂ ਦੁਸ਼ਮਣੀ ਏ।’

‘ਕੀ ਸ਼ਿਕਾਇਤਾਂ ਲਗਾਈਆਂ?’ ਪੰਨੇ ਦੀ ਹੈਰਾਨੀ ਉਸਦੇ ਚਿਹਰੇ ’ਤੇ ਲਟਕ ਪਈ। ਉਹ ਮਾਨਸਿਕ ਪੀੜ ਨਾਲ ਵਿੰਨ੍ਹਿਆ ਗਿਆ।

'ਕੋਈ ਨਾ। ਤੂੰ ਫਿਕਰ ਨਾਂ ਕਰੀਂ.... ਮੈਂ ਤੇਰੇ ਨਾਲ ਹਾਂ..... ਅੱਜ ਸ਼ਾਮੀਂ ਸਾਹਬ ਨੂੰ ਮਿਲ ਲਈਂ ਇਕੱਲਾ। ਇਹਨੇ ਤਾਂ ਤੇਰਾ ਝੁੱਗਾ ਚੌੜ ਕਰ ਦਿਤਾ ਈ, ਊਝਾਂ ਲਗਾ ਲਗਾ ਕੇ।' ਸ਼ਾਮੂ ਨੇ ਆਪਣੇ ਸਾਰੇ ਫੀਲਰ ਗੱਡ ਦਿੱਤੇ।

ਪੰਨਾ ਸਿੰਘ ਸਭ ਕੁਝ ਸਮਝ ਗਿਆ। ਜਿਸ ਗੱਲ ਦਾ ਡਰ ਸੀ, ਉਹ ਭਾਣਾ ਵਰਤ ਚੁੱਕਾ ਹੈ। ਉਸ ਨੇ ਪੂਰੇ ਆਤਮ ਵਿਸ਼ਵਾਸ ਨਾਲ ਕਾਲੀਆ ਸਾਹਬ ਨੂੰ ਜਾ ਸੱਤ ਸਲਾਮ ਕਹੀ।

'ਸੌਰੀ ਸਰ! ਮੈਨੂੰ ਬਹੁਤ ਜ਼ਰੂਰੀ ਕੰਮ ਸੀ, ਇਸ ਲਈ ਮੈਂ ਪਹਿਲਾਂ ਤੁਹਾਡੀ ਖ਼ਿਦਮਤ ਵਿਚ ਹਾਜ਼ਰ ਨਹੀਂ ਹੋ ਸਕਿਆ।'

'ਕੋਈ ਨਾ ਪੰਨਾ ਜੀ। ਕੋਈ ਬਾਤ ਨੀ.... ਦੇਰ ਆਏ ਦਰੁਸਤ ਆਏ। ਸੁਣਾਓ ਸਭ ਖ਼ੈਰੀਅਤ ਤੋ ਹੈ?' ਕਾਲੀਆ ਸਾਹਬ ਦੀ ਸ਼ਹਿਦ ਭਰੀ ਮਿੱਠੀ ਬੋਲੀ ਨੇ ਪੰਨੇ ਦੀ ਪੀੜ ਕੁਝ ਘੱਟ ਕਰ ਦਿਤੀ।

'ਸਾਬਾਸ਼! ਪੰਨਾ ਸਿੰਘ। ਬਹੁਤ ਮੁਬਾਰਕ ਬਈ ਆਪ ਕੋ।'

'ਧੰਨਵਾਦ ਸਰ, ਥੈਂਕ ਯੂ....।'

'ਅਭੀ ਹਮ, ਸਭ ਲੋਗੋਂ ਕੇ ਸਾਥ ਏਕ ਚਾਏ ਕਾ ਕੱਪ ਪੀਏਂਗੇ।' ਕਾਲੀਆ ਸਾਹਬ ਨੇ ਲਾਲ ਜੀ ਨੂੰ ਸੰਬੋਧਨ ਕੀਤਾ।

'ਅਬ ਤੋ ਸਭੀ ਲੋਗ ਆ ਗਏ ਹੈਂ ਨਾ?'

'ਹਾਂ ਜੀ ਸਰ।'

ਇਸ ਗੈਰ ਰਸਮੀ ਇਕੱਤਰਤਾ ਵਿਚ ਕਾਲੀਆ ਸਾਹਬ ਨੇ ਵਾਰੀ-ਵਾਰੀ ਸਭ ਦਾ ਹਾਲ ਚਾਲ ਪੁੱਛਿਆ। ਸਭ ਨੂੰ ਠੀਕ ਕੰਮ ਕਰਨ ਲਈ ਪੁਚਕਾਰਿਆ ਤੇ ਵਿਸ਼ਵਾਸ ਦਿਵਾਇਆ ਕਿ ਉਹ ਸਭ ਨੂੰ ਇਕ ਨਜ਼ਰ ਨਾਲ ਦੇਖੇਗਾ ਤੇ ਸਭ ਨੂੰ ਇਨਸਾਫ਼ ਮਿਲੇਗਾ। ਲਾਲ ਜੀ ਨੇ ਨਵੇਂ ਸਾਹਬ ਦਾ ਧੰਨਵਾਦ ਕੀਤਾ ਤੇ ਦਫ਼ਤਰ ਦੀ ਬਿਹਤਰੀ ਲਈ ਕੁਝ ਮੰਗਾਂ ਰੱਖੀਆਂ, ਜਿਹਨਾਂ ਦੀ ਸ਼ਾਮੂ ਸਵਾਮੀ ਤੇ ਹੋਰ ਸਭ ਨੇ ਤਾਈਦ ਕੀਤੀ। ਪੰਨੇ ਵੱਲ ਕੁਝ ਟੇਢੀ ਅੱਖ ਦੇਖ ਕੇ ਉਹ ਸਮਝ ਗਿਆ ਕਿ ਉਸ ਤੋਂ ਪਿਛੋਂ ਉਸ ਦੀ ਦੱਬ ਕੇ ਬਦਖੋਈ ਤੇ ਨਿੰਦਿਆਂ ਹੋਈ ਹੈ। ਉਹ ਨਹੀਂ ਸੀ ਚਾਹੁੰਦਾ ਆਪਣਾ ਝੱਗਾ ਚੁੱਕ ਕੇ ਆਪਣਾ ਪੇਟ ਨੰਗਾ ਕਰੇ, ਪਰ ਜਦ ਹੋਰਾਂ ਨੇ ਉਸਨੂੰ ਹੀ ਨਿਸ਼ਾਨਾ ਬਣਾ ਕੇ ਆਪਣਾ ਉੱਲੂ ਸਿੱਧਾ ਕਰਨ ਦੀ ਠਾਣ ਲਈ ਹੈ ਤਾਂ ਉਸ ਲਈ ਬੋਲਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ ਰਿਹਾ।

ਜਿਸ ਸਵੈ ਭਰੋਸੇ ਤੇ ਸਪੱਸ਼ਟ ਨਿਸ਼ਚੇ ਨਾਲ ਪੰਨਾ ਸਿੰਘ ਨੇ ਆਪਣਾ ਪੱਖ ਪੇਸ਼ ਕੀਤਾ, ਉਸ ਨੇ ਦਫ਼ਤਰ ਦੇ ਸਾਰੇ ਸਰੋਤਿਆਂ ਦੀਆਂ ਉਂਗਲਾਂ ਮੂੰਹ ਵਿਚ ਪੁਆ ਦਿਤੀਆਂ।

ਲਾਲ ਟਾਕੀ ਵਿਚ ਬੱਧੇ ਇਹਨਾਂ ਕਾਲੇ ਕੋਲਿਆਂ ਨੂੰ ਬਾਹਰ ਖੋਲ ਕੇ ਨੰਗਾ ਕਰ ਦਿੱਤਾ। ਏਨੀਆਂ ਸੁੰਦਰ ਤੇ ਲਿੰਬੀਆਂ ਪੋਚੀਆਂ ਸਿਹਤਮੰਦ ਪੋਸ਼ਾਕਾਂ ਦੇ ਥੱਲੇ ਅਜਿਹੇ ਵੀ ਕਿਰਮਾਂ ਮਾਰੇ ਬਦਨ ਹੋ ਸਕਦੇ ਨੇ, ਕਿਸੇ ਨੇ ਕਿਆਸ ਵੀ ਨਹੀਂ ਸੀ ਕੀਤੀ। ਹਾਲ ਦੀ ਸਾਰੀ ਫਿਜ਼ਾ ਸਹਿਮ ਵਿਚ ਲਟਕਣ ਲੱਗੀ ਤੇ ਬਾਰ-ਬਾਰ ਬਹੁਤ ਦੇਰ ਤੱਕ ਚੁਪ ਸ਼ਾਂਤ ਸਹਿਮੇ ਵਾਤਾਵਰਣ ਦੀ ਹਿੱਕ ਜ਼ਖ਼ਮੀ ਕਰਦੀ ਰਹੀ।

'ਠਹਿਰੋ ਠਹਿਰੋ ਪਲੀਜ਼...!' ਮਾਮਲਾ ਜ਼ਿਆਦਾ ਉਲਝਦਾ ਵੇਖ ਕੇ ਕਾਲੀਆ ਸਾਹਬ ਨੇ ਵਿਚੋਂ ਰੋਕ ਦਿੱਤਾ।

'ਸਬਰ ਕਰ! ਪੰਨਾ ਸਿੰਘ! ਸਾਰੇ ਦਫ਼ਤਰ ਕੇ ਲੋਗ ਭਾਈਉਂ ਦੀ ਤਰਹ ਸ਼ਾਂਤੀ ਸੇ ਰਹੋ। ਜੀਓ ਔਰ ਜੀਨੇ ਦੋ..ਆਪ ਸਭ ਨੇ ਰਲ ਮਿਲ ਕੇ ਰਹਿਣਾ ਹੈ। ਐਸੇ ਦਫ਼ਤਰ ਕਾ ਮਾਹੌਲ ਬਹੁਤ ਕੜਵਾ ਹੋ ਜਾਏਗਾ। ਮੁਝੇ ਯਹ ਪਸੰਦ ਨਹੀਂ। ਆਪ ਸ਼ਾਂਤੀ ਸੇ ਰਹੋ! ਮੈਂ ਆਪ ਕੀ ਹਰ ਬਾਤ ਮਾਨਣੇ ਕੋ ਤਿਆਰ ਹੂੰ। ਮੈਂ ਸਭ ਕੁਝ ਦੇਖ ਲਿਆ ਹੈ, ਸਮਝ ਲਿਆ ਹੈ। ਸਭ ਠੀਕ ਹੋ ਜਾਏਗਾ।' ਕਾਲੀਆ ਸਾਹਿਬ ਨੇ ਸਿਆਣਪ ਨਾਲ ਇਸ ਕਲੇਸ਼ ਨੂੰ ਟਾਲਣ ਦੀ ਕੋਸ਼ਿਸ਼ ਕੀਤੀ। ਸਭਾ ਬਰਖਾਸਤ ਹੋ ਗਈ। ਸਾਰੇ ਆਪਣੀ ਆਪਣੀ ਸੀਟਾਂ 'ਤੇ ਚਲੇ ਗਏ।

ਕਿਸੇ ਵੀ ਦਫ਼ਤਰ ਦਾ ਮੁਖੀਆ ਭਾਵੇਂ ਕਿੰਨਾ ਵੀ ਸੁਘੜ, ਹੁਸ਼ਿਆਰ ਤੇ ਨਿਰਪੱਖ ਕਿਉਂ ਨਾ ਹੋਵੇ, ਉਹਨੂੰ ਆਪਣੇ ਇਕ ਦੋ ਅਹਿਲਕਾਰਾਂ ਨੂੰ ਤਾਂ ਪੁਛਣਾ ਦੱਸਣਾ ਬਣਦਾ ਹੀ ਹੈ। ਕਿਸੇ ਨੂੰ ਤਾਂ ਭਰੋਸੇ ਵਿਚ ਲੈ ਕੇ ਸਲਾਹ ਲੈਣੀ ਦੇਣੀ ਪੈਂਦੀ ਹੈ। ਇਕੱਲੇ ਦਾ ਦਿਮਾਗ ਮਾਮਲੇ ਦੀ ਗਹਿਰਾਈ ਤੱਕ ਨਹੀਂ ਪਹੁੰਚ ਸਕਦਾ, ਖਾਸ ਕਰਕੇ ਅਜਿਹੇ ਦਫ਼ਤਰ ਵਿਚ ਜਿਥੇ ਸਾਰਾ ਅਮਲਾ ਕਈ ਟੋਲਿਆਂ ਵਿਚ ਛਿਣੀ ਛਿਣੀ ਹੋਇਆ ਵੰਡਿਆ ਪਿਆ ਹੋਵੇ ਤੇ ਹਰ ਇਕ ਦੀ ਨੀਯਤ ਹਰ ਹੀਲੇ ਦੂਜੇ ਨੂੰ ਛੁਟਿਆਉਣ ਦੀ ਬਣੀ ਰਹਿੰਦੀ ਹੋਵੇ।

ਅਧਿਅਕਸ਼ ਰਾਮ ਲਾਲ ਨੇ ਇਥੇ ਆ ਕੇ ਸਭ ਲੋਕਾਂ ਨੂੰ ਨਿਰਪੱਖ ਇਨਸਾਫ਼ ਦੇਣ ਦੀ ਕੋਸ਼ਿਸ਼ ਕੀਤੀ, ਪਰ ਇਹ ਸਵਾਮੀ ਤੇ ਸ਼ਾਮੂ ਨੂੰ ਨਾ ਸੁਖਾਇਆ। ਉਹ ਤਾਂ ਆਪਣਾ ਫ਼ਾਇਦਾ ਚਾਹੁੰਦੇ ਸਨ। ਆਪਣੀ ਮਨਮਰਜ਼ੀ ਦੀ ਸਕੀਮ, ਮਨਮਰਜ਼ੀ ਦਾ ਇਲਾਕਾ ਚਾਹੁੰਦੇ ਸਨ। ਇਹ ਰਾਮ ਲਾਲ ਦੇ ਨਿਰਪੱਖ ਸਲੂਕ ਤੋਂ ਇਨਕਾਰੀ ਸੀ। ਉਹਨਾਂ ਨੇ ਬੜੇ ਉਲਟੇ ਸਿੱਧੇ ਪਾਪੜ ਵੇਲੇ, ਪਰ ਰਾਮ ਲਾਲ ਟੱਸ ਤੋਂ ਮੱਸ ਨਾ ਹੋਇਆ। ਉਹ ਉਹਨਾਂ ਤੋਂ ਦੂਰ ਹੀ ਰਿਹਾ ਤੇ ਅਖੀਰ ਇਹਨਾਂ ਨੇ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਕੇ ਰਾਮ ਲਾਲ ਦੇ ਖ਼ਿਲਾਫ਼ ਨਾ-ਮਿਲਵਰਤਣ ਦਾ ਬਿਗਲ ਵਜਾ ਦਿਤਾ।

ਬਦਕਿਸਮਤੀ ਨੂੰ, ਜਾਂ ਖੁਸ਼ਕਿਸਮਤੀ ਸਮਝੋ ਰਾਮ ਲਾਲ ਦੇ ਬੁੱਢੇ ਪਿਓ ਦਾ ਇੰਤਕਾਲ ਹੋ ਗਿਆ। ਉਸ ਦੀ ਰਸਮ ਕਿਰਿਆ 'ਤੇ ਇਹ ਟੋਲਾ ਕਿਰਾਇਆ ਪੁੱਟ ਕੇ ਬਹੁਤ ਲੰਮਾਂ

ਸਫ਼ਰ ਤਹਿ ਕਰ ਕੇ ਜਾ ਹਾਜ਼ਰ ਹੋਇਆ। ਲੋਕਾਂ ਤੋਂ ਇਕੱਠੇ ਕੀਤੇ ਚੰਦੇ ਤੇ ਤੁਹਫਿਆਂ ਨਾਲ ਰਾਮ ਲਾਲ ਦੀ ਕਲਗੀ ਉਸ ਦੇ ਸ਼ਰੀਕੇ ਬਰਾਦਰੀ ਵਿਚ ਕਈ ਗਿੱਠਾਂ ਉੱਚੀ ਹੋ ਗਈ। ਉਸ ਦੇ ਪਿੰਡ ਅੱਜ ਹੀ ਇਹ ਪਤਾ ਲੱਗਾ ਕਿ ਰਾਮ ਲਾਲ ਇੱਕ ਉੱਚੀ ਪਦਵੀ ਦਾ ਮਾਲਕ ਹੈ ਤੇ ਲੋਕ ਉਸਨੂੰ ਕਿੱਦਾਂ ਸਿੱਜਦਾ ਕਰਦੇ ਹਨ, ਪੂਜਦੇ ਹਨ ਤੇ ਇਜ਼ਤ ਕਰਦੇ ਹਨ। ਉਸ ਦੇ ਪਿਛੇ ਕਰਮਚਾਰੀਆਂ ਦਾ ਕਿੰਨਾ ਲਾਮ ਲਸ਼ਕਰ ਹਰ ਵਕਤ ਉਸ ਦੇ ਹੁਕਮ ਦੀ ਇੰਤਜ਼ਾਰ ਵਿਚ ਰਹਿੰਦਾ ਹੈ। ਏਸੇ ਲਈ ਰਾਮ ਲਾਲ ਦੋਵਾਂ ਭਰਾਵਾਂ ਦਾ ਬੜਾ ਅਹਿਸਾਨ-ਮੰਦ ਹੋ ਗਿਆ। ਇਸ ਘਟਨਾ ਨੇ ਰਾਮ ਲਾਲ ਦਾ ਦਿਲ ਪੂਰੀ ਤਰ੍ਹਾਂ ਜਿੱਤ ਲਿਆ। ਵੇਖੋ ਵੇਖੀ ਦੂਜਾ ਗਰੁਪ ਵੀ ਭਾਵੇਂ ਉਸ ਕਿਰਿਆ ’ਤੇ ਗਿਆ ਸੀ, ਪਰ ਉਹ ਆਪਣਾ ਪ੍ਰਭਾਵ ਨਾ ਪਾ ਸਕੇ। ਇਸ ਤੋਂ ਪਿਛੋਂ ਸਵਾਮੀ ਤੇ ਸ਼ਾਮੂ ਆਨੇ-ਬਹਾਨੇ ਰਾਮ ਲਾਲ ਦੇ ਘਰ ਜਾਂਦੇ ਆਉਂਦੇ ਰਹਿੰਦੇ। ਫਲ ਫਰੂਟ, ਸਬਜ਼ੀ ਤੇ ਹੋਰ ਨਿੱਕੜ ਸੁੱਕੜ ਆਦਿ ਛੱਡ ਆਉਂਦੇ। ਬੱਚਿਆਂ ਦੇ ਹੱਥ ਦੋ ਚਾਰ ਛਿੱਲੜ ਦੇ ਦਿੰਦੇ। ਇਕੱਲਾ ਰਾਮ ਲਾਲ ਹੀ ਨਹੀਂ ਉਸ ਦੇ ਘਰ ਵਾਲੀ ਤੇ ਬੱਚੇ ਵੀ ਉਹਨਾਂ ਦੀ ਕਦਰ ਕਰਨ ਲੱਗ ਪਏ ਸਨ ਤੇ ਫਿਰ ਰਾਮ ਲਾਲ ਪਿੰਜਰੇ ਪਏ ਤੋਤੇ ਵਾਂਗ ਉਹੀ ਬੋਲੀ ਬੋਲਣ ਲੱਗਾ ਜੋ ਉਹ ਬੁਲਾਉਂਦੇ।

ਕੁਝ ਇਸੇ ਤਰ੍ਹਾਂ ਹੀ ਹੋਇਆ ਸੀ ਕਾਲੀਆ ਸਾਹਬ ਦੀ ਪਿਛਲੇਰੀ ਫੇਰੀ ਸਮੇਂ, ਜਦ ਉਹ ਬਾਲ ਬੱਚੇ ਸਮੇਤ ਆਪਣੀ ਮਾਤਾ ਨੂੰ ਨਾਲ ਲੈ ਕੇ ਇਸ ਪਹਾੜੀ ਧਾਰਮਕ ਸ਼ਹਿਰ ਦੀ ਸੈਰ ਕਰਨ ਆਏ ਸਨ ਦਿੱਲੀ ਤੋਂ। ਉਹਨਾਂ ਦਾ ਖਾਣਾ ਤੇ ਰਿਹਾਇਸ਼ ਦਾ ਸ਼ਾਮੂ ਦੇ ਘਰ ਹੀ ਪ੍ਰਬੰਧ ਕੀਤਾ ਗਿਆ ਸੀ। ਤਰ੍ਹਾਂ ਤਰ੍ਹਾਂ ਦੇ ਪਕਵਾਨ ਤੇ ਤੀਮਾਰਦਾਰੀ ਨੇ ਕਾਲੀਆ ਸਾਹਬ ਤੇ ਬੱਚਿਆਂ ਨੂੰ ਬਹੁਤ ਪ੍ਰਸੰਨ ਕੀਤਾ। ਕਾਲੀਆ ਦੀ ਬੁੱਢੀ ਮਾਂ ਤੇ ਸ਼ਾਮੂ ਦੀ ਮਾਂ ਇਕ ਰਾਤ ਵਿਚ ਹੀ ਧਰਮ ਭੈਣਾਂ ਬਣ ਗਈਆਂ। ਬਾਹਰ ਬਾਜ਼ਾਰ ਜਾਂਦੇ ਸਮੇਂ, ਮੰਦਰਾਂ ਗੁਰਦੁਆਰਿਆਂ ਦੇ ਦਰਸ਼ਨ ਸਮੇਂ, ਪਹਾੜੀ ਝਰਨਿਆਂ ਦੀਆਂ ਕਲਕਲ ਕਰਦੀਆਂ ਬਹਾਰਾਂ ਨੂੰ ਮਾਨਣ ਸਮੇਂ ਦੋਵੇਂ ਭੈਣਾਂ ਕੜਿੰਗੜੀ ਪਾ ਕੇ ਇਕੱਠੀਆਂ ਨਾਲ ਨਾਲ ਰਹੀਆਂ। ਸ਼ਾਮੂ ਦੀ ਮਾਂ ਕਾਲੀਏ ਨੂੰ ਪੁੱਤ ਬੇਟਾ ਕਹਿੰਦੀ ਬੜਾ ਪਿਆਰ ਕਰਦੀ। ਕਾਲੀਆ ਵੀ ਝੁਕ ਕੇ ਸ਼ਾਮੂ ਦੀ ਮਾਤਾ ਜੋ ਹੁਣ ਕਾਲੀਏ ਦੀ ਮਾਸੀ ਬਣ ਗਈ ਸੀ, ਦੇ ਪੈਰੀਂ ਹੱਥ ਲਗਾਂਦਾ। ਦੋਵਾਂ ਭੈਣਾਂ ਨੇ ਆਪਣੀਆਂ ਮਾਲਾਵਾਂ ਵਟਾ ਲਈਆਂ ਨਿਸ਼ਾਨੀ ਵਜੋਂ। ਦੋਵਾਂ ਨੇ ਆਪਣੇ ਸੰਬੰਧ ਪੱਕੇ ਕਰਕੇ ਬੜੀ ਖੁਸ਼ੀ ਪ੍ਰਗਟ ਕੀਤੀ। ਉਸ ਪਿਛੋਂ ਕਾਲੀਆ ਜਦ ਵੀ ਇਥੇ ਆਉਂਦਾ ਆਪਣੀ ਮਾਸੀ ਕੋਲ ਹੀ ਠਹਿਰਦਾ। ਉਸ ਦੀ ਮਾਂ ਵੀ ਉਸ ਨੂੰ ਪੱਕੀ ਕਰਿਆ ਕਰਦੀ ਸੀ।

‘ਬੇਟਾ ਉਥੇ ਹੀ ਰਾਤ ਰਹੀਂ...ਮੇਰੀ ਭੈਣ ਦਾ ਹਾਲ ਚਾਲ ਪੁੱਛ ਕੇ ਆਈਂ।’

ਪਰ ਅੱਜ ਤਾਂ ਕਾਲੀਏ ਨੇ ਪੱਕੀ ਧਾਰ ਲਈ ਸੀ ਕਿ ਉਹ ਉਹਨਾਂ ਦੇ ਘਰ ਨਹੀਂ ਜਾਏਗਾ। ਦਫ਼ਤਰ ਦੇ ਸਾਰੇ ਘਾਲੇ ਮਾਲੇ ਦੀ ਨਿਰਪੱਖ ਜਾਂਚ ਕਰੇਗਾ ਤੇ ਅਸਲੀ ਅਪਰਾਧੀ

ਗੁਨਾਹਗਾਰ ਨੂੰ ਲੋਕਾਂ ਸਾਹਮਣੇ ਨੰਗਾ ਕਰੇਗਾ ਤੇ ਸਜ਼ਾ ਦਿਵਾਏਗਾ, ਭਾਵੇਂ ਉਹ ਕੋਈ ਵੀ ਹੋਵੇ। ਹੁਣੇ ਹੁਣੇ ਘਟੀ ਘਟਨਾ ਨੇ ਕਾਲੀਏ ਦੇ ਅੰਦਰ ਇਕ ਬਹੁਤ ਡੂੰਘਾ ਜ਼ਖਮ ਕਰ ਦਿਤਾ। ਉਸ ਨੂੰ ਆਪਣੇ ਕੰਨਾਂ 'ਤੇ ਬਾਰਬਾਰ ਬੇਪ੍ਰਤੀਤੀ ਮਹਿਸੂਸ ਹੋ ਰਹੀ ਸੀ।

'ਇਹ ਗ਼ਲਤ ਹੈ...ਇਹ ਝੂਠ ਹੈ...ਸ਼ਾਮੂ ਅਜਿਹਾ ਨਹੀਂ...ਉਹ ਇਹ ਏਨਾ ਗਿਰਿਆ ਨੀਚ ਕੰਮ ਨਹੀਂ ਕਰ ਸਕਦਾ...।'

'ਆਹ ਵੇਖੋ ਔਂਤਰਾ ਪਾਪੀ...ਜੀਹਨੇ ਮੇਰੀ ਇਜ਼ਤ ਨੂੰ ਹੱਥ ਪਾਇਆ...ਪਤਾ ਲੱਗੂ ਉਦੋਂ ਜਦੋਂ ਇਸ ਈਮਾਨਦਾਰ ਇਜ਼ਤਦਾਰ ਨੇ ਮੋਮੋਠਗਣੀਆਂ ਗੱਲਾਂ ਬਣਾ ਕੇ ਤੇਰੀਆਂ ਨੂੰ ਜਾ ਫੜਿਆ...।'

ਕਾਲੀਏ ਨੇ ਦੋਵਾਂ ਧਾਰਾਵਾਂ ਨੂੰ ਤੋਲਣ ਦੀ ਕੋਸ਼ਿਸ਼ ਕੀਤੀ। ਦੂਸਰੇ ਛਾਬੇ ਵਿਚ ਵਜ਼ਨ ਜ਼ਿਆਦਾ ਸੀ, ਫਿਰ ਵੀ ਉਹ ਇਸ ਨੂੰ ਅਪਣਾਉਣ ਤੋਂ ਅਸਮਰਥ ਸੀ।

'ਇਹ ਤਾਂ ਕੰਮ ਕੁਝ ਗ਼ਲਤ ਹੋ ਗਿਆ ਸਰ!' ਇਹ ਦੂਲੋ ਰਾਮ ਸੀ।

ਅਸਲ ਵਿਚ ਪੰਨਾ ਸਿੰਘ ਸਵੇਰੇ ਦਫ਼ਤਰ ਤਾਂ ਆਇਆ ਸੀ, ਮੈਂ ਵੀ ਉਸ ਨੂੰ ਬਾਹਰ ਨਿਕਲਦੇ ਵੇਖਿਆ। ਉਹ ਰਾਹ ਵਿਚ ਟਨੀ ਨਾਥ ਨੂੰ ਵੀ ਮਿਲਿਆ ਸੀ। ਇਹ ਸਭ ਉਸੇ ਦਾ ਹੀ ਕਾਰਾ ਹੈ।' ਦੂਲੋ ਰਾਮ ਨੇ ਇਕੇਰਾਂ ਫਿਰ ਕਾਲੀਏ ਨੂੰ ਪੈੜਾਂ ਤੋਂ ਪਾਸੇ ਲਿਜਾਣ ਦੀ ਕੋਸ਼ਿਸ਼ ਕੀਤੀ।

'ਮਿਸਟਰ ਦੂਲੋ 'ਡੂ ਨਾਟ ਟਰਾਈ ਟੂ ਬੀਫੂਲ ਮੀ।' ਕਾਲੀਏ ਨੇ ਬੜੀ ਘਰੋੜਵੀਂ ਆਵਾਜ਼ ਤੇ ਬੜੀ ਸਖ਼ਤ ਨਫ਼ਰਤ ਭਰੀ ਨਿਗਾਹ ਨਾਲ ਦੂਲੋ ਰਾਮ ਨੂੰ ਮੂਤ ਦੀ ਝੱਗ ਵਾਂਗ ਬਿਠਾ ਦਿੱਤਾ।

'ਨੋ ਸਰ...ਨੋ ਸਰ....।'

'ਵੱਟ! ਨੋ ਸਰ...ਨੋ ਸਰ! ਅਭੀ ਭੀ ਕੋਈ ਸ਼ੱਕ ਹੈ? ਸ਼ਰਮ ਨਹੀਂ ਆਤੀ ਤੁਝੇ? ਏਕ ਗ਼ਲਤ ਕਾਮ ਕਰਤੇ ਹੋ, ਦੂਸਰਾ ਝੂਠ ਬੋਲਤੇ ਹੈ, ਔਰ ਤੀਸਰਾ ਆਪਣਾ ਕੀਆ ਹੂਆ ਕਰਾਈਮ ਕਿਸੀ ਔਰ ਸ਼ਰੀਫ ਇਨਸਾਨ ਪਰ ਸਾਈਡ ਟਰੈਕ ਕਰਤੇ ਹੋ...।'

ਗੁੱਸੇ ਨਾਲ ਕਾਲੀਏ ਦੇ ਬੁੱਲ੍ਹ ਕੰਬਣ ਲੱਗੇ। ਗੱਲ ਹੋਰ ਵਧਦੀ ਵੇਖ ਕੇ ਸਵਾਮੀ ਨੇ ਦੂਲੋ ਨੂੰ ਪਿਛੇ ਖਿੱਚ ਕੇ ਚੁੱਪ ਕਰਾ ਦਿੱਤਾ।

ਦਫ਼ਤਰ ਦਾ ਮਾਹੌਲ ਇਕੇਰਾਂ ਫਿਰ ਡੂੰਘੇ ਘਣੇ ਬੱਦਲਾਂ ਦੀਆਂ ਸਿਆਹ ਘਟਾਵਾਂ ਵਾਂਗ ਖੌਫਨਾਕ ਤੇ ਭਿਆਨਕ ਬਣ ਗਿਆ।

'ਆਪ ਕੀ ਇਸ ਢਕੌਂਸਲੇਬਾਜ਼ੀ ਨੇ ਮੇਰੇ ਫੇਥ ਕੋ ਹੱਰਟ ਕੀਆ ਹੈ। ਮੈਂ ਆਪ ਸਭ ਕੋ ਡਿਸਲੋਕੇਟ ਕਰੂੰਗਾ। ਮੈਂ ਤੋੜ ਦੂੰਗਾ ਆਪ ਕੀ ਯਹ ਸਭ ਗਰੁੱਪਬਾਜ਼ੀ।' ਕਾਲੀਆ ਸਾਹਬ ਕੰਨਾਂ ਤੱਕ ਗੁੱਸੇ ਨਾਲ ਕੰਬ ਰਿਹਾ ਸੀ।

'ਛੋੜੋ ਸਰ ਮੁਆਫ ਕਰੋ। ਆਪ ਇਸ ਸਭ ਕੁਛ ਕੋ ਇਤਨਾ ਸੀਰੀਅਸ ਮੱਤ ਲੀਜੀਏ।' ਰਾਮ ਲਾਲ ਨੇ ਕਾਲੀਆ ਸਾਹਬ ਦੇ ਕੰਨ ਕੋਲ ਕਹਿ ਕੇ ਉਸ ਨੂੰ ਧਰਵਾਸ ਜਿਤਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਟੁੱਟੇ ਹੋਏ ਸ਼ੀਸ਼ੇ ਵਰਗੇ ਤਿੜਕੇ ਚਿਹਰੇ ਵਾਲੀ ਇਸ ਤਿਕੜੀ ਦੀ ਇਕ ਹੋਰ ਕੁਟਲ ਚਾਲ ਕਾਲੀਆ ਦੀ ਤੇਜ਼ ਤੀਖਣ ਬੁੱਧੀ ਨੇ ਮਲੀਆਮੇਟ ਕਰ ਦਿਤੀ। ਠੀਕ ਇਸੇ ਤਰ੍ਹਾਂ ਜਿਵੇਂ ਗੁਜਰਾਤ ਦੇ ਭੂਚਾਲ ਨੇ ਕਈ ਬਹੁ ਮੰਜਲੀ ਇਮਾਰਤਾਂ ਖਖੜੀ ਖਖੜੀ ਕਰ ਦਿੱਤੀਆਂ, ਉਸੇ ਤਰ੍ਹਾਂ ਇਹਨਾਂ ਦੀਆਂ ਸਾਰੀਆਂ ਅਟਕਲਾਂ, ਦੂਸ਼ਣਬਾਜ਼ੀਆਂ ਤੇ ਝੂਠੀਆਂ ਤੁਹਮਤਾਂ ਮੂਧੇ ਮੂੰਹ ਹੋ ਚਕਨਾ ਚੂਰ ਹੋ ਕੇ ਡਿੱਗ ਪਈਆਂ।

ਕਾਰ ਦੀ ਪਿਛਲੀ ਸੀਟ 'ਤੇ ਬੈਠ ਕੇ ਕਾਲੀਆ ਸਾਹਬ ਨੇ ਬਾਹਰ ਵੇਖਿਆ। ਸਾਰੇ ਉਸ ਨੂੰ ਵਿਦਾਅ ਕਰਨ ਲਈ ਖੜੇ ਸਨ।

ਸਾਰੇ ਕਾਰ ਵਿਚ ਬੈਠਣ ਲਈ ਉਤਾਵਲੇ ਸਨ। ਸਾਰੇ ਕਾਲੀਆ ਸਾਹਬ ਨਾਲ ਹੋਰ ਵਿਚਾਰ ਵਟਾਂਦਰਾ ਕਰਨ ਨੂੰ ਤਤਪਰ ਸਨ।

'ਆਓ ਲਾਲ ਜੀ...।'

ਲਾਲ ਜੀ ਨੂੰ ਅੰਦਰ ਬਿਠਾ ਕੇ ਕਾਲੀਆ ਸਾਹਬ ਨੇ ਦਰਵਾਜ਼ਾ ਬੰਦ ਕਰ ਲਿਆ। ਬਾਹਰ ਖੜੇ ਸ਼ੁਭਚਿੰਤਕਾਂ ਨੂੰ ਹੱਥ ਹਿਲਾ ਕੇ ਟਾ-ਟਾ ਕਹੀ ਤੇ ਡਰਾਈਵਰ ਨੂੰ ਚੱਲਣ ਦਾ ਇਸ਼ਾਰਾ ਕੀਤਾ। ਉਸ ਨੂੰ ਜਾਪਿਆ, ਜਿਵੇਂ ਇਹ ਦਫ਼ਤਰ ਨਹੀਂ ਸਗੋਂ ਜ਼ਿਲ੍ਹਣ ਦਾ ਇਕ ਟੋਆ ਹੋਵੇ...ਜਿਥੋਂ ਬਚ ਕੇ ਲੰਘਣਾ ਉਸ ਲਈ ਬੜੀ ਖੁਸ਼ਕਿਸਮਤੀ ਹੀ ਹੋਵੇਗੀ, ਨਹੀਂ ਤਾਂ ਏਨੇ ਗੰਦੇ ਚਿੱਕੜ ਵਿਚੋਂ ਛਿੱਟੇ ਪੈਣੇ ਸੁਭਾਵਿਕ ਤੇ ਲਾਜ਼ਮੀ ਹੀ ਸਨ।

'ਲਾਲ ਜੀ ਕੈਸੇ ਕਾਮ ਚਲਾਤੇ ਹੋ ਐਸੇ ਗੰਧਲੇ ਵਾਤਾਵਰਣ ਮੇਂ? ਐਸੀ ਘੁੱਟਣ ਮੇਂ ਕੈਸੇ ਕਾਮ ਚੱਲ ਸਕਤਾ ਹੈ...?'

'ਆਪ ਨੇ ਦੇਖ ਹੀ ਲੀਆ ਹੈ ਜਨਾਬ ਸਭ ਕੁਝ! ਮੈਂ ਤਾਂ ਬਾਹਰ ਕਾ ਆਦਮੀ ਹੂੰ, ਯਹ ਸਭ ਲੋਕਲ ਹੈਂ, ਮੈਂ ਤੋ ਯਹ ਸਭ ਦੇਖ ਕਰ ਅਪਨੇ ਆਪ ਕੋ ਅਡਜਸਟ ਕਰਨੇ ਕੀ ਸੋਚੀ ਹੈ, ਵਰਨਾ ਯਹਾਂ ਨੌਕਰੀ ਕੀ ਕੋਈ ਇਜ਼ਤ ਨਹੀਂ। ਮੇਰੀ ਯਹਾਂ ਸੇ ਬਦਲੀ ਕਰਾ ਦੋ।' ਰਾਮ ਲਾਲ ਚਿੱਬ ਖੜਿਬਾ ਜਿਹਾ ਰੋਣ ਹਾਕਾ ਮੂੰਹ ਬਣਾ ਕੇ ਸਟਪਟਾਇਆ।

'ਸਥਾਨਕ ਲੋਗੋਂ ਕੋ ਤੋ ਰਲ ਮਿਲ ਕੇ ਅੱਛਾ ਕਾਮ ਕਰਨਾ ਚਾਹੀਏ, ਪਰ ਇਧਰ ਏਕ ਤੰਦ ਨਹੀਂ, ਪੂਰੀ ਤਾਣੀ ਉਲਝੀ ਹੂਈ ਹੈ...ਮੁਝੇ ਇਸ ਕੀ ਬਹੁਤ ਚਿੰਤਾ ਹੂਈ ਹੈ, ਇਨ ਲੋਗੋਂ ਕਾ ਕਿਆ ਇਲਾਜ ਕਰੇਂ?'

'ਇਲਾਜ ਤੋ ਆਪ ਨੇ ਪਹਿਲੇ ਹੀ ਬਤਾਇਆ ਹੈ ਅਭੀ! ਅਭੀ! ਡਿਸਲੋਕੇਸ਼ਨ... ਬਦਲੀ! ਸਭ ਕੋ ਦੂਰ ਦੁਰਾਡੇ ਨਿਕਾਲ ਦੋ।'

'ਅਰੇ ਭਾਈ! ਯਹ ਭੀ ਤੋ ਮੈਂ ਨਹੀਂ ਚਾਹਤਾ...ਮੇਰੇ ਤੋਂ ਯਹ ਪੁਰਾਣੇ ਸਾਥੀ ਹੈਂ...ਮੈਂ ਆਪਣੇ ਹਾਥ ਸੇ ਇਨਕਾ ਨੁਕਸਾਨ ਨਹੀਂ ਕਰਨਾ ਚਾਹਤਾ...ਮੁਝੇ ਕੋਈ ਤਰਕੀਬ ਬਤਾਓ ਸੱਪ ਭੀ ਮਰ ਜਾਏ ਔਰ ਸੋਟਾ ਭੀ ਨਾ ਟੂਟੇ...।' ਕਾਲੀਏ ਨੇ ਸਲਾਹ ਪੁੱਛੀ।

'ਯਹ ਬੜਾ ਮੁਸ਼ਕਿਲ ਕਾਮ ਹੈ ਸਰ! ਏਕ ਨਿਰਾਰਥਕ ਸੋਚ ਵਾਲਾ ਟੋਲਾ ਸਾਰਥਕ ਸੋਚ ਵਾਲੋਂ ਕੋ ਨੀਚੇ ਲਗਾਣਾ ਚਾਹਤਾ ਹੈ, ਉਨ ਕਾ ਨੁਕਸਾਨ ਕਰਾਣਾ ਚਾਹਤਾ ਹੈ, ਆਪ ਕੇ ਹਾਥੋਂ ਸੇ...। ਸਾਂਪ ਕੇ ਮੂੰਹ ਮੇਂ ਕੋਹੜ ਕਿਰਲੀ, ਖਾਏ ਤੋ ਭੀ ਮਰੇ, ਨਾ ਖਾਏ ਤੋਂ ਭੀ ਮਰੇ।'

'ਮੈਂ ਤੋ ਐਸਾ ਕਭੀ ਸੋਚਾ ਭੀ ਨਾ ਥਾ...ਮੈਂ ਤੋ ਭਰਾ ਭਾਈਉਂ ਦੀ ਤਰਹ ਇਨ ਕੇ ਸਾਥ ਠਹਿਰਨਾ ਚਾਹਤਾ ਥਾ, ਪਰ ਇਨ ਕੀ ਯਹ ਲੱਚਰਪੁਣੇ ਵਾਲੀ ਆਦਤ ਨੇ ਮੁਝੇ ਰੈਸਟ ਹਾਊਸ ਮੇਂ ਠਹਿਰਨੇ ਕੇ ਲਿਏ ਮਜਬੂਰ ਕੀਆ ਹੈ....।' ਅੰਤਾਂ ਦੀ ਡੂੰਘੀ ਉਦਾਸੀ ਨੇ ਕਾਲੀਆ ਸਾਹਬ 'ਤੇ ਗਲਬਾ ਪਾ ਲਿਆ।

ਰੈਸਟ ਹਾਊਸ ਵਿਚ ਉਤਰਨ ਸਮੇਂ ਸੇਵਾਦਾਰ ਨੇ ਰਸਮੀ ਸਲੂਟ ਮਾਰਿਆ। ਇਕ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਮੇਜ਼ ਕੁਰਸੀਆਂ 'ਤੇ ਕੱਪੜਾ ਫੇਰਿਆ, ਬੈੱਡ 'ਤੇ ਚਾਦਰਾਂ ਸਰ੍ਹਾਣੇ ਸੰਵਾਰੇ ਤੇ ਚਾਹ ਦੇ ਦੋ ਕੱਪ ਲਿਆ ਕੇ ਮੇਜ਼ 'ਤੇ ਰੱਖ ਦਿਤੇ। ਉਹ ਚੌਕੀਦਾਰ ਵੀ ਸੀ, ਸੇਵਾਦਾਰ ਵੀ ਤੇ ਵੇਲੇ-ਕੁਵੇਲੇ ਰਸੋਈਆ ਵੀ, ਤੇ ਆਏ ਗਏ ਲਈ ਲੋੜ ਅਨੁਸਾਰ ਚਾਹ ਪਾਣੀ ਵੀ ਤਿਆਰ ਕਰ ਦਿੰਦਾ ਸੀ।

ਕਾਲੀਆ ਸਾਹਬ ਨੇ ਕੱਪ ਚੁੱਕ ਕੇ ਮੂੰਹ ਨੂੰ ਲਾਇਆ। ਚਾਹ ਉੱਕਾ ਹੀ ਉਸ ਦੇ ਸੰਘੋਂ ਥੱਲੇ ਨਾ ਉੱਤਰੀ। ਕਿੰਨਾ ਚੰਗਾ ਸਮਾਂ ਸੀ ਜਦ ਸਾਰੇ ਦਸ ਵੀਹ ਆਦਮੀ ਅਜਿਹੇ ਦੌਰੇ ਸਮੇਂ ਹਰ ਵਕਤ ਉਸ ਦੇ ਅੱਗੇ ਪਿੱਛੇ ਫਿਰਦੇ, ਜੀ ਹਜ਼ੂਰੀ ਕਰਦੇ ਸਨ! ਇਕੱਲਪੁਣਾ ਉਸ ਨੂੰ ਕਦੇ ਮਹਿਸੂਸ ਨਹੀਂ ਸੀ ਹੋਇਆ। ਅੱਜ ਦੀ ਰਾਤ ਕਿੱਦਾਂ ਬੀਤੇਗੀ ਇਕੱਲੇ ਦੀ? ਰਾਮ ਲਾਲ ਵੀ ਤਾਂ ਵਾਪਸ ਚਲਾ ਜਾਏਗਾ ਆਪਣੇ ਘਰ। ਉਹ ਸੋਚ ਰਿਹਾ ਸੀ, ਪਛਤਾਅ ਰਿਹਾ ਸੀ। ਚਾਹ ਦਾ ਕੱਪ ਫੜੀ, ਉਹ ਬੇਲੋੜਾ ਹੀ ਉਠਿਆ। ਬਾਹਰ ਝਾਕਿਆ, ਉਸ ਦੇ ਮੂੰਹ 'ਤੇ ਫਿਰ ਰੰਗ ਆ ਗਿਆ। ਸ਼ਾਮੂ ਤੇ ਸਵਾਮੀ ਖੋਜੀ ਕੁੱਤਿਆਂ ਵਾਂਗ ਉਸ ਦਾ ਖੁਰਾ ਨੱਪਦੇ ਪਿਛੇ ਆ ਪਹੁੰਚੇ ਸਨ।

'ਕਿੰਨੇ ਢੀਠ ਨੇ ਇਹ ਲੋਕ! ਏਨੀ ਕੁੱਤੇਖਾਣੀ ਕੀਤੀ, ਫਿਰ ਵੀ ਇਹ ਨਹੀਂ ਹਟੇ, ਫਿਰ ਪਿਛੇ ਆ ਪਹੁੰਚੇ ਨੇ।' ਕਾਲੀਏ ਨੇ ਆਪਣੀ ਖੁਸ਼ੀ ਛੁਪਾਂਦੇ, ਰਾਮ ਲਾਲ ਨੂੰ ਨਾਖੁਸ਼ੀ ਦਾ ਇਜ਼ਹਾਰ ਕੀਤਾ।

'ਮੈਂ ਰੋਕੂੰ ਸਰ?'

'ਨਹੀਂ! ਨਹੀਂ! ਆਣੇ ਦੋ...ਘਰ ਆਇਆ ਅੰਮਾਂ ਜਾਇਆ।'

'ਆਓ ਸਵਾਮੀ ਜੀ, ਸ਼ਾਅ ਜੀ! ਆਓ ਲੰਘ ਆਓ, ਤੁਸਾਂ ਕਿਉਂ ਤਕਲੀਫ਼ ਕੀਤੀ? ਥੱਕੇ ਹੋ ਸਵੇਰ ਦੇ, ਆਰਾਮ ਕਰਦੇ....ਘਰ ਜਾ ਕੇ...।'

'ਕੋਈ ਥਕਾਵਟ ਨਹੀਂ ਸਰ! ਤੁਸਾਂ ਸਾਡੇ ਕੋਲ ਕਿਹੜਾ ਰੋਜ਼ ਰੋਜ਼ ਆਉਣਾ, ਸਾਨੂੰ ਮੁਆਫ ਕਰੋ! ਸਾਥੋਂ ਗੁਸਤਾਖੀ ਹੋਈ ਹੈ... ਗ਼ਲਤੀ ਹੋਈ ਹੈ।'

ਰਾਮ ਲਾਲ ਨੂੰ ਜਾਪਿਆ...ਇਹ ਤਿੱਕੜੀ ਅੰਦਰੋਂ ਇਕ ਹੀ ਹੈ...ਐਵੇਂ ਲੋਕ ਦਿਖਾਵੇ ਲਈ ਉਪਰੋਂ ਉਪਰੋਂ ਖੇਖਣਪੁਣਾ ਕਰਦੇ ਫਿਰਦੇ ਨੇ।

'ਅੱਛਾ ਸਰ! ਮੈਨੂੰ ਆਗਿਆ ਬਖਸ਼ੋ...।' ਰਾਮ ਲਾਲ ਤਿੰਨਾਂ ਨੂੰ ਛੱਡ ਕੇ ਘਰ ਚਲਾ ਗਿਆ।

'ਕਾਲੀਆ ਸਾਹਬ! ਸਾਨੂੰ ਪਤੈ ਤੁਹਾਡਾ ਦਿਲ ਕਿੰਨਾ ਕੋਮਲ ਹੈ। ਨਾਜ਼ਕ ਹੈ...ਸਾਨੂੰ ਸੱਚ ਮੁਚ ਬਹੁਤ ਅਫਸੋਸ ਹੋਇਆ ਹੈ, ਤੁਹਾਡੇ ਦਿਲ ਨੂੰ ਦੁਖਾ ਕੇ।'

'ਅਰੇ ਛੋੜੋ ਯਾਰ ਯਹ ਰਾਮ ਕਹਾਣੀ ਅਬ। ਦਫ਼ਤਰ ਕੀ ਬਾਤੇਂ ਉਧਰ ਹੀ ਕਰੇਂਗੇ। ਬਤਾਓ ਮਾਤਾ ਜੀ ਕਾ ਕਿਆ ਹਾਲ ਹੈ...ਬੱਚੋਂ ਕਾ ਕਿਆ ਹਾਲ ਹੈ...ਭਾਬੀ ਜੀ ਕੈਸੇ ਹੈ...?'

'ਸਭ ਠੀਕ ਹੈ...ਆਪ ਕੋ ਯਾਦ ਕਰਤੇ ਹੈ ਸਭ...ਘਰ ਮੈਂ ਆਪ ਕੀ ਇੰਤਜ਼ਾਰ ਹੋ ਰਹੀ ਹੈ...।'

'ਨਹੀਂ ਅਬ ਘਰ ਤੋ ਨਹੀਂ ਜਾਏਂਗੇ...ਫਿਰ ਕਭੀ ਦੇਖੇਗੇ...।'

'ਸਾਨੂੰ ਪਤੈ...ਅਸੀਂ ਤੁਹਾਡਾ ਸਾਰਾ ਇੰਤਜ਼ਾਮ ਕਰ ਰੱਖਿਆ...ਤੁਹਾਡੀਆਂ ਸਾਰੀਆਂ ਲੋੜਾਂ ਤੋਂ ਅਸੀਂ ਚੰਗੀ ਤਰ੍ਹਾਂ ਜਾਣੂ ਹਾਂ।' ਸਵਾਮੀ ਨੇ ਬੈਗ 'ਚੋਂ ਕੱਢ ਕੇ ਬੋਤਲ ਮੇਜ਼ 'ਤੇ ਰੱਖ ਦਿਤੀ। ਸ਼ਾਮੂ ਉੱਠ ਕੇ ਕਿਚਨ ਵੱਲ ਗਿਆ। ਗਿਲਾਸ ਚੁੱਕ ਲਿਆਇਆ...ਤੇ ਪਿਛੇ ਪਿੱਛੇ ਚੌਕੀਦਾਰ ਪਾਣੀ ਦਾ ਜੱਗ, ਬਰਫ਼ ਦੀ ਟਰੇਅ ਤੇ ਸਲਾਦ ਲਿਆ ਕੇ ਮੇਜ਼ 'ਤੇ ਰੱਖ ਕੇ ਕੱਸ ਕੇ ਸਲੂਟ ਮਾਰ ਗਿਆ।'

'ਨਮਸਕਾਰ ਸ਼ਾਹਬ!'

ਕਾਲੀਏ ਦਾ ਦੁਖ, ਦਰਦ, ਚਿੰਤਾ ਮਿੰਟਾਂ ਵਿਚ ਉੱਡ ਗਈ। ਜਿੰਨਾ ਕੁ ਦਫ਼ਤਰ ਦੇ ਨਿਰੀਖਣ ਵਿਚ ਅੱਜ ਉਸ ਦਾ ਭੋਰਾ ਭੋਰਾ ਵਿੰਨ੍ਹਿਆ ਗਿਆ ਸੀ, ਉਨੀ ਮਲ੍ਹਮ ਪੱਟੀ ਤੇ ਦਵਾਈ ਇਹਨਾਂ ਭਰਾਵਾਂ ਨੇ ਕਰ ਕੇ ਜਿਵੇਂ ਸਾਰੇ ਜ਼ਖਮਾਂ ਦੇ ਅੰਗੂਰ ਭਰ ਦਿੱਤੇ।

ਪੈਗ ਪਾਏ ਗਏ ਗਿਲਾਸ ਟੁਣਕੇ ਚੀਅਰਜ਼ ਹੋਈ।

'ਫਾਰ ਦੀ ਬੈਸੱਟ ਹੈਲੱਥ ਆਫ ਕਾਲੀਆ ਸਾਹਬ!'

ਹਾਸੇ ਦੀ ਛਣਕਾਰ ਕਮਰੇ ਵਿਚ ਉੱਭਰੀ ਤੇ ਤਿੰਨਾਂ ਨੇ ਗਿਲਾਸ ਇਕੋ ਸਾਹੇ ਖਾਲੀ ਕਰ ਕੇ ਵਾਪਸ ਟਰੇਅ ਵਿਚ ਰੱਖ ਦਿੱਤੇ। ਕਿਚਨ 'ਚੋਂ ਮੁਰਗਾ ਗੜਕਣ ਦੀ ਸੁਗੰਧ ਤੇ ਤੜਕੇ ਦੀ ਸੜੂੰ ਸੜੂੰ ਤੇ ਕੁੱਕਰ ਦੀਆਂ ਵਿਸਲਾਂ...ਫਿਜ਼ਾ ਵਿਚ ਆਪਣਾ ਆਪਣਾ ਰੰਗ ਤੇ ਸੁਗੰਧ ਛੱਡਦੀਆਂ ਰਹੀਆਂ।

'ਵੇਖੋ ਭਾਅ ਜੀ! ਸਾਨੂੰ ਪਤੈ, ਤੁਸੀ ਸਾਡੇ ਬਿਨਾਂ ਨਹੀਂ ਰਹਿ ਸਕਦੇ ਤੇ ਸਾਡਾ ਤੁਹਾਡੇ ਬਿਨਾਂ ਗੁਜ਼ਾਰਾ ਨਹੀਂ। ਇਹ ਨਹੁੰ ਮਾਸ ਦਾ ਰਿਸ਼ਤਾ ਕਦੇ ਟੁੱਟ ਨਹੀਂ ਸਕਦਾ। ਸ਼ਾਮੂ ਨੇ ਥੋੜ੍ਹੀ ਜਿਹੀ ਲੋਰ ਆਉਣ 'ਤੇ ਸਰ ਦੀ ਥਾਂ ਭਾ ਜੀ ਵਰਤ ਕੇ ਦਫ਼ਤਰ ਦੇ ਸਾਰੇ ਆਦਰਸ਼ ਕਿੱਲੀ 'ਤੇ ਟੰਗ ਦਿੱਤੇ।

'ਇਹ ਤਾਂ ਗੱਲ ਬਿਲਕੁਲ ਠੀਕ ਐ...ਬਾਸ! ਪਰ ਅੱਜ ਮੈਂ ਤੁਹਾਡੇ ਵਿਚ ਏਨੀ ਤਬਦੀਲੀ ਵੇਖ ਕੇ ਬਹੁਤ ਹੈਰਾਨ ਹੋਇਆ ਹਾਂ।' ਕਾਲੀਏ ਨੇ ਵੀ ਬਾਸ ਕਹਿ ਕੇ ਉਹਨਾਂ ਦੇ ਸਾਰੇ ਸ਼ੱਕ ਸ਼ੁਭਾ ਤੇ ਡਰ ਭੈਅ ਸਭ ਦੂਰ ਕਰ ਦਿਤੇ। ਸਾਹਬ ਤੇ ਮਾਤਹਿਤ ਦਾ ਨਾਮਪੱਟਾ ਲੱਥ ਗਿਆ।

'ਅਸੀਂ ਹਮੇਸ਼ਾਂ ਤਨ ਮਨ ਧਨ ਨਾਲ ਤੁਹਾਡੀ ਸੇਵਾ ਕੀਤੀ ਹੈ ਤੇ ਕਰਦੇ ਰਹਾਂਗੇ। ਤੁਸੀਂ ਅੱਜ ਸਾਨੂੰ ਦੁਰਕਾਰਿਆ ਪਰ ਅਸੀਂ ਫਿਰ ਵੀ ਤਾਬਿਆਦਾਰ ਹਾਂ।'

'ਹਾਂ ਮੈਂ ਤੁਹਾਡੀ ਫਰਾਖਦਿਲੀ ਨੂੰ ਜਾਣਦਾ ਹਾਂ ਤੇ ਏਸੇ ਲਈ ਹੀ ਮੈਂ ਤੁਹਾਡਾ ਕਾਇਲ ਹਾਂ। ਤੁਸਾਂ ਮੈਨੂੰ ਇਕ ਵਾਰ ਫਿਰ ਜਿੱਤ ਲਿਆ ਹੈ।'

'ਕਈ ਰਾਤਾਂ ਨੇ ਰੰਗ ਵਟਾਏ ਕਈ ਦਿਨਾਂ ਦੀ ਢਲ ਗੀ ਲਾਲੀ
ਪਰ ਨਾ ਤੇਰੇ ਦਰ ਨੇ ਪੂਰੀ ਮੇਰੀ ਆਸ ਸਵਾਲੀ।

ਚਾਣ ਚੱਕ ਸ਼ਾਮੂ ਦੇ ਮੂਹੋਂ ਫ਼ੁੱਟੇ ਟੋਟਕੇ ਦੇ ਗਿਲੇ ਨਾਲ ਕਾਲੀਏ ਦਾ ਮੂੰਹ ਅੱਡਿਆ ਗਿਆ।

ਸਦੀਆਂ ਦਾ ਮੈਂ ਪਿਆਸਾ ਸੱਜਣਾ ਦੋ ਕੁ ਘੁੱਟ ਪਿਲਾ ਦੇ,
ਲੁੱਛ ਲੁੱਛ ਕਰਦੇ ਬੁਲ੍ਹਾਂ ਤਾਈ ਲਾ ਕੇ ਪ੍ਰੇਮ ਪਿਆਲੀ।'

ਉਸ ਨੇ ਪਹਿਲਾ ਪੱਤਾ ਸੁੱਟ ਕੇ ਮਹਿਫਲ ਦਾ ਰੰਗ ਬਦਲ ਦਿੱਤਾ।

ਕਾਲੀਆ ਸਾਹਬ ਸਾਵਧਾਨ ਹੋ ਕੇ ਬੈਠ ਗਏ।

'ਵਾਹ ਬਈ ਵਾਹ...ਕਮਾਲ ਕੀਆ। ਤੋ ਸੁਣੋ ਫਿਰ।'

'ਇਰਸ਼ਾਦ...।'

'ਇਕੋ ਡੀਕੇ ਪੀ ਲਾਂ ਸਾਰੀ ਜੇ ਤੂੰ ਆਪ ਪਿਲਾਵੇਂ,
ਤੇਰੇ ਨੈਣਾਂ ਵਾਲੀ ਬੋਤਲ ਕਰ ਦਿਆਂ ਖ਼ਾਲਮ ਖ਼ਾਲੀ'

ਕਾਲੀਆ ਸਾਹਬ ਦਾ ਬਰਾਬਰ ਦਾ ਸਾਵਾਂ ਹੁੰਗਾਰਾ ਸੁਣ ਕੇ ਸਵਾਮੀ ਠਠੰਬਰ ਜਿਹਾ ਗਿਆ। ਉਸ ਦੇ ਪੱਲੇ ਅਜਿਹੀ ਕੋਈ ਵਿਦਵਤਾ ਨਹੀਂ ਸੀ, ਕਿ ਉਹ ਕਾਵਿਕ ਫ਼ਿਤਰਤ ਨੂੰ ਅਪਨਾ ਕੇ ਉਹਨਾਂ ਦਾ ਸਾਥ ਦੇ ਸਕੇ ਤੇ ਅੱਗੇ ਤੋਰ ਸਕੇ।

'ਇਹ ਤਾਂ ਗਮਗੀਨੀਆਂ ਭੁਲਾਉਣ ਦਾ ਮੌਸਮ ਹੈ,
ਇਹ ਤਾਂ ਵਿੱਛੜੇ ਮਿਲਾਉਣ ਦਾ ਮੌਸਮ ਹੈ।
ਇਹ ਮੌਸਮ ਹੈ ਪਿਆਰਾਂ ਦਾ, ਬਹਾਰਾਂ ਦਾ,
ਇਹ ਰੁੱਸਿਆਂ ਨੂੰ ਮਨਾਉਣ ਦਾ ਮੌਸਮ ਹੈ।
ਪੱਤਝੜ ਦੇ ਪੱਤੇ ਵਾਕਰ ਟੁੱਟਿਆ ਜੋ ਟੁੱਟ ਗਿਆ
ਟੁੱਟੇ ਹੋਏ ਨੂੰ ਉਠਾਉਣ ਦਾ ਮੌਸਮ ਹੈ।
ਜ਼ਖਮਾਂ ਤੇ ਮਰਹਮ ਲਗਾਉਣ ਦਾ ਮੌਸਮ ਹੈ।'

ਕਾਲੀਆ ਸਾਹਬ ਦੇ ਕੱਸਵੇਂ ਤੀਰ ਦਾ ਕੋਈ ਜੁਆਬ ਨਾ ਦੇ ਸਕਿਆ। ਕਵਿਤਾ ਸ਼ੁਰੂ ਤਾਂ ਕਰ ਬੈਠੇ, ਪਰ ਇਸ ਦੇ ਅੰਜਾਮ ਤੋਂ ਦੋਵੇਂ ਅਨਜਾਣ ਸਨ। ਕਾਲੀਆ ਸਾਹਿਬ ਨੇ ਦੋਵਾਂ ਨੂੰ ਮੂਤ ਦੀ ਝੱਗ ਵਾਂਗ ਸ਼ਾਂਤ ਕਰ ਦਿੱਤਾ। ਦੂਜੇ ਪੈੱਗ ਨਾਲ ਮੁਰਗੇ ਦੀਆਂ ਟੰਗਾਂ ਵੀ ਆ ਪਹੁੰਚੀਆਂ। ਸਰੂਰ ਚੜ੍ਹਦੇ ਚੜ੍ਹਦੇ ਤਿੰਨਾਂ ਦੀਆਂ ਜ਼ਬਾਨਾਂ ਲੜਖੜਾਉਣ ਲੱਗੀਆਂ। ਊਟ ਪਟਾਂਗ ਬੋਲਣ ਲੱਗੇ।

'ਅਰੇ ਸ਼ਾਮੂ। ਉਸ ਕਾ ਕਿਆ ਹੁਆ ਭਈ ਫਿਰ ਰਾਮੋ ਕਾ..? ਉਸ ਕੀ ਬਾਤ ਸਣਾਉ ਯਾਰ......।'

ਹਾਸੇ ਦਾ ਇਕ ਠਹਾਕਾ ਕਮਰੇ ਵਿਚ ਗੜਕਿਆ ਤੇ ਹੱਸਦੇ ਹੱਸਦੇ ਕਾਲੀਏ ਨੇ ਸਬਜ਼ੀ ਦਾ ਲਿੱਬੜਿਆ ਹੱਥ ਸ਼ਾਮੂ ਦੇ ਮੋਢੇ 'ਤੇ ਥੱਪਥਪਾਇਆ।

'ਸ਼ਾਬਾਸ਼...ਬਈ...ਬਹੁਤ ਚੰਗਾ ਕੀਤਾ।'

'ਨਹੀਂ ਭਾਅ ਜੀ, ਮੈਂ ਤਾਂ ਤੁਹਾਨੂੰ ਪਤੈ ਅਜਿਹਾ ਆਦਮੀ ਨਹੀਂ, ਪਰ ਪਤਾ ਨਹੀਂ ਕਿਵੇਂ ਆਪ ਹੀ ਉਸਨੇ ਆ ਨੇ ਫਸਾ ਲਿਆ ਮੈਨੂੰ।' ਲੜਖੜਾਂਦੀ ਜ਼ਬਾਨ ਵਿਚ ਸ਼ਾਮੂ ਨੇ

ਆਪ ਹੀ ਇਕਬਾਲ ਕਰਕੇ ਆਪਣੇ ਵਲੋਂ ਬੜਾ ਸੱਚਾ ਸੁੱਚਾ ਬਹਾਦਰ ਹੋਣ ਦਾ ਸਬੂਤ ਦਿੱਤਾ।

'ਕਾਲੀਆ ਸਾਹਬ! ਮੈਂ ਤਾਂ ਕਿਹਾ ਸੀ ਰਾਮੋ ਨੂੰ, ਰੈਸਟ ਹਾਊਸ ਵਿੱਚ ਸਾਹਬ ਨੂੰ ਮਿਲ ਲਵੀਂ ਰਾਤ ਨੂੰ...ਪਰ ਉਹ ਮੰਨੀ ਨਹੀਂ। ਮੈਂ ਇਕ ਹੋਰ ਨੂੰ ਵੀ ਕਿਹਾ ਹੈ...ਸ਼ਾਇਦ...।' ਸਵਾਮੀ ਨੇ ਕਾਲੀਏ ਦੀ ਦੂਸਰੀ ਰਗ ਛੇੜਨ ਦੀ ਕੋਸ਼ਿਸ਼ ਕੀਤੀ।

ਸ਼ਾਮੂ ਨੇ ਸਬਜ਼ੀ ਦਾ ਲਿਬੜਿਆ ਕਮੀਜ਼ ਲਾਹ ਕੇ ਛੰਡਿਆ, ਸਬਜ਼ੀ ਦੇ ਛਿੱਟੇ ਤਿੰਨਾਂ ਦੇ ਕੱਪੜਿਆਂ 'ਤੇ ਫੁਲਬਹਿਰੀ ਛਾਪ ਗਏ।

'ਆਪ ਕੀ ਮਰਜ਼ੀ ਹੈ ਭਾਈ! ਅਬ ਤੋ ਆਪ ਕੇ ਹੀ ਮਹਿਮਾਨ ਹੈਂ, ਜੋ ਮਰਜ਼ੀ ਕਰੋ।' ਕਾਲੀਏ ਦੀ ਜ਼ਬਾਨ ਥਥਲਾਉਣ ਲੱਗੀ।

'ਉਹ ਆ ਗਈ...ਉਹ ਆ ਗਈ...।' ਤਿੰਨੇ ਸਾਵਧਾਨ ਹੋ ਗਏ।

'ਆਓ! ਰੀਟਾ! ਆਓ...ਅੰਦਰ ਲੰਘ ਆਓ!' ਰੀਟਾ ਨੂੰ ਦੇਖ ਕੇ ਸਾਰੇ ਚਹਿਕ ਪਏ।

ਟਨੀ ਨਾਥ ਨੇ ਦਰਵਾਜ਼ਾ ਖੋਲ ਕੇ ਉਸ ਨੂੰ ਚੁੱਪਕੇ ਨਾਲ ਅੰਦਰ ਲੰਘਾ ਲਿਆ।

'ਆਉ....ਬੈਠੋ! ਬੋਲੋ ਵਿਸਕੀ ਪੀਓਗੇ ਕਿ ਕੋਲਡ ਡਰਿੰਕ?'

'ਨਹੀਂ ਮੈਂ ਪੀਣਾ ਤੇ ਕੁਝ ਨਹੀਂ ਮੈਂ ਤਾਂ ਦੱਸਣ ਆਈ ਸੀ ਕਿ ਮੇਰੀ ਤਬੀਅਤ ਅੱਜ ਠੀਕ ਨਹੀਂ...ਕੋਈ ਹੋਰ ਆਏਗੀ।'

ਫਿਰ ਦਰਵਾਜ਼ਾ ਖੁੱਲ੍ਹਿਆ। ਪਿੰਕੀ ਅੰਦਰ ਆਈ। ਤਿੰਨਾਂ ਦੀਆਂ ਗਿਲਾਸੀਆਂ ਹੱਥਾਂ 'ਚ ਡਗਮਗਾ ਗਈਆਂ, ਮਾਨੋ ਭੁਚਾਲ ਆ ਗਿਆ ਹੋਵੇ।

'ਭ੍ਰਿਸ਼ਟ ਬੁੱਧੀ ਵਾਲੇ ਇਨਸਾਨ ਦੀ ਖਾਸੀਅਤ ਹੁੰਦੀ ਹੈ ਕਿ ਉਹ ਆਪਣੀ ਧੀ ਭੈਣ ਨੂੰ ਧੌਣ ਤੋਂ ਉਪਰ ਦੇਖਦਾ ਹੈ..... ਪਵਿਤਰ ਤੇ ਨਿਰਛਲ ਨਜ਼ਰਾਂ ਨਾਲ, ਜਦਕਿ ਹੋਰਾਂ ਦੀਆਂ ਧੀਆਂ ਭੈਣਾਂ ਨੂੰ ਉਪਰ ਮੂੰਹ ਤੋਂ ਲੈ ਕੇ ਛਾਤੀ ਤੱਕ, ਖਾਸ ਕਰਕੇ ਗਲਾਵੇਂ ਤੱਕ, ਬਘਿਆੜਾਂ ਵਾਲੀ ਤੱਕਣੀ ਨਾਲ ਤੱਕਦਾ ਲਾਰਾਂ ਕੇਰਦਾ ਹੈ।' ਪਿਛਲੇ ਦਿਨੀਂ ਹੀ ਟਨੀ ਨਾਥ ਨੇ ਕਿਸੇ ਮੰਦਰ ਦੇ ਪੁਜਾਰੀ ਤੋਂ ਸੁਣੇ ਪ੍ਰਵਚਨ ਇਕਦਮ ਉਸ ਦੀ ਮਾਨਸਿਕ ਰੀਲ ਵਿਚੋਂ ਬਾਹਰ ਝਲਕ ਪਏ।

'ਤੂੰ ਕਿਦਾਂ ਆਈ ਬੇਟੇ...ਇਸ ਵੇਲੇ...?' ਟਨੀ ਨਾਥ ਨੇ ਆਪਣੇ ਮੂੰਹ ਦੀ ਬਦਬੂ ਰੁਮਾਲ ਨਾਲ ਛੁਪਾਂਦੇ, ਉੱਠਦੇ ਹੋਏ ਪੁੱਛਿਆ।

'ਮੈਂ ਆਈ ਹਾਂ ਪਾਪਾ ਉਹ ਕੰਮ ਕਰਨ, ਜਿਸ ਲਈ ਤੁਸੀ ਰੀਟਾ ਨੂੰ ਸੌ ਰੁਪੈ ਦਿਤੇ ਸਨ। ਉਹ ਵਿਚਾਰੀ ਨੌਕਰੀ ਕਰਦੀ ਹੈ ਨਾ ਸਰਕਾਰੀ! ਉਹਨੂੰ ਨੌਕਰੀ 'ਚੋਂ ਨਾ ਕਢਾਇਉ, ਉਹਦੇ ਵੰਡੇ ਦੀ ਅੱਜ ਦੀ ਡਿਊਟੀ ਮੈਂ ਕਰਾਂਗੀ।'

ਬਾਹਰ ਦੇ ਹਨੇਰੇ ਵਿਚ ਵੀ ਕੁਝ ਹਿੱਲਜੁਲ ਸੀ, ਸਵਾਮੀ ਤੇ ਮਗਰੇ ਸ਼ਾਮੂ ਬਾਹਰ ਨਿਕਲੇ।

ਸਵਾਮੀ ਦੀ ਪਤਨੀ, ਉਸ ਦਾ ਲੜਕਾ, ਸ਼ਾਮੂ ਦੀ ਪਤਨੀ ਤੇ ਉਸ ਦਾ ਲੜਕਾ, ਰੀਟਾ ਦੀ ਮਾਂ ਤੇ ਭਰਾ ਹਨੇਰੇ 'ਚ ਖੜੇ ਅੰਦਰ ਦਾ ਸਾਰਾ ਸੀਨ ਦੇਖ ਰਹੇ ਸਨ।

'ਜਾਓ ਬੇਟੇ ਜਾਓ, ਰੀਟਾ ਨੂੰ ਤਾਂ ਬੁਲਾਇਆ ਸੀ, ਸਾਹਬ ਦਾ ਕੋਈ ਜ਼ਰੂਰੀ ਕੰਮ ਟਾਈਪ ਕਰਨਾ ਸੀ, ਪਰ ਹੁਣ ਉਹ ਥੱਕੇ ਹੋਏ ਨੇ...ਆਰਾਮ ਕਰਨਾ ਚਾਹੁੰਦੇ ਨੇ...ਜਾਓ ਹੁਣ...ਇਹ ਕੰਮ ਸਵੇਰੇ ਕਰ ਲਵਾਂਗੇ।' ਸਵਾਮੀ ਦੇ ਪੈਰਾਂ ਥੱਲਿਉਂ ਧਰਤੀ ਤਿਲਕਣ ਲੱਗੀ। ਦੋਵਾਂ ਭਰਾਵਾਂ ਦੀ ਕੁਟਲ-ਚਾਲ ਇਕੇਰਾਂ ਫਿਰ ਨਿਰਵਸਤਰ ਹੋ ਗਈ।

'ਡੁੱਬ ਕੇ ਮਰੋ ਕਿਸੇ ਖੂਹ ਟੋਭੇ ਵਿਚ...ਅਜਿਹੀ ਨੌਕਰੀ ਕਰਨ ਦੀ ਥਾਂ...।'

ਟਨੀ ਨਾਥ ਦੀ ਸਿੰਮੀ ਦੀ ਅਗਨਬਾਣ ਵਰਗੀ ਭਾਸ਼ਾ ਨੇ ਉਸ ਨੂੰ ਪਾਣੀ ਪਾਣੀ ਕਰ ਦਿੱਤਾ। ਉਸ ਨੂੰ ਭੰਬਰ ਤਾਰੇ ਦਿਖਾ ਦਿਤੇ।

ਅੰਦਰ ਬੈਠਾ ਕਾਲੀਆ ਤੇ ਸਵਾਮੀ ਮੌਕੇ ਦੀ ਨਜ਼ਾਕਤ ਨੂੰ ਸਮਝਦੇ ਥਰ-ਥਰ ਕੰਬ ਰਹੇ ਸਨ। ਉਹ ਅੰਦਰ ਬੈਠੇ ਧਰਗਮਾਲੀਆਂ ਵਾਂਗ ਧਰਕਣ ਲੱਗੇ।

'ਅਰੇ ਕਹੀਂ ਪੁਲੀਸ ਤੋ ਨਹੀਂ ਆ ਜਾਏਗੀ ਇਧਰ?' ਕਾਲੀਆ ਸਾਹਬ ਨੇ ਆਪਣਾ ਆਪ ਸਾਂਭਦੇ ਮਨ ਦੀ ਘਬਰਾਹਟ ਪ੍ਰਗਟ ਕੀਤੀ।

'ਨਹੀਂ ਸਰ ਕੋਈ ਬਾਤ ਨਹੀਂ...ਚਲੇ ਗਏ ਨੇ ਸਭ...ਆਪ ਖਾਣਾ ਖਾਉ...ਔਰ ਸੌਂ ਜਾਓ ਆਰਾਮ ਸੇ।'

'ਅਬ ਕੌਣ ਖਾਣਾ ਖਾਏਗਾ? ਕਿਸਕੇ ਅੰਦਰ ਖਾਣਾ ਜਾਏਗਾ, ਕਿਸ ਕੋ ਨੀਂਦ ਆਏਗੀ ਰਾਤ ਕੋ?' ਸ਼ਰਮਿੰਦਿਆਂ ਵਾਂਗ ਹੱਸਣ ਲੱਗੇ।

'ਯਹ ਦੇਖੋ ਬਾਸ! ਯਹ!' ਸ਼ਾਮੂ ਨੇ ਇਕ ਹੋਰ ਬੋਤਲ ਹਵਾ ਵਿਚ ਉਲਾਰਦਿਆਂ ਕਿਹਾ।

'ਇਹ ਤੁਹਾਨੂੰ ਖਾਣਾ ਖਿਲਾਏਗੀ, ਇਹੀ ਤੁਹਾਨੂੰ ਲੋਰੀਆਂ ਦੇ ਕੇ ਸੁਲਾਏਗੀ ਰਾਤ ਨੂੰ, ਇਹੀ ਆਪ ਕੇ ਸੁਪਨੇ ਮੇਂ ਆਏਗੀ ਰਾਤ ਕੋ।' ਕਾਲੀਏ ਨੂੰ ਮੰਜੇ ਤੇ ਟੇਢਾ ਜਿਹਾ ਕਰਕੇ ਉਹ ਚਲੇ ਗਏ।

ੱ ੱ ੱ

ਤੜਕੇ ਦੀ ਸਿਰ ਦਰਦ ਨੇ ਕਾਲੀਆ ਸਾਹਬ ਨੂੰ ਅਗੇਤੇ ਜਗਾ ਦਿੱਤਾ। ਉਸ ਦਾ ਸਿਰ ਹੀ ਨਹੀਂ, ਸਾਰਾ ਬਦਨ ਹੀ ਦਰਦ ਕਰ ਰਿਹਾ ਸੀ, ਮਾਨੋ ਕਿਸੇ ਨੇ ਬੜੀ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਹੋਵੇ। ਚੌਕੀਦਾਰ ਚਾਹ ਦਾ ਕੱਪ ਲਾਗੇ ਪਏ ਸਟੂਲ 'ਤੇ ਰੱਖ ਗਿਆ। ਉਹ ਡੌਰ ਭੌਰਾ ਜਿਹਾ ਉਠਿਆ। ਚਾਰ ਚੁਫੇਰੇ ਦੇਖਦਾ ਰਿਹਾ। ਕਿੰਨੀ ਦੇਰ ਉਹਨੂੰ ਇਹ ਪਤਾ ਹੀ ਨਾ ਲੱਗਾ ਕਿ ਉਹ ਕਿਥੇ ਪਿਆ ਹੈ। ਰਾਤ ਦੀ ਕਹਾਣੀ... ਏਨੀ ਤਾਂ ਉਹਨੂੰ ਯਾਦ ਸੀ ਕਿ ਸ਼ਾਮੂ ਤੇ ਸਵਾਮੀ ਰਾਤ ਆਏ ਸਨ। ਉਹਨਾਂ ਮਹਿਫ਼ਲ ਜਮਾਈ ਸੀ...ਸ਼ਿਅਰੋ ਸ਼ਿਅਰੀ ਸ਼ੁਰੂ ਹੋਈ ਸੀ। ਪਰ ਉਸ ਤੋਂ ਬਾਦ ਕੀ ਹੋਇਆ, ਆਪਣੇ ਮਨ 'ਤੇ ਪੂਰਾ ਭਾਰ ਪਾ ਕੇ ਵੀ ਉਸ ਨੂੰ ਕੁਝ ਵੀ ਯਾਦ ਨਾ ਆਇਆ। ਇਕ ਸੁਪਨਾ ਜਿਹਾ ਹੌਲੀ ਹੌਲੀ ਸਾਕਾਰ ਹੋਣ ਲੱਗਾ। ਇਕ ਕੁੜੀ ਆਈ ਸੀ। ਫਿਰ ਕੁੜੀਆਂ ਤੇ ਫਿਰ ਕਈ ਕੁਝ ਹੋਰ ਜਾਣੇ ਅਣਜਾਣੇ ਚਿਹਰੇ...। ਟੁੱਟੇ ਹੋਏ ਸੁਪਨੇ ਦੇ ਟੋਟੇ ਇਕੱਠੇ ਕਰਨ ਲਈ ਉਸ ਨੇ ਪੂਰਾ ਤਾਣ ਲਾਇਆ, ਪਰ ਇਹ ਉਸ ਦੇ ਹੱਥ ਨਾ ਆਏ।

ਉਸਨੇ ਬੈੱਡ ਤੋਂ ਉੱਠਣ ਦੀ ਕੋਸ਼ਿਸ਼ ਕੀਤੀ। ਆਪਣਾ ਆਪ ਉਸ ਨੂੰ ਬਹੁਤ ਨਿਰਬਲ ਤੇ ਕਮਜ਼ੋਰ ਜਾਪਿਆ। ਸਿਰ ਨੂੰ ਚੱਕਰ ਆ ਰਹੇ ਸਨ। ਥੋੜ੍ਹਾ ਜਿਹਾ ਉਠਿਆ ਤੇ ਫਿਰ ਤੁਰਨ ਦਾ, ਬਾਥਰੂਮ ਜਾਣ ਦਾ ਉਹ ਜੇਰਾ ਨਾ ਕਰ ਸਕਿਆ। ਚਾਹ ਦਾ ਕੱਪ ਠੰਢਾ ਹੋ ਚੁੱਕਾ ਸੀ।

'ਚੌਕੀਦਾਰ!'

'ਜੀ ਸਰ!' ਚੌਕੀਦਾਰ ਦੌੜਦਾ ਆਇਆ।

'ਸਿਰ ਦੁੱਖ ਰਹਾ ਹੈ...।'

'ਹਾਂ ਸਰ! ਸਿਰ ਤੋਂ ਦੁੱਖੇਗਾ ਜ਼ਰੂਰ,......ਦੁੱਖਤਾ ਹੋਗਾ...।'

ਉਸ ਨੇ ਕੋਡਾ ਹੋ ਕੇ ਬੈੱਡ ਥੱਲਿਉਂ ਬੋਤਲ ਕੱਢੀ।

'ਲੋ ਸਾਹਬ! ਯਹ ਦਵਾਈ ਸਿਰ ਦਰਦ ਕੀ...।'

ਬੋਤਲ ਵੇਖ ਕੇ ਕਾਲੀਆ ਨੂੰ ਜਿਵੇਂ ਚਾਅ ਚੜ੍ਹ ਗਿਆ।

'ਬੱਸ ਬਣ ਗਿਆ ਕੰਮ....ਬੜਾ ਸਿਆਣਾ ਏ ਤੂੰ ਚੌਕੀਦਾਰਾ।'

'ਹਮ ਤੋ ਐਸੇ ਜਲਵੇ ਹਰ ਰੋਜ਼ ਦੇਖਤਾ ਹੈ ਸ਼ਾਹਬ! ਹਮੇਂ ਪਤਾ ਹੈ ਕੌਣ ਸੀ ਮਰਜ਼ ਕੀ ਕੌਣ ਸੀ ਦਵਾ ਹੈ...ਔਰ ਆਪ ਕੇ ਸਾਥੀ ਭੀ ਮੁਝੇ ਰਾਤ ਬਤਾ ਗਏ ਥੇ...।'

'ਹਾਂ ਤੋ ਯਹ ਬਤਾ! ਰਾਤ ਕੌਣ ਕੌਣ ਆਇਆ ਥਾ ਇਧਰ?'

'ਵੋਹ ਤੋਂ ਮਾਮਲਾ ਗੜਬੜ ਹੀ ਥਾ ਸ਼ਾਹਬ। ਪਹਿਲੇ ਤੋ ਦੋ ਹੀ ਆਏ, ਫਿਰ ਦੋ ਆਈ, ਔਰ ਫਿਰ ਕਈ ਲੋਗ ਔਰ।' ਚੌਕੀਦਾਰ ਨੇ ਪੈਗ ਪਾਉਂਦੇ ਪਾਉਂਦੇ ਮਸ਼ਕੂਲਾ ਜਿਹਾ ਕੀਤਾ।

'ਬੱਸ! ਬੱਸ!' ਉਸ ਨੂੰ ਪੈਗ ਹੋਰ ਵੱਡਾ ਬਣਾਉਣ ਤੋਂ ਸਾਹਬ ਨੇ ਟੋਕਿਆ।

'ਸਰ ਨਾਸ਼ਤੇ ਮੇਂ ਕਿਆ ਲੋਗੇ?' ਚੌਕੀਦਾਰ ਨੇ ਉਸ ਦੀ ਪਸੰਦ ਪੁੱਛੀ।

'ਕੋਈ ਲਾਈਟ ਸਾ...ਆਮਲੇਟ ਬਰੈੱਡ...।'

ਪੈਗ ਅੰਦਰ ਜਾਣ 'ਤੇ ਸਾਹਬ ਨੂੰ ਕੁਝ ਚੁੱਸਤੀ ਫੁਰਤੀ ਮਹਿਸੂਸ ਹੋਈ। .ਰਾਤ ਦੀ ਟੋਟ ਤੇ ਹੱਡ ਭੰਨਣੀ ਉਸ ਦੇ ਇਕ ਪੈੱਗ ਨੇ ਮੱਧਮ ਕਰ ਦਿੱਤੀ। ਉਹ ਉਠ ਕੇ ਬਾਥਰੂਮ ਗਿਆ। ਹੁਣ ਉਸ ਵਿਚ ਸੋਚਣ ਦੀ ਤੇ ਕੰਮ ਕਰਨ ਦੀ ਸ਼ਕਤੀ ਕੁਝ ਕੁਝ ਮੁੜ ਆਈ ਸੀ।

'ਇਹ ਵੀ ਸਾਲੇ ਕੀ ਚੀਜ਼ ਨੇ ਦੋਵੇਂ ਭਰਾ! ਛਲੇਡੇ ਵਾਂਗ ਕਿੱਦਾਂ ਰੰਗ ਬਦਲਦੇ ਨੇ ਹਰ ਪਲ! ਕਦੇ ਤੋਲਾ ਕਦੇ ਮਾਸਾ...ਬੜੇ ਕੰਮ ਵੀ ਆਉਂਦੇ ਨੇ ਸਮੇਂ ਸਿਰ। ਹੁਣੇ ਜੇ ਉਹ ਇਹ ਬੋਤਲ ਛੱਡ ਕੇ ਨਾ ਜਾਂਦੇ ਤਾਂ ਮੈਂ ਮੰਜੇ ਜੋਗਾ ਹੀ ਰਹਿ ਜਾਂਦਾ।'

ਇਕੇਰਾਂ ਫਿਰ ਕਾਲੀਆ, ਸ਼ਾਮੂ ਤੇ ਸਵਾਮੀ ਦੇ ਅਹਿਸਾਨ ਨਾਲ ਰੰਗਿਆ ਗਿਆ।

'ਚੰਗੇ ਨੇ ਵਿਚਾਰੇ ਗੁੱਸਾ ਵੀ ਨਹੀਂ ਕਰਦੇ, ਮੈਂ ਐਵੇਂ ਕਿਦਾਂ ਫਿਟਕਾਰਿਆ ਕੱਲ ਦਾ, ਤੇ ਉਹ ਫਿਰ ਵੀ ਲਸੂੜੇ ਦੀ ਗਿਟਕ ਵਾਂਗ ਮੇਰੇ ਨਾਲ ਨਾਲ ਹੀ ਚੰਬੜੇ ਰਹੇ ਨੇ।'

'ਅਫਸਰਾਂ ਦਾ ਕੰਮ ਘੂਰਨਾ...ਤੇ ਮਾਤਹਿਤਾਂ ਦਾ ਕੰਮ...ਝੂਰਨਾ।' ਉਹਨਾਂ ਦੀ ਚੰਗੀ ਸਮਝ ਹੈ।

'ਅੱਗੇ ਪਏ ਨੂੰ ਤੇ ਸ਼ੇਰ ਵੀ ਨਹੀਂ ਖਾਂਦਾ।' ਉਸ ਨੇ ਫਿਰ ਉਹਨਾਂ ਦੇ ਕੀਤੇ ਗ਼ਲਤ ਕਰਤਵ ਤੇ ਅਹਿਸਾਨਾਂ ਨੂੰ ਤੋਲਣ ਦੀ ਕੋਸ਼ਿਸ਼ ਕੀਤੀ।

ਬੁਰਸ਼ ਕਰਦੇ ਕਰਦੇ ਉਸ ਦਾ ਨਹਾਉਣ ਦਾ ਮੂਡ ਬਣ ਗਿਆ। ਉਪਰ ਦਾ ਫੁਹਾਰਾ ਛੱਡ ਕੇ ਸਿਰ ਵਿਚ ਬਾਰ-ਬਾਰ ਫੁਹਾਰ ਪਾਈ, ਪਾਂਦਾ ਰਿਹਾ ਤੇ ਨਾਲ ਨਾਲ ਰਾਤ ਦੇ ਖਿੰਡਰੇ ਸੁਪਨਿਆਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਸੁਪਨੇ ਵਿਚ ਉਸ ਨੂੰ ਇਕ ਕਰਮੰਡਲ ਵਾਲਾ ਬਾਬਾ ਵੀ ਮਿਲਿਆ ਸੀ। ਹਾਂ ਯਾਦ ਆਇਆ। ਇਕ ਹੱਥ ਵਿਚ ਕਰਮੰਡਲ ਤੇ ਇਕ ਹੱਥ ਵਿਚ ਅਟੈਚੀ ਕੇਸ।

ਮੰਗ ਰਿਹਾ ਸੀ ਕੁਝ?...ਹਾਂ ਕਹਿੰਦਾ ਕਰਮੰਡਲ ਵਿਚ ਕੁਝ ਪਾਓ...ਤਾਂ ਇਹ ਅਟੈਚੀ ਕੇਸ ਦਿਆਂਗਾ।

ਮੈਂ ਪੁਛਦਾ ਹਾਂ, ਕੀ ਹੈ ਇਸ ਅਟੈਚੀ ਵਿਚ...ਸੱਪ ਚੂਹੇ ਜਾਂ ਕੋਹੜ ਕਿਰਲੀਆਂ?

‘ਨਹੀਂ ਭਗਤਾ ਇਸ ਵਿਚ ਮਾਇਆ ਹੈ...ਮਾਇਆ...ਤੇਰੀ ਜਨਮ ਜਨਮਾਂਤਰਾ ਦੀ ਭੁੱਖ ਦੂਰ ਕਰ ਦਏਗੀ।’

‘ਨਹੀਂ...ਪਹਿਲਾਂ ਮੈਨੂੰ ਇਹ ਅਟੈਚੀ ਫੜਾ...।’

‘ਨਾ ਭਾਈ ਨਾ ...ਇਕ ਹੱਥ ਦੇ ਇਕ ਹੱਥ ਲੈ...।’

ਫਿਰ ਸਿਰ ਦੀ ਦਰਦ ਨੇ ਇਹ ਸਾਰੀ ਪ੍ਰਕਿਰਿਆ ਭੰਗ ਕਰ ਦਿਤੀ। ਅਟੈਚੀ ਬੰਦ ਦਾ ਬੰਦ ਹੀ ਰਹਿ ਗਿਆ। ਕਰਮੰਡਲ ਚ ਪਾਉਣ ਵਾਲੇ ਸਿੱਕੇ ਮੇਰੇ ਹੱਥਾਂ ’ਚ ਹੀ ਫੜੇ ਰਹਿ ਗਏ, ਬਾਬਾ ਅਲੋਪ ਹੋ ਗਿਆ। ਕੌਣ ਬਾਬਾ ਸੀ ਇਹ ਅਟੈਚੀ ਵਾਲਾ? ਉਸ ਨੇ ਆਪਣੇ ਦੁਨਿਆਵੀ ਚੁਗਿਰਦੇ ਵਿਚ ਉਹ ਬਾਬਾ ਲੱਭਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਕੁਝ ਕੁਝ ਪਛਤਾਵਾ ਵੀ ਹੋ ਰਿਹਾ ਸੀ।

‘ਕਿੰਨਾ ਚੰਗਾ ਹੁੰਦਾ, ਜੇ ਇਕ ਦੋ ਸਿੱਕੇ ਡੋਲੂ ਚ ਪਾ ਕੇ ਅਟੈਚੀ ਤਾਂ ਦੇਖ ਲੈਂਦਾ......ਇਹ ਅੰਨ੍ਹਾ ਅਟੈਚੀ! ਖੌਰੇ ਕੀ ਮਾਲ ਸੀ ਉਹਦੇ ਵਿਚ। ਸਿਰ ਵਿਚ ਪਾਣੀ ਪੈਣ ਨਾਲ ਉਸ ਦੀ ਹੋਸ਼ ਪਰਤਣ ਲੱਗੀ। ਇਹ ਨਹਾਉਣ ਦਾ ਸਮਾਂ ਜਦ ਉਹ ਦੋ ਚਾਰ ਪਾਉੜੀਆਂ ਪਾਠ ਦੀਆਂ ਕਰਦਾ ਹੁੰਦਾ ਸੀ, ਦੁਹਰਾਉਂਦਾ ਸੀ, ਅੱਜ ਰਾਤ ਦੇ ਸੁਪਨੇ ਨੇ ਖਾ ਲਿਆ।

ਬਾਹਰ ਨਿਕਲ ਕੇ ਬੈੱਡ ਵਾਲੀ ਚਾਦਰ ਫਰਸ਼ ’ਤੇ ਥੱਲੇ ਵਿਛਾ ਕੇ ਉਹ ਅੱਖਾਂ ਮੂੰਦ ਕੇ ਬੈਠ ਗਿਆ ਤੇ ਪਾਠ ਕਰਨ ਲੱਗਾ। ਪਾਠ ਕਰਦੇ ਕਰਦੇ ਵੀ ਉਹੀ ਰਾਤ ਵਾਲੇ ਪਾਤਰ ਤੇ ਕਰਮੰਡਲ ਵਾਲਾ ਤੇ ਫਿਰ ਖੂੰਡੇ ਵਾਲਾ ਬਾਬਾ ਉਸ ਦੀ ਇਕਾਗਰਤਾ ਵਿਚ ਖੱਲਰ ਮਚਾਂਦੇ ਰਹੇ। ਅਖੀਰਲੀ ਪੌੜੀ ਪੜੀ... ਅਰਦਾਸ ਕੀਤੀ। ਗੋਡੇ ਥੱਲੇ ਨਿਵਾਂ ਕੇ ਧਰਤੀ ਨੂੰ ਮੱਥਾ ਟੇਕਿਆ, ਇਕ ਵਾਰ, ਦੋ ਵਾਰ, ਤਿੰਨ ਚਾਰ, ਪੰਜ ਵਾਰ...ਸ਼ਾਇਦ ਉਹ ਇਸ ਤਰ੍ਹਾਂ ਉਚਾ ਨੀਵਾਂ ਹੋ ਕੇ ਕਿੰਨਾ ਚਿਰ ਮੱਥਾ ਰਗੜਦਾ ਰਹਿੰਦਾ, ਜੇ ਦਰਵਾਜ਼ੇ ਦੀ ਘੰਟੀ ਦੀ ਟਰਨ ਟਰਨ ਨਾ ਵੱਜਦੀ। ਉਸਨੇ ਦਰਵਾਜ਼ੇ ਵੱਲ ਨਜ਼ਰਾਂ ਘੁਮਾਈਆਂ। ਦਰਵਾਜ਼ਾ ਬੰਦ ਸੀ। ਪਰ ਅੰਦਰੋਂ ਚਿਟਕਣੀ ਨਹੀਂ ਸੀ ਲੱਗੀ। ਰਾਤ ਇਸ ਤਰ੍ਹਾਂ ਹੀ ਬੀਤਗੀ? ਇਸ ਦਾ ਖਿਆਲ ਹੀ ਨਹੀਂ ਰਿਹਾ।

‘ਲੰਘ ਆਓ! ਖੁੱਲ੍ਹਾ ਹੀ ਹੈ ਦਰਵਾਜ਼ਾ...।’

‘ਨਮਸਕਾਰ ਸਰ!’ ਦਰਵਾਜ਼ਾ ਖੋਲ੍ਹ ਕੇ ਸਵਾਮੀ ਅੰਦਰ ਦਾਖਲ ਹੋਇਆ। ਇਕ ਹੱਥ ਵਿਚ ਥਰਮੋਸ...ਤੇ ਇਕ ਹੱਥ ਵਿਚ ਟਿੱਫਨ ਸੀ ਉਸਦੇ।

‘ਨਮਸਕਾਰ!...ਆਓ! ਵੈਲ ਕਮ...।’ ਸਾਹਬ ਨੇ ਉਠ ਕੇ ਬੜੇ ਸਤਿਕਾਰ ਨਾਲ ਹੱਥ ਮਿਲਾਇਆ।

'ਬਈ ਆਪ ਯਹ ਕਸ਼ਟ ਕਿਉਂ ਕਰ ਰਹੇ ਹੈਂ, ਜਬ ਯਹ ਸਮਾਨ ਤੋ ਸਭ ਇਧਰ ਕੈਂਟੀਨ ਮੇ ਮਿਲ ਜਾਤਾ ਹੈ, ਔਰ ਇਧਰ ਕਾ ਚੌਕੀਦਾਰ ਭੀ ਅੱਛਾ ਸੇਵਾਦਾਰ ਹੈ।'

'ਸਰ ਆਪ ਹਮੇਂ ਇਸ ਨਿਗੁਣੀ ਸੀ ਸੇਵਾ ਸੇ ਵਾਂਜਾ ਕਿਉਂ ਕਰਨਾ ਚਾਹਤੇ ਹੈਂ? ਯਹ ਤੋ ਹਮਾਰੀ ਖੁਸ਼ਕਿਸਮਤੀ ਹੈ... ਹਮੇਂ ਆਪ ਕੀ ਸੇਵਾ ਕਾ ਮੌਕਾ ਮਿਲਾ ਹੈ?'

ਸਵਾਮੀ ਦੇ ਸ਼ਬਦਾਂ ਵਿਚ ਹਿਰਖ ਭਰਿਆ ਲਹਿਜਾ ਵੇਖ ਕੇ ਕਾਲੀਆ ਚੁੱਪ ਕਰ ਗਿਆ। ਉਸ ਨੇ ਉਸ ਦੀਆਂ ਅੱਖਾਂ ਚ ਨਜ਼ਰਾਂ ਗੱਡ ਕੇ ਰਾਤ ਵਾਲੇ ਬਾਬੇ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ।

'ਅੱਛਾ ਪਈ ਯਹ ਬਤਾਓ ... ਰਾਤ ਵਾਲੇ ਕਰਮੰਡਲ ਤੋ ਆਪ ਲੇ ਆਏ, ਇਕ ਨਹੀਂ ਦੋ, ਪਰ ਵੋਹ ਅਟੈਚੀ ਕਹਾਂ ਹੈ?'

ਕਾਲੀਆ ਸਾਹਬ ਨੇ ਅਤਿਅੰਤ ਮਸ਼ਕੂਲੇ ਦੇ ਮੂਡ ਵਿਚ ਸਵਾਮੀ ਨੂੰ ਪੈਰਾਂ ਤੋਂ ਹਿਲਾ ਦਿਤਾ।

'ਕਿਹੜਾ ਕਰਮੰਡਲ? ਤੇ ਕਿਹੜਾ ਅਟੈਚੀ ਸਰ! 'ਕੋਈ ਵੀ ਤਾਂ ਨਹੀਂ ਸੀ ਰਾਤ ਨੂੰ।'

ਉਹ ਸਮਝਣ ਤੋਂ ਅਸਮਰੱਥ ਸੀ।

'ਰਾਤ ਸੁਪਨਾ ਆਇਆ। ਕੋਈ ਕਰਮੰਡਲ ਵਾਲਾ ਬਾਬਾ ਸੀ। ਕਹਿੰਦਾ ਇਹਦੇ ਵਿਚ ਦੋ ਸਿੱਕੇ ਪਾ ਤੈਨੂੰ ਅਟੈਚੀ ਦਿਆਂਗਾ... ਮਾਇਆ ਨਾਲ ਭਰਿਆ ਹੋਇਆ।'

'ਓ ਸਰ! ਸੁਪਨੇ-ਸੁਪਨੇ ਹੀ ਹੁੰਦੇ ਨੇ ... ਇਹਨਾਂ 'ਤੇ ਯਕੀਨ ਨਾ ਕਰੋ, ਨਾ ਹੀ ਤੁਸੀਂ ਇਸ ਲਈ ਅਪਣੇ ਦਿਮਾਗ 'ਤੇ ਵਾਧੂ ਬੋਝ ਪਾਉ... ਇਹ ਅਸਲੀਅਤ ਤੋਂ ਦੂਰ ਹੁੰਦੇ ਨੇ।'

'ਨਹੀਂ! ਪਰ ਜ਼ਿੰਦਗੀ ਦੇ ਬਹੁਤ ਨੇੜੇ ਵੀ ਹੁੰਦੇ ਨੇ।'

'ਤਾਂ ਫਿਰ ਠੀਕ ਹੈ ਸਰ! ਕਰਮੰਡਲ ਤਾਂ ਸੱਚ ਮੁੱਚ ਹੀ ਉਹੀ ਹੈ।' ਉਸਨੇ ਥਰਮੋਸ ਵਰਗੇ ਬਰਤਨ ਦਾ ਢੱਕਣ ਖੋਲ੍ਹਿਆ। ਉਸ ਵਿਚ ਤੇਲ ਸੀ ... ਇਹ ਦੇਖੋ ਆਪਣਾ ਮੂੰਹ ... ਤੇ ਇਸ ਵਿਚ ਪਾਓ ਸਿੱਕੇ ... ਉਹ ਮਾਤਾ ਜੀ ਨੇ ਭੇਜਿਆ ਹੈ। ਇਸ ਵਿਚ ਸਿੱਕੇ ਪਾ ਕੇ ਕਿਸੇ ਪਿੱਪਲ ਦੀਆਂ ਜੜ੍ਹਾਂ 'ਤੇ ਡੋਲ੍ਹ ਦਿਉ। ਤੁਹਾਨੂੰ ਨਜ਼ਰ ਕੁਨਜ਼ਰ ਨਹੀਂ ਲੱਗੇ ਗੀ। ਭੁੱਲਾਂ ਚੁੱਕਾਂ ਸਭ ਮੁਆਫ।'

'ਤਾਂ ਫਿਰ ਇਹ ਮੇਰੀ ਮਾਸੀ ਦਾ ਕੰਮ ਹੈ ... ਕਿੰਨਾ ਫਿਕਰ ਹੈ ਉਸਨੂੰ ਮੇਰਾ, ਕਿੰਨੀ ਸ਼ੁਭਚਿੰਤਕ ਹੈ ਮੇਰੀ ਉਹ...।'

ਕਾਲੀਏ ਨੇ ਕੁਝ ਸਿੱਕੇ ਜੇਬ 'ਚੋਂ ਕੱਢੇ, ਤੇਲ ਵਿਚ ਆਪਣਾ ਮੂੰਹ ਵੇਖਿਆ ਤੇ ਉਸ ਵਿਚ ਸੁੱਟ ਦਿਤੇ।'

'ਇਸ ਨਾਲ ਕਈ ਬਲਾਵਾਂ ਟਲ ਜਾਂਦੀਆਂ ਨੇ।' ਉਸ ਨੇ ਆਪਣੀ ਮਾਂ ਤੋਂ ਵੀ ਸੁਣਿਆ ਸੀ।

'ਪਰ ਉਹ! ਖੂੰਡੇ ਵਾਲਾ ਬਾਬਾ ਕੌਣ ਸੀ? ਜੋ ਪਰੇ ਖੜਾ ਕਰਮੰਡਲ ਤੇ ਅਟੈਚੀ ਵੱਲ ਵੇਖ-ਵੇਖ ਕੇ ਘੂਰੀਆਂ ਪਾ ਰਿਹਾ ਸੀ?'

'ਛੋੜੋ ਸਰ, ਸੁਪਨੇ ਦੀ ਦੁਨੀਆਂ ਛੋੜੋ, ਔਰ ਯਥਾਰਥਿਕ ਦੁਨੀਆਂ ਵਿਚ ਆਉ।

ਸੁਪਨੇ ਸਾਡੇ ਚੇਤ ਜਾਂ ਅਚੇਤ, ਜਾਗਦੇ ਜਾਂ ਸੁੱਤੇ ਜਾਂ ਅਰਧ ਸੁੱਤੇ ਮਨਾਂ ਦੀਆਂ ਤਰੰਗਾਂ ਦਾ ਪ੍ਰਗਟਾਵਾ ਹਨ। ਸਾਡੀ ਖੁਰਾਕ ਤੇ ਸਾਡੀ ਸੋਚਣੀ ਨਾਲ ਇਨ੍ਹਾਂ ਦਾ ਬੜਾ ਨੇੜਲਾ ਸੰਬੰਧ ਹੈ। ਚੰਗਾ ਸਾਫ ਸੁਥਰਾ ਹਲਕਾ ਖਾਣਾ ਖਾਓਗੇ, ਸੁਹਾਵਣੇ ਸੁਪਨੇ ਆਉਣਗੇ। ਚੰਗੀ ਕੁਆਲਿਟੀ ਵਾਲੀ ਵਿਸਕੀ ਨਾਲ ਹੁਸੀਨ ਸੁਪਨੇ ਆਉਣਗੇ। ਭਾਰੀ ਖੁਰਾਕ ਖਾਣ ਨਾਲ ਭੈੜੇ ਸੁਪਨੇ ਆਉਣਗੇ। ਖਰਾਬ ਮਾੜੀ ਨੀਯਤ ਵਾਲੇ ਨੂੰ ਚੋਰਾਂ ਡਾਕੂਆਂ ਤੇ ਜੇਲ੍ਹਾਂ ਦੇ ਸੁਪਨੇ ਆਉਣਗੇ।'

'ਬੱਸ ਬੱਸ! ਯਾਰ ਤੇਰੇ ਨਾਲੋਂ ਸੁਪਨਿਆਂ ਦੀ ਥੀਊਰੀ ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ, ਮੈਂ ਸਫ਼ਿਆਂ ਦੇ ਸਫ਼ੇ ਭਰੇ ਨੇ ਆਪਣੀ ਡਾਇਰੀ ਦੇ। ਹਰ ਸੁਪਨੇ ਨੂੰ ਮੈਂ ਡਾਇਰੀ ਵਿਚ ਨੋਟ ਕੀਤਾ ਹੈ ਤੇ ਫਿਰ ਉਸ ਦਾ ਵਿਸ਼ਲੇਸ਼ਣ ਕੀਤਾ ਹੈ। ਅਖੀਰ ਇਹੀ ਪ੍ਰਮਾਣ ਕੀਤਾ ਹੈ ਕਿ ਸੁਪਨਿਆਂ ਦੀ ਦੁਨੀਆਂ ਵਿਅਰਥ ਬਿਲਕੁਲ ਨਹੀਂ, ਇਹ ਕਿਸੇ ਹੋ ਚੁੱਕੇ ਜਾਂ ਹੋਣ ਵਾਲੇ ਕਾਰਜ ਨਾਲ ਸਿੱਧਾ ਜਾਂ ਅਸਿੱਧਾ ਸੰਬੰਧ ਰੱਖਦੇ ਹਨ ਤੇ ਜੇ ਕੋਈ ਸਮਝੇ ਤਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਹ ਕੁਝ ਨਾ ਕੁਝ ਸੁਨੇਹਾ ਜ਼ਰੂਰ ਦਿੰਦੇ ਹਨ, ਚਿਤਾਵਨੀ ਦਿੰਦੇ ਹਨ, ਪਰ ਸਾਡੇ ਅਨਾੜੀ ਮਨ ਇਹਨਾਂ ਦੀ ਅਸਲੀਅਤ ਤੋਂ ਦੂਰ ਦੌੜਦੇ ਹਨ। ਤੈਨੂੰ ਮੈਂ ਇਕ ਛੋਟੀ ਜਿਹੀ ਉਦਾਹਰਣ ਦਿੰਦਾ ਹਾਂ, ਕੋਈ ਛੇ ਕੁ ਮਹੀਨੇ ਪਹਿਲਾਂ ਮੈਂ ਇਕ ਸੁਪਨਾ ਦੇਖਿਆ, ਬੜਾ ਹੀ ਡਰਾਉਣਾ ਸੁਪਨਾ। ਕਿੰਨੇ ਸਾਰੇ ਸੱਪ....ਚਾਰ ਚੁਫੇਰੇ ਇਕ ਭਿਆਨਕ ਖਾਈ ਵਿਚ ਮੇਰੇ ਚੌਗਿਰਦੇ ਰੀਂਗਦੇ ਮੰਡਰਾਉਂਦੇ ਦਿਸਦੇ ਹਨ, ਮੈਂ ਡਰਦਾ ਹਾਂ। ਪਰ ਉਹ ਮੈਨੂੰ ਕੁਝ ਨਹੀਂ ਕਹਿੰਦੇ। ਇਕ ਹੋਰ ਬੜੀ ਪਿਆਰੀ ਜਿਹੀ ਬੱਚਾ ਕਹਿ ਲਉ ਜਾਂ ਸਪਣੀ ਕਹਿ ਲਉ....ਮੇਰੇ ਲਾਗੇ ਆ ਕੇ ਫੁਮਣੀਆਂ ਪਾ ਰਹੀ ਹੈ। ਉਸ ਦੀ ਨਜ਼ਾਕਤ ਦੇਖਕੇ ਮੈਂ ਕੁਦਰਤ ਦੀ ਸੁੰਦਰਤਾ ਤੋਂ ਬਲਿਹਾਰੇ ਜਾਂਦਾ ਹਾਂ, ਹਰੇ ਰਗ ਦੀ ਛੀਂਟਕੀ ਜਿਹੀ!

'ਉਹ ਜਨਾਬ ਇਹੀ ਤਾਂ ਖਤਰੇ ਦਾ ਸੰਕੇਤ ਹੈ..ਤੁਹਾਡੇ ਚਾਰ ਚੁਫੇਰੇ ਦੁਸ਼ਮਣ ਹਨ ਬਚ ਕੇ ਰਹੋ...।'

ਸਵਾਮੀ ਨੇ ਉਸ ਦੇ ਡਰ ਦੀ ਪਰਤ ਹੋਰ ਗਾੜ੍ਹੀ ਕਰ ਦਿੱਤੀ।

'ਪਰ ਫਿਰ ਮੇਰੀ ਜਾਗ ਖੁੱਲ੍ਹ ਗਈ। ਦਫ਼ਤਰ ਜਾਣ ਤੱਕ ਮੈਂ ਆਪਣੇ ਆਪ ਵਿਚ ਡਰਦਾ ਰਿਹਾ। ਸੁਪਨੇ ਦੀ ਭਿਆਨਕਤਾ ਮੇਰੀ ਮਾਨਸਿਕਤਾ ਨੂੰ ਡੰਗਣ ਲੱਗੀ,

'ਗੁੱਡ ਮਾਰਨਿੰਗ ਸਰ...।'

ਇਕ ਮਦੀਨ ਨਾਜ਼ਕ ਜਿਹੀ ਆਵਾਜ਼ ਨੇ ਮੈਨੂੰ ਮੇਰੇ ਅਰਧ ਜਾਗਦੇ ਸੋਚਾਂ ਵਿਚ ਡੁੱਬੇ ਮਨ ਨੂੰ ਜਗਾਇਆ...।

'ਗੁਡ ਮਾਰਨਿੰਗ..।' ਮੈਂ ਅੱਬੜਵਾਹਾ ਜਿਹਾ ਹੋ ਗਿਆ।

'ਆਓ ਬੈਠੋ...।' ਪਤਲੀ ਜਿਹੀ ਛੀਂਟਕੀ ਜਿਹੀ ਸ਼ਾਲੀਨੀ ਹਰੇ ਸੂਟ ਵਿਚ ਫੱਬੀ ਮੁਸਕਰਾਹਟ ਵੰਡਦੀ ਮੇਰੇ ਸਾਹਮਣੇ ਬੈਠ ਗਈ।

'ਇਹੀ ਹੈ...ਹਾਂ ਇਹੀ ਹੈ, ਇਹ ਸਪਣੀ ਰਾਤ ਵਾਲੀ!'

ਮੇਰੇ ਮਨ ਨੇ ਇਕਦਮ ਤਾੜ੍ਹ ਲਿਆ। ਉਸ ਤੋਂ ਮੈਨੂੰ ਬਹੁਤ ਡਰ ਲੱਗਾ। ਉਸ ਬਾਰੇ ਪਿਛਲੇ ਸਮੇਂ ਦੀਆਂ ਲੋਕਾਂ ਤੋਂ ਸੁਣੀਆਂ ਕਹਾਣੀਆਂ ਤੋਂ ਮੈਂ ਪਹਿਲਾਂ ਹੀ ਡਰਦਾ ਸਾਂ, ਪਰ ਅੱਜ! ਹਾਂ! ਅੱਜ ਇਹ ਉਹੀ ਸੀ ਬਿਲਕੁਲ ਉਹੀ।' ਕਹਿਦੇ ਕਹਿੰਦੇ ਸੁਣਾਉਂਦੇ ਸੁਣਾਉਂਦੇ ਕਾਲੀਆ ਸਾਹਬ ਦਾ ਸਾਹ ਫੁੱਲਣ ਲੱਗਾ, ਮੱਥੇ 'ਤੇ ਪਸੀਨੇ ਦੀਆਂ ਬੂੰਦਾ ਲਟਕ ਪਈਆਂ।

'ਨਹੀਂ ਸਰ! ਨਹੀਂ, ਉਹ ਤਾਂ ਬਹੁਤ ਸ਼ਰੀਫ ਲੜਕੀ ਹੈ।' ਟਨੀ ਨਾਥ ਨੇ ਉਸ ਦੀ ਤਾਰੀਫ਼ ਕਰ ਦਿੱਤੀ।

'ਤੇ ਫਿਰ ਇਹ ਗੱਲ ਸੁਣ ਲੈ, ਮੈਂ ਉਸ ਨੂੰ ਫਿਰ ਕਦੇ ਆਪਣੇ ਕਮਰੇ ਵਿਚ ਨਹੀਂ ਵੜਨ ਦਿੱਤਾ, ਨਾ ਹੀ ਕਦੇ ਬੁਲਾਇਆ। ਸਪਣੀ ਤਾਂ ਸਪਣੀ ਹੀ ਹੈ।...ਹਾਂ ਤੇ ਫਿਰ ਥੋੜੀ ਦੇਰ ਪਹਿਲੇ ਮੈਂ ਆਪਣੇ ਮਕਾਨ ਦੇ ਬਾਹਰ ਗਲੀ ਵਿਚ ਦੇਖਿਆ ਇਕ ਛੋਟੀ ਜਿਹੀ ਸੱਪ ਜਾਂ ਸਪਣੀ ਹਰੇ ਰੰਗ ਦੀ, ਬਿਲਕੁਲ ਹਰੇ ਰੰਗ ਦੀ, ਜਿਸ ਨੂੰ ਨਾਲੀ ਵਿਚ ਬੱਚੇ ਭਜਾਈ ਫਿਰਦੇ ਸਨ ਮੈਨੂੰ ਉਸ 'ਤੇ ਤਰਸ ਆ ਗਿਆ, .ਮੈਂ ਬੱਚਿਆ ਨੂੰ ਝਿੜਕ ਦਿੱਤਾ। ਉਹ ਫਿਰ ਨਾਲੀ ਨਾਲੀ ਤੈਰ ਕੇ ਮੇਰੇ ਬਰਾਬਰ ਆ ਗਈ। ਉਸ ਨੇ ਸਿਰ ਉੱਚਾ ਚੁੱਕ ਕੇ ਜਿਵੇਂ ਮੈਨੂੰ ਕੁਝ ਕਹਿਣਾ ਚਾਹਿਆ ਤੇ ਫਿਰ ਥੋੜਾ ਜਿਹਾ ਸਿਰ ਬਾਹਰ ਕੱਢ ਕੇ ਸੁਸਤਾਉਣ ਲੱਗੀ। ਮਾਸੂਮ ਜਿਹੀਆਂ ਉਸ ਦੀਆਂ ਨਜ਼ਰਾਂ ਮੇਰੀਆਂ ਨਜ਼ਰਾਂ ਨਾਲ ਟਕਰਾਈਆਂ। ਉਸਨੇ ਮੇਰੇ ਵੱਲ ਵੇਖ ਕੇ ਮਾਸੂਮ ਜਿਹੀਆਂ ਅੱਖਾਂ ਝਪਕੀਆਂ।

'ਇਹ ਉਹੀ ਹੈ! ਪਛਾਣ ਰਹੀ ਹੈ ਮੈਨੂੰ। ਇਹ ਉਹੀ ਹੈ...ਮਾਰੋ ਇਸਨੂੰ।'

ਮੈਂ ਚਿਲਾਇਆ...।

'ਪਹਿਲਾਂ ਸੁਪਨੇ ਵਿਚ ਮਿਲੀ ਸੀ, ਹੁਣ ਸੱਚੀ ਮੁੱਚੀ ਮੇਰਾ ਪਿੱਛਾ ਕਰਨ ਲੱਗੀ ਹੈ।'

'ਨਹੀਂ ਨਹੀਂ....ਨਾ ਮਾਰੋ ਇਹ ਆਪਣੇ ਆਪ ਚਲੀ ਜਾਏਗੀ...ਜਾਓ ਬਾਬਾ ਜੀ...ਜਾਓ...ਅਸੀ ਤੁਹਾਨੂੰ ਕੁਝ ਨਹੀਂ ਕਹਿੰਦੇ, ਤੁਸੀਂ ਸਾਨੂੰ ਕੁਝ ਨਾ ਕਹੋ।'

ਮੇਰੇ ਗਵਾਂਢੀ ਪੰਡਤ ਪ੍ਰੇਮੀ ਨਾਥ ਇਹ ਕਹਿਕੇ ਸਾਈਕਲ 'ਤੇ ਸਵਾਰ ਹੋ ਕੇ ਚਲਦੇ ਬਣੇ। ਤਮਾਸ਼ਬੀਨਾਂ ਦੀ ਭੀੜ ਵਿਚੋਂ ਸਾਰੇ ਹੀ ਡਰ ਰਹੇ ਸਨ। ਮੈਂ ਵੀ ਡਹਿਲ ਗਿਆ ਸਾਂ।

'ਸੱਪ ਤਾਂ ਸੱਪ ਹੀ ਹੈ...ਦੁੱਧ ਪਿਲਾਓ ਤਾਂ ਵੀ ਡੰਗ ਮਾਰੇਗਾ। ਸੱਪ ਦੇ ਬੱਚੇ ਕਿਸੇ ਦੇ ਮਿੱਤ ਨਹੀਂ ਹੁੰਦੇ।' ਮਾਰੋ ਇਸਨੂੰ...।'

ਭੀੜ ਵਿਚੋਂ ਹੱਲਾਸ਼ੇਰੀ ਵਾਲੀ ਆਵਾਜ਼ ਸੀ।

ਮੈਂ ਇਕ ਇੱਟ ਚੁੱਕੀ ਤੇ ਸੁਸਤਾ ਰਹੇ ਜੀਅ ਵੱਲ ਵਗਾਹ ਮਾਰੀ..। ਉਹ ਇਕ ਪਲ ਸਟਪਟਾਇਆ ਤੇ ਫਿਰ ਪੁੱਠਾ ਹੋ ਕੇ ਪਾਣੀ ਵਿਚ ਤੈਰਦਾ ਵਹਿਣੀ ਦੇ ਵਹਾ ਵਿਚ ਵਹਿ ਗਿਆ। ਹਾਂ ਇਹੀ ਸੀ ਬਿਲਕੁਲ ਉਹੀ, ਜੋ ਮੈਨੂੰ ਸੁਪਨੇ ਵਿੱਚ ਮਿਲੀ ਸੀ ਤੇ ਜਿਸ ਕਰਕੇ ਮੈਂ ਇਕ ਸ਼ਰੀਫ ਲੜਕੀ ਨਾਲ ਉਸ ਦਾ ਹੁਲੀਆ ਮਿਲਾ ਕੇ ਕੀ ਕੂੜ ਤੁਫਾਨ ਆਪਣੇ ਮਨ ਵਿਚ ਉਸ ਕੁੜੀ ਬਾਰੇ ਬਣਾ ਰੱਖੇ ਸਨ।'

ਕਹਿੰਦੇ ਕਹਿੰਦੇ ਕਾਲੀਆ ਸਾਹਬ ਨੇ ਇਕ ਠੰਡਾ ਹਉਕਾ ਲਿਆ, ਜਿਵੇਂ ਉਸ ਦੇ ਸਿਰ ਤੋਂ ਮਣਾ ਮੂੰਹੀ ਭਾਰ ਲੱਥ ਗਿਆ ਹੋਵੇ।

'ਤੁਹਾਡੇ ਚਾਰ ਚੁਫੇਰੇ ਦੁਸ਼ਮਣ ਹਨ...ਤੁਹਾਡੇ ਚਾਰ ਚੁਫੇਰੇ ਸੱਪ ਹਨ...।' ਉਹ ਟਨੀ ਨਾਥ ਵੱਲ ਤੱਕਦਾ ਰਿਹਾ, ਜਿਵੇਂ ਸ਼ਕਲ ਮਿਲਾ ਰਿਹਾ ਹੋਵੇ।

'ਇਥੇ ਸਭ ਆਵਾ ਹੀ ਊਤਿਆ ਪਿਆ ਹੈ। ਤੁਹਾਨੂੰ ਸਖ਼ਤੀ ਕਰਨੀ ਪੈਣੀ ਹੈ। ਇਥੇ ਲੋਲੋ ਪੋਪੋ ਨਾਲ ਗੱਲ ਨਹੀਂ ਬਣਨੀ। ਇਹਨਾਂ ਲੋਕਾਂ ਨੇ ਤੁਹਾਡੀ ਉਦਾਰਚਿਤ ਨੀਤੀ ਦਾ ਸ਼ੋਸ਼ਣ ਕਰਨਾ ਹੈ। ਇਹ ਤੁਹਾਡੀਆਂ ਸਮਾਜਵਾਦੀ ਸੋਚਾਂ ਦਾ ਮੂੰਹ ਚਿੜ੍ਹਾਉਣਗੇ। ਇਹ ਸੱਪਾਂ ਦੀ ਨਸਲ ਤੁਹਾਡੇ ਮਿੱਤ ਨਹੀਂ ਆਉਣੀ।' ਪੰਨੇ ਦੇ ਸ਼ਬਦ ਉਸ ਦੇ ਮਨ ਵਿਚ ਬਾਰ ਬਾਰ ਘੁੰਮਣ ਘੇਰੀ ਮਚਾਉਂਦੇ ਰਹੇ।

'ਸੱਚ ਸੌਰੀ ਸਰ! ਆਪ ਨੇ ਮੁਝੇ ਸੁਪਨੇ ਮੇਂ ਹੀ ਉਲਝਾ ਲੀਆ। ਮੈਂ ਪੁੱਛਣਾ ਭੁੱਲ ਗਿਆ, ਰਾਤ ਕੈਸੇ ਬੀਤੀ? ਕੁਝ ਤਕਲੀਫ਼ ਤੋ ਨਹੀ ਹੂਈ? ਵੈਸੇ ਹਮ ਚੌਕੀਦਾਰ ਕੋ ਸਭ ਬਤਾ ਗਏ ਸੀ, ਸਮਝਾ ਗਏ ਸੀ...।'

'ਬਈ ਰਾਤ ਕੈਸੇ ਬੀਤੀ! ਮੁਝੇ ਜ਼ਰਾ ਜਿੰਨਾ ਭੀ ਪਤਾ ਨਹੀ, ਖਾਣਾ ਕੱਬ ਖਾਇਆ, ਖਾਇਆ ਕਿ ਨਹੀਂ, ਮੁਝੇ ਕੁੱਝ ਭੀ ਯਾਦ ਨਹੀ। ਪਤਾ ਨਹੀਂ ਆਪ ਕੀ ਵਿਸਕੀ ਨੇ ਕਿਆ ਜਾਦੂ ਕਰ ਦੀਆ, ਕਿਤਨਾ ਮੱਧਮ-ਮੱਧਮ ਨਸ਼ਾ ਥਾ ਪਿਆਰਾ ਪਿਆਰਾ! ਹੁਸੀਨ ਹੁਸੀਨ। ਸੁਭਹ ਥੋੜ੍ਹੀ ਸੀ ਸਿਰ ਦਰਦ ਹੂਈ, ਵਹ ਭੀ ਆਪ ਕੀ ਡੋਜ਼ ਨੇ ਠੀਕ ਕਰਦੀ!' ਕਾਲੀਏ

ਨੇ ਇਕ ਹੱਥ ਗੋਗੜ ’ਤੇ ਫੇਰਿਆ ਤੇ ਦੂਸਰਾ ਸਿਰ ’ਤੇ, ਜਿਵੇਂ ਕਹਿ ਰਿਹਾ ਹੋਵੇ, ਸਭ ਠੀਕ ਰਿਹਾ, ਸਭ ਅੱਛਾ ਹੀ ਤੋ ਹੈ।

ਚੌਕੀਦਾਰ ਬਾਹਰੋਂ ਅਖ਼ਬਾਰ ਲਿਆ ਕੇ ਮੇਜ਼ ’ਤੇ ਰੱਖ ਗਿਆ। ਕਾਲੀਆ ਸਾਹਬ ਨੇ ਕੰਘੀ ਪੱਟੀ ਸ਼ੇਵ ਦਾ ਸਾਮਾਨ ਕੱਢ ਲਿਆ। ਸਵਾਮੀ ਅਖ਼ਬਾਰ ਫੜ ਕੇ ਪੰਨੇ ਪਲਟਣ ਲੱਗਾ। ਉਸ ਦੇ ਦੰਦ ਜੁੜ ਗਏ, ਉਸ ਨੇ ਜ਼ੋਰ ਦੀ ਕਚੀਚੀ ਵੱਟੀ। ਪਹਿਲੇ ਸਫ਼ੇ ’ਤੇ ਪੰਨਾ ਸਿੰਘ ਦੀ ਫੋਟੋ ਸੀ।

‘ਸਨਮਾਨਤ ਸੂਰਬੀਰ, ਜਿਸ ਨੂੰ ਪਿਛਲੇ ਦਿਨੀਂ ਅਗਵਾਕਾਰਾਂ ਕੋਲੋਂ ਛੋਟੇ ਬੱਚੇ ਛੁਡਾਉਣ ਖਾਤਰ ਨਕਦ ਇਨਾਮ ਤੇ ਸਨਮਾਨ ਪੱਤਰ ਐਤਵਾਰ ਨੂੰ ਦਿਤਾ ਜਾਏਗਾ। ਡੀ. ਸੀ. ਵੱਲੋਂ ਉਸ ਨੂੰ ਮਹਿਕਮੇ ਵਿਚ ਵੀ ਪਦ-ਉਨਤ ਕਰਨ ਦੀ ਸਿਫਾਰਸ਼।’

ਸਵਾਮੀ ਦੀ ਆਤਮਾ ਅੱਡੀਆਂ ਤੱਕ ਭੜਥਾ ਹੋ ਗਈ।

‘ਹੁਣ ਕੀ ਹੋਵੇਗਾ...? ਅਸੀਂ ਜਿੰਨਾ ਉਸਨੂੰ ਢੱਠੇ ਖੂਹ ਵਿਚ ਸੁੱਟਣ ਲਈ ਤਰਲੋ ਮੱਛੀ ਹੋ ਰਹੇ ਹਾਂ, ਉਸ ਦੀ ਕਿਸਮਤ ਉਤਨੀ ਹੀ ਹੋਰ ਦੀ ਹੋਰ ਪ੍ਰਚੰਡ ਹੋ ਰਹੀ ਹੈ।’ ਉਸ ਨੇ ਇਕ ਬੜਾ ਸੇਕ ਭਰਿਆ ਹਉਕਾ ਲਿਆ।

‘ਕਿਆ ਹੈ ਭਾਈ! ਕਿਆ ਖ਼ਬਰ ਹੈ?’

‘ਲੋ ਸਰ.. ਆਪ ਕਾ ਪੰਨਾ।’

ਉਸ ਨੇ ਅਣਸਰਦੇ ਜਿਹੇ, ਅਖ਼ਬਾਰ ਉਧਰ ਸਰਕਾਈ। ਕਾਲੀਆ ਸਾਹਬ ਪੜ੍ਹਦੇ-ਪੜ੍ਹਦੇ ਖੁਸ਼ ਹੋਈ ਜਾ ਰਹੇ ਸਨ। ਉਹ ਬਹੁਤ ਖ਼ੁਸ਼ ਹੋਏ।

‘ਮੁਬਾਰਕ ਹੋਵੇ .. ਆਪ ਕੋ... ਆਪ ਕੇ ਏਕ ਸਾਥੀ ਕੋ ਇਤਨਾ ਬੜਾ ਸਨਮਾਨ ਮਿਲ ਰਿਹਾ ਹੈ, ਉਸ ਕੋ ਤਰੱਕੀ ਮਿਲ ਰਹੀ ਹੈ।’

‘ਯਹ ਤੋ ਸਭ ਗ਼ਲਤ ਹੈ ਜਨਾਬ! ਅਸਲ ਮੇਂ ਯਹ ਤੋ ਸਾਰਾ ਉਸ ਕਾ ਅਪਣਾ ਹੀ ਆਡੰਬਰ ਥਾ, ਬੱਚੋਂ ਕੋ ਉਠਾਣੇ ਵਾਲੇ ਭੀ ਉਸ ਕੇ ਸਾਥੀ ਹੀ ਥੇ, ਔਰ ਛੁੜਾਣੇ ਵਾਲਾ ਭੀ ਉਹ ਆਪ ਹੀ ਥਾ।’ ਸਵਾਮੀ ਨੇ ਕਾਲੀਆ ਦੀ ਸੋਚ ਨੂੰ ਦੂਜੇ ਪਾਸੇ ਮੋੜਨ ਦੀ ਹੋਰ ਕੋਝੀ ਚਾਲ ਚੱਲੀ।

ਸਵਾਮੀ ਨੇ ਟਿਫਨ ਦੇ ਚਾਰੇ ਡੱਬੇ ਖੋਲ੍ਹ ਕੇ ਮੇਜ਼ ’ਤੇ ਰੱਖ ਦਿਤੇ।

‘ਚੌਕੀਦਾਰ! ਪਲੇਟਾਂ! ਚਾਰ! ਜਲਦੀ...।’

ਉਸ ਨੇ ਚੌਕੀਦਾਰ ਨੂੰ ਆਵਾਜ਼ ਲਗਾਈ।

ਦੇਸੀ ਘਿਉ ਦੀਆਂ ਹਥੇਲੀ ਵਰਗੀਆਂ ਛੋਟੀਆਂ-ਛੋਟੀਆਂ ਖੁਸ਼ਬੂ ਛੱਡਦੀਆਂ ਪ੍ਰਾਉਂਠੀਆਂ ਇਕ ਡੱਬੀ ਵਿਚ, ਦਹੀਂ ਰਾਇਤਾ ਦੂਜੀ ਡੱਬੀ ਵਿਚ, ਸੁੱਕੇ ਟੀਂਡੇ, ਕਰੇਲੇ,

ਤੀਸਰੀ ਡੱਬੀ ਵਿਚ ਤੇ ਆਚਾਰ ਪਿਆਜ਼, ਚੌਥੀ ਡੱਬੀ ਵਿੱਚੋਂ ਕੱਢ ਕੇ ਪਲੇਟ ਵਿਚ ਪਰੋਸ ਦਿਤੇ।

ਕਾਲੀਆ ਸਾਹਬ ਦੇ ਮੂੰਹ ਪਹਿਲਾਂ ਹੀ ਪਾਣੀ ਆ ਰਿਹਾ ਸੀ।

'ਲੋ ਆਪ ਭੀ ਖਾਉ।'

ਇਕ ਪ੍ਰਾਉਂਠੀ ਚੁੱਕਦੇ ਉਸ ਨੇ ਸੁਆਮੀ ਨੂੰ ਸੁਲਹ ਮਾਰੀ। ਤੇ ਆਪ ਚਟਕਾਰੇ ਮਾਰਨ ਲੱਗਾ।

'ਨਹੀ ਸਰ! ਇਹ ਤੁਹਾਡੇ ਲਈ ਹੀ ਹਨ।'

ਸਵਾਮੀ ਨੇ ਅੱਧੇ ਜਿਹੇ ਮਨ ਨਾਲ ਜੁਆਬ ਦਿਤਾ। ਉਸ ਨੇ ਸੋਚਿਆ ਸੀ, ਪ੍ਰਾਉਂਠੀ ਦੀ ਗਰਾਹੀ ਖਾਂਦੇ ਸਮੇਂ ਪੰਨੇ ਦੀ ਫਿਰ ਗੱਲ ਛੇੜੀ ਜਾਏਗੀ, ਪਰ ਹੁਣ ਉਸ ਕੋਲ ਕਹਿਣ ਲਈ ਕੁਝ ਵੀ ਬਾਕੀ ਨਹੀਂ ਸੀ ਬਚਿਆ। ਕਾਲੀਏ ਨੂੰ ਚਟਕਾਰੇ ਮਾਰਦੇ ਰਾਮ ਲਾਲ ਦੀ ਕਹੀ ਪੁਰਾਣੀ ਗੱਲ ਯਾਦ ਆਈ।

'ਇਹ ਦੋਵੇਂ ਭਰਾ ਪ੍ਰਾਉਂਠੇ ਖੁਆ ਕੇ ਫਿਰ ਗਲ 'ਚ ਰੱਸੀ ਪਾਉਂਦੇ ਹਨ... ਜਾਇਜ਼ ਨਾਜ਼ਾਇਜ ਕੰਮ ਕਰਾਉਂਦੇ ਹਨ। ਜੱਟ ਪਿਆਈ ਲੱਸੀ, ਗਲ 'ਚ ਪਾਈ ਰੱਸੀ।'

ਯਾਦ ਆਉਂਦੇ-ਆਉਂਦੇ ਬੁਰਕੀ ਉਸ ਦੇ ਮੂੰਹ ਵਿੱਚ ਫੁੱਲ ਗਈ। ਉਸ ਨੂੰ ਹਿੱਚਕੀ ਆਉਣ ਲੱਗੀ। ਬੁਰਕੀ ਹੱਥ ਚ ਰੋਕ ਕੇ ਉਸ ਨੇ ਜਲਦੀ-ਜਲਦੀ ਪਾਣੀ ਦਾ ਘੁੱਟ ਭਰ ਕੇ ਆਪਣਾ ਸਾਹ ਸਾਵਾਂ ਕੀਤਾ।

ਚਾਹ ਦਾ ਕੱਪ ਖਾਲੀ ਕਰਕੇ ਟਨੀ ਨਾਥ ਨੇ ਘੜੀ ਵੱਲ ਨਜ਼ਰ ਮਾਰੀ। ਟਿਫਨ ਵਾਲੇ ਖਾਲੀ ਭਾਂਡੇ ਸਮੇਟੇ ਤੇ ਡੋਲੂ ਨੂੰ ਹੱਥ ਪਾਇਆ।

'ਚੰਗਾ ਜੀ... ਮੈਨੂੰ ਆਗਿਆ..? ਮੈਂ ਵੀ ਨਹਾਣਾ ਹੈ ਜਾ ਕੇ... ਤਿਆਰ ਹੋਣਾ...।'

'ਠੀਕ ਐ... ਧੰਨਵਾਦ...।' ਕਾਲੀਏ ਨੇ ਹੱਥ ਉੱਪਰ ਉਠਾਂਦੇ ਹਾਂ ਭਰੀ।

'ਅੱਜ ਦਾ ਕੋਈ ਪ੍ਰੋਗਰਾਮ ਸਰ! ਮੇਰੇ ਲਾਇਕ ਕੋਈ ਸੇਵਾ...?'

ਸਵਾਮੀ ਕਿਆਸਦਾ ਸੀ ਪਈ ਸਾਹਬ ਕਹੇਗਾ....,

'ਜਲਦੀ ਦਫ਼ਤਰ ਆ ਜਾਓ, ਫਿਰ ਫਲਾਣੇ-ਫਲਾਣੇ ਕੰਮ ਕਰਨੇ।'

ਪਰ ਇਹ ਉਸ ਦੀ ਖੁਸ਼ਫਹਿਮੀ ਹੀ ਰਹੀ, ਸਾਹਬ ਨੇ ਉਸ ਦੀ ਅਜਿਹੀ ਕੋਈ ਹੋਂਦ ਦੀ ਲੋੜ ਨਾ ਸਮਝੀ ਕਿਉਂਕਿ ਹਰ ਕੰਮ ਉਸ ਤੋਂ ਬਿਨਾਂ ਹੀ ਸਰ ਸਕਦਾ ਸੀ। ਲੋਕਾਂ ਲਈ ਰਿਸਕਫਾਹੀਆਂ ਤੇ ਜਾਲ ਵਿਛਾਉਣ ਵਾਲਾ ਸਵਾਮੀ ਅੱਜ ਆਪਣੇ ਆਪ ਨੂੰ ਕੱਖਾਂ ਤੋਂ ਹੌਲਾ-ਹੌਲਾ ਮਹਿਸੂਸ ਕਰਨ ਲੱਗਾ। ਉਸ ਨੂੰ ਜਾਪਿਆ ਜਿਵੇਂ ਉਹ ਹੀ ਇਸ ਦੁਨੀਆਂ ਦਾ ਸਭ ਤੋਂ ਵੱਧ ਨੀਚ ਨਿਕੰਮਾ ਤੇ ਅਣਚਾਹਿਆ ਵਿਅਕਤੀ ਹੋਵੇ। ਇਕ ਖੌਫ਼ਨਾਕ ਦਹਿਸ਼ਤ

ਤੇ ਵਹਿਸ਼ੀ ਸੋਚ ਨੇ ਉਸ ਦੇ ਪੈਰ ਪੱਥਰਾਂ ਵਾਂਗ ਬੋਝਲ ਕਰ ਦਿਤੇ। ਨਮਾਜ਼ ਬਖਸ਼ਾਉਣ ਗਿਆ ਸੀ, ਰੋਜ਼ੇ ਗਲ ਪੈ ਗਏ। ਏਨੀ ਚਾਪਲੂਸੀ, ਸੇਵਾ ਭਾਵ ਤੇ ਈਮਾਨਦਾਰੀ ਦੀ ਭਾਵਨਾ ਸਮਝਦੇ ਹੋਏ ਵੀ ਕਾਲੀਆ ਸਾਹਿਬ ਪੰਨਾ ਸਿੰਘ ਦੇ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਨਜ਼ਰ-ਸਾਨੀ ਕਰਨ ਨੂੰ ਤਿਆਰ ਨਾ ਹੋਏ। ਸਗੋਂ ਉਹਨਾਂ ਦੇ ਦਿਲ ਵਿਚ ਉਸ ਬਾਰੇ ਹਮਦਰਦੀ ਤੇ ਸਤਿਕਾਰ ਵਧਦਾ ਹੀ ਗਿਆ।

ਟਨੀ ਨਾਥ ਤੋਂ ਨਜ਼ਾਤ ਪਾ ਕੇ ਉਸ ਨੂੰ ਤੋਰ ਕੇ, ਕਾਲੀਏ ਸਾਹਬ ਨੇ ਸੁਰਖ਼ਰੂ ਜਿਹਾ ਮਹਿਸੂਸ ਕੀਤਾ।

'ਇਹ ਪ੍ਰਾਉਂਠੇ ਖੁਆ ਕੇ ਫਿਰ ਗਲ ਚ ਰੱਸੀ ਪਾਉਂਦੇ ਹਨ ਤੇ ਬਾਂਦਰ ਵਾਂਗ ਟਪਾਉਂਦੇ ਹਨ।'

ਲਾਲ ਸਾਹਿਬ ਦੀ ਸੁਭਾਵਿਕ ਚਿਤਾਵਨੀ ਕਾਲੀਏ ਸਾਹਿਬ ਨੂੰ ਇਕੇਰਾਂ ਫਿਰ ਮਰੁੰਡ ਗਈ। ਉਸ ਦਾ ਜੀਅ ਕੀਤਾ, ਮੂੰਹ 'ਚ ਉਂਗਲਾਂ ਪਾ ਕੇ ਸਭ ਕੁਝ ਉਗਲੱਛ ਦੇਵੇ। ਤੇਲ ਤੇ ਸਿੱਕਿਆਂ ਦੀ ਕਹਾਣੀ ਵੀ ਭਾਵੇਂ ਕੋਈ ਜਾਦੂਮਈ ਕ੍ਰਿਸ਼ਮਾਂ ਹੀ ਹੋਵੇ। ਕੀ ਲੈਣਾ ਇਹੋਂ ਜਿਹੇ ਸੁਆਰਥੀ ਲੋਕਾਂ ਦਾ, ਇਹ ਆਪਣੇ ਸੁਆਰਥ ਦੀ ਪੂਰਤੀ ਦੀ ਖਾਤਰ ਅਖੀਰਲੀ ਹੱਦ ਤੱਕ ਵੀ ਜਾ ਸਕਦੇ ਨੇ। ਜਾਦੂ ਟੂਣੇ ਵੀ ਕਰ ਸਕਦੇ ਨੇ। ਵਸੀਕਰਨ ਯੰਤਰ ਵੀ ਖੁਆ ਸਕਦੇ ਨੇ। ਉਸ ਨੂੰ ਆਪਣੇ ਮਹਿਕਮੇ ਦੀ ਉਹ ਸ਼ਾਖ ਠੀਕ ਕਿਸੇ ਚਿੱਕੜ ਟੋਭੇ ਵਾਲੀ ਗਲੀ ਜਾਪੀ, ਜਿਥੋਂ ਬੜਾ ਸੋਚ-ਸੋਚ ਕੇ ਲੰਘਣਾ ਪੈਂਦਾ ਹੈ ਤਾਂ ਜੋ ਅਪਣੇ ਆਪ ਨੂੰ ਛਿੱਟਿਆਂ ਤੇ ਧੱਬਿਆਂ ਤੋਂ ਬਚਾ ਕੇ ਵਾਪਸ ਲੈ ਜਾਏ।

ਤੈਸ਼ ਦੀ ਪਹਿਲੀ ਲਹਿਰ ਅਜੇ ਜਿਉਂ ਦੀ ਤਿਉਂ ਕਾਇਮ ਸੀ ਜਦ ਕਿ ਇਕ ਹੋਰ ਦੂਸਰੀ ਜੁਆਰਭਾਟੇ ਦੀ ਛੱਲ ਵਾਂਗ ਹੋਰ ਉਚੇਰੀ ਉਭਰ ਕੇ ਆਉਂਦੀ ਕਾਂਗਾਂ ਛੱਡਦੀ ਛੂੰ-ਛੂੰ ਕਰਦੀ ਕਾਲੀਆ ਸਾਹਬ ਨੂੰ ਸੁੰਨ ਕਰ ਗਈ। ਸ਼ਾਮੂ ਦੂਲੋ ਤੇ ਇਕ ਹੋਰ ਨਵਾਂ ਅਣਪਛਾਤਾ ਆਦਮੀ ਸ਼ਾਹ ਦੀ ਉਂਗਲ ਫੜੀ ਬੜੀ ਨਿੱਡਰਤਾ ਤੇ ਦ੍ਰਿੜ੍ਹਤਾ ਨਾਲ ਬਾਹਰਲਾ ਗੇਟ ਟੱਪ ਕੇ ਅੰਦਰ ਆ ਵੜੇ ਸਨ। ਉਹਨਾਂ ਦੀਆਂ ਨਜ਼ਰਾਂ ਬੂਲ੍ਹੀ ਕੁਤਿਆਂ ਵਾਂਗ ਆਸੇ-ਪਾਸੇ ਘੁੰਮੀਆ, ਮਾਨੋ ਕਾਲੀਆ ਸਾਹਬ ਦੀ ਹੋਂਦ ਬਾਰੇ ਸੁੰਘ ਕੇ ਪਤਾ ਲਗਾ ਰਹੇ ਹੋਣ ਕਿ ਉਹ ਕਿਧਰ ਹੈ ਤੇ ਫਿਰ ਅੰਦਰਲੇ ਬਰਾਂਡੇ ਦਾ ਦਰਵਾਜ਼ਾ ਲੰਘ ਕੇ ਕਮਰੇ ਵਿਚ ਦਾਖਲ ਹੋ ਗਏ।

'ਨਮਸਕਾਰ ਸਰ...।' ਤਿੰਨਾਂ ਨੇ ਇਕੇ ਵੇਰਾਂ ਸਿਰ ਨਿਵਾਂ ਕੇ, ਹੱਥ ਉਪਰ ਮੱਥੇ ਨੂੰ ਲਿਜਾਂਦੇ ਫਤਹਿ ਬੁਲਾਈ।

'ਨਮਸਕਾਰ... ਹਾਂ ਦੱਸੋ...।' ਕਾਲੀਏ ਨੇ ਮੱਥੇ 'ਤੇ ਕੁਝ ਘੂਰੀਆਂ ਵੱਟ ਕੇ ਖਰਵਾ ਜਿਹਾ ਜੁਆਬ ਦੇ ਕੇ ਉਹਨਾਂ ਦੇ ਪੈਰ ਉਖਾੜ ਦਿਤੇ।

'ਜੀ... ਜੀ... ਇਹ ਪੋਪ ਐਂਡ ਕੰਪਨੀ ਦੇ ਐਮ ਡੀ ਹਨ.....ਜਿਲੇ ਸਾਹਿਬ।' ਸ਼ਾਮੂ ਨੇ ਛਿੱਥੇ ਜਿਹੇ ਹੁੰਦੇ ਖੜੇ-ਖੜੇ ਸਾਹਬ ਨੂੰ ਨਰਮ ਕਰਨ ਦੀ ਕੋਸ਼ਿਸ਼ ਕੀਤੀ।

'ਹਾਂ... ਹੁਕਮ ਕਰੋ ... ਦੱਸੋ।' ਸਾਹਬ ਨੇ ਬੇਧਿਆਨੇ ਜਿਹੇ ਪੁੱਛਿਆ।

'ਜੀ ਇਹ ਤੁਹਾਨੂੰ ਮਿਲਣਾ ਚਾਹੁੰਦੇ ਨੇ।'

'ਹਾਂ! ਜ਼ਰੂਰ ਮਿਲੋ... ਦਫ਼ਤਰ ਚਲੋ... ਉਧਰ ਬੈਠੇਂਗੇ।'

ਕਾਲੀਏ ਨੇ ਖੜੇ-ਖੜੇ ਉਹਨਾਂ ਦੀ ਛੁੱਟੀ ਕਰ ਦਿਤੀ। ਉਹਨਾਂ ਵੱਲੋਂ ਅਜਿਹੀ ਬੇਗਾਨਗੀ ਦੀ ਕਿਸੇ ਨੂੰ ਵੀ ਤਵੱਕੋ ਨਹੀ ਸੀ। ਖਾਸ ਕਰਕੇ ਸ਼ਾਮੂ ਨੂੰ ਤਾਂ ਸਾਹਿਬ ਦੇ ਉਹ ਸ਼ਬਦ ਬਰਛੀ ਵਾਂਗ ਧੁਰ ਅੰਦਰ ਤੱਕ ਛਲਣੀ-ਛਲਣੀ ਕਰ ਗਏ।

'ਅੱਛਾ ਸਰ।' ਸ਼ਾਮੂ ਨੇ ਨਿਰਾਸ਼ਾ ਭਰਿਆ ਵੱਡਾ ਸਾਰਾ ਹਉਕਾ ਲਿਆ। ਤਿੰਨੇ ਭੱਜੀ ਤੌੜੀ ਵਰਗਾ ਮੂੰਹ ਲਟਕਾ ਕੇ ਵਾਪਸ ਮੁੜੇ। ਕਾਲੀਏ ਨੇ ਸੁੱਖ ਦਾ ਸਾਹ ਲਿਆ। ਨਹੀਂ, ਸੁੱਖ ਦਾ ਤਾਂ ਨਹੀ! ਪਰ ਉਸ ਨੇ ਉਹਨਾਂ ਨੂੰ ਠੁਕਰਾ ਕੇ ਕੁਝ ਰਾਹਤ ਮਹਿਸੂਸ ਕੀਤੀ... ਪੀੜ ਭਰੀ ਰਾਹਤ। ਅਜਿਹਾ ਤੋੜਵਾਂ ਜੁਆਬ ਦੇਣਾ ਤਾਂ ਉਸਦੇ ਸੁਭਾਅ ਵਿਚ ਹੀ ਨਹੀਂ ਸੀ, ਪਰ ਫਿਰ ਵੀ ਉਸ ਨੇ ਅਜਿਹਾ ਕਰ ਮਾਰਿਆ।

ਥੋੜ੍ਹੀ ਦੂਰ ਜਾ ਕੇ ਸ਼ਾਮੂ ਫਿਰ ਮੁੜ ਆਇਆ।

'ਸਰ ਤੁਸੀਂ ਪਛਾਣਿਆ ਨਹੀਂ ਉਹਨੂੰ? ਉਹ ਤਾਂ ਤੁਹਾਡਾ ਪੁਰਾਣਾ ਆੜੀ ਹੈ ... ਹਮ ਪਿਆਲਾ।'

ਕਾਲੀਏ ਸਾਹਬ ਨੇ ਮੱਥਾ ਘੁੱਟ ਕੇ ਕੁਝ ਯਾਦ ਕਰਨ ਦੀ ਕੋਸ਼ਿਸ਼ ਕੀਤੀ।

'ਉਏ ... ਜੈਲਾ ਸੀ ਇਹ?'

'ਹਾਂ ਜੀ ਕਾਲੀਆ ਸਾਹਿਬ! ਬੜੀ ਮੋਟੀ ਸਾਮੀ ਹੈ ਇਹ ਅੱਜ ਕੱਲ੍ਹ!'

'ਲਿਆ... ਲਿਆ... ਲਿਆ ਯਾਰ ਫਿਰ ਮੋੜ ਲਿਆ ਇਸਨੂੰ।'

ਸ਼ਾਮੂ ਦੇ ਚਿਹਰੇ 'ਤੇ ਫਿਰ ਰੌਣਕ ਪਰਤ ਆਈ। ਉਸ ਨੂੰ ਜਾਪਿਆ ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨੀਂ ਵਿਗੜਿਆ। ਅਜੇ ਬਾਲ ਮੇਰੇ ਹੱਥ ਵਿਚ ਹੀ ਹੈ।

ਮੁੜਦੇ ਸਮੇਂ ਸ਼ਾਮੂ ਨਾਲ ਸਿਰਫ ਜੈਲਾ ਹੀ ਸੀ। ਦੂਲੋ ਨੇ ਤਾਂ ਇਤਨੀ ਕੁੱਤੇਖਾਣੀ ਕਰਾ ਕੇ ਪਿੱਛੇ ਮੁੜਨਾ ਮੁਨਾਸਬ ਨਾ ਸਮਝਿਆ ਜਾਂ ਸ਼ਾਇਦ ਸ਼ਾਮੂ ਨੇ ਹੀ ਉਸਨੂੰ ਟਪਲਾ ਮਾਰਿਆ ਹੋਊ।

'ਤੂੰ ਚੱਲ ਯਾਰ... ਸਾਹਬ ਬੜੇ ਨਾਰਾਜ਼ ਲਗਦੇ ਨੇ ਅੱਜ।'

'ਉਏ ਆ ਪਈ ਜਿਲੇ ਸਿੰਘ! ਤੂੰ ਤਾਂ ਬੜਾ ਮੋਟਾ ਤਾਜ਼ਾ ਹੋ ਗਿਆ, ਪੂਰੇ ਦਾ ਪੂਰਾ ਜ਼ੈਲਦਾਰ?' ਸਾਹਬ ਨੇ ਉਸ ਵੱਲ ਲੰਬਾ ਹੱਥ ਵਧਾਂਦੇ ਉਸ ਦੀ ਫੁੱਲੀ ਗੋਗੜ ਘੁੱਟ ਦਿੱਤੀ।

ਸਾਹਬ ਨੂੰ ਹੱਸਦੇ ਵੇਖ ਕੇ ਉਹਨਾਂ ਨੂੰ ਹੌਸਲਾ ਹੋਇਆ। ਸਾਰੇ ਖਿੜ-ਖਿੜਾ ਕੇ ਹੱਸੇ, ਭਾਵੇਂ ਇੰਨੀ ਜੋਰ ਦੀ ਹੱਸਣ ਦਾ ਕੋਈ ਕਾਰਨ ਨਹੀਂ ਸੀ।

'ਮੈਂ ਕਿਹਾ ਜਨਾਬ! ਮੈਥੋਂ ਕਿਹੜੀ ਭੁੱਲ ਹੋ ਗਈ? ਜਿਹੜੀ ਸਾਡੇ ਨਾਲ ਕਲਾਮ ਕਰਨ ਤੋਂ ਵੀ ਕਤਰਾਣ ਲੱਗੇ।' ਜੈਲੇ ਨੇ ਹਿਰਖ ਜਿਹਾ ਕੀਤਾ।

'ਨਹੀਂ! ਨਹੀਂ! ਸੌਰੀ! ਯਾਰ ! ਗਿਲਾ ਨਾ ਕਰੀਂ, ਮੈਂ ਪਛਾਣਿਆ ਹੀ ਨਹੀਂ ਤੈਨੂੰ।' ਜੈਲੇ ਨੂੰ ਫਿਰ ਉਸ ਨੇ ਆਪਣੇ ਨਾਲ ਘੁੱਟ ਲਿਆ।

'ਮੈਨੂੰ ਤਾਂ ਰਾਤ ਹੀ ਸ਼ਾਮੂ ਜੀ ਦਾ ਫੋਨ ਗਿਆ ਸੀ। ਮੈਨੂੰ ਬਹੁਤ ਖੁਸ਼ੀ ਹੋਈ। ਮੈਂ ਕਿਹਾ ਸ਼ੁਕਰ ਐ, ਸਾਡੇ ਆਪਣੇ ਅਫਸਰ ਆਏ ਨੇ... ਸਾਡੇ ਇਲਾਕੇ ਵਿਚ। ਕੋਈ ਮੁਨਾਫ਼ੇ ਦੀ ਗੱਲ ਕਰਾਂਗੇ, ਪੈਸਾ ਕਮਾਵਾਂਗੇ, ਆਪ ਖਾਵਾਂਗੇ ਨਾਲੇ ਤੁਹਾਨੂੰ ਖੁਆਵਾਂਗੇ।' ਤਿੰਨੇ ਹੱਸਣ ਲੱਗੇ।

'ਸਰ ਅਸੀਂ ਅੱਜ ਕੱਲ੍ਹ ਕੰਪਿਊਟਰ, ਫੈਕਸ, ਫੋਨ ਤੇ ਫੋਟੋ ਮਸ਼ੀਨਾਂ ਦੀ ਏਜੰਸੀ ਲੈ ਰੱਖੀ ਹੈ। ਸਾਰੇ ਪੰਜਾਬ ਵਿਚ ਅਸੀਂ ਸਪਲਾਈ ਕਰਦੇ ਹਾਂ। ਸੁੱਖ ਨਾਲ ਚੰਗਾ ਕਾਰੋਬਾਰ ਹੈ, ਚਾਰ ਚੁਫੇਰੇ ਬੱਲੇ-ਬੱਲੇ ਹੋ ਰਹੀ ਹੈ।' ਜੈਲੇ ਨੇ ਅਪਣੀ ਜੇਬ 'ਚੋਂ ਕਿੰਨੇ ਸਾਰੇ ਪਛਾਣ ਪੱਤਰ ਕੱਢ ਕੇ ਕਾਲੀਏ ਸਾਹਬ ਦੇ ਅੱਗੇ ਰੱਖ ਦਿਤੇ।

'ਬੜੀ ਚੰਗੀ ਗੱਲ ਐ ਪਈ ਸ਼ਾਮੂ ਜੀ! ਇਹ ਤਾਂ ਸਾਡੀਆਂ ਵੀ ਲੋੜਾਂ ਨੇ, ਅੱਜ ਕੱਲ੍ਹ ਦੀਆਂ, ਅਸੀਂ ਵੀ ਤਾਂ ਖਰੀਦਾਂਗੇ ਇਹ ਮਾਲ।' ਕਾਲੀਆ ਸਾਹਬ ਸ਼ਾਮੂ ਨੂੰ ਰੂਬਰੂ ਹੋਏ।

'ਹਾਂ ਜੀ ਜਨਾਬ! ਹੋਰ ਬਹੁਤ ਸਾਰੇ ਦਫ਼ਤਰਾਂ ਵਿਚ ਇਹ ਚੀਜ਼ਾਂ ਤਾਂ ਪਹਿਲਾਂ ਹੀ ਆ ਚੁੱਕੀਆਂ ਹਨ, ਅਸੀਂ ਹੀ ਪਿਛੇ ਹਾਂ। ਬਾਕੀ ਅੱਜ ਕੱਲ ਤਾਂ ਕੰਪਿਊਟਰ ਯੁਗ ਹੈ।'

'ਚਲੋ ਯਹ ਤੋ ਅੱਛਾ ਹੂਆ, ਆਪ ਨੇ ਯਾਦ ਕਰਾ ਦੀਆ। ਪਈ ਚਾਏ ਤੋ ਪਿਲਾਉ ਇਸ ਕੋ।' ਕਾਲੀਆ ਸਾਹਬ ਫਿਰ ਆਪਣੇ ਅਸਲੀ ਰੂਪ ਵਿਚ ਆ ਗਏ।

ਜੈਲਾ ਉਠ ਕੇ ਬਾਹਰ ਚਲਾ ਗਿਆ। ਮੁੜਦੇ ਸਮੇਂ ਉਸ ਦੇ ਕੋਲ ਇਕ ਅਟੈਚੀ ਸੀ ਵੱਡਾ ਸਾਰਾ। ਸਾਹਬ ਦੇ ਸਟੂਲ 'ਤੇ ਰੱਖ ਕੇ ਚਾਬੀ ਲਾ ਕੇ ਖੋਲ੍ਹਿਆ। ਅਟੈਚੀ ਭਰਿਆ ਪਿਆ ਸੀ, ਇਲੈਕਟਰੋਨਿਕ ਵਸਤਾਂ ਨਾਲ, ਘੜੀਆਂ ਕੈਲਕੂਲੇਟਰ ਤੋਂ ਲੈ ਕੇ ਮਿੰਨੀ ਕੰਪਿਊਟਰ ਤੱਕ, ਜਿਵੇਂ ਪੂਰਾ ਸ਼ੋ ਰੂਮ ਇਸ ਵਿਚ ਬੰਦ ਹੋਵੇ। ਕਾਲੀਏ ਨੂੰ ਫਿਰ ਯਾਦ ਆਇਆ ਰਾਤ ਵਾਲਾ ਅਟੈਚੀ।

ਉਸ ਨੇ ਕਰਮੰਡਲ ਵਾਲੇ ਬਾਬੇ ਨਾਲ ਜੈਲੇ ਦਾ ਮੁਹਾਂਦਰਾ ਮਿਲਾਉਣ ਦੀ ਕੋਸ਼ਿਸ਼ ਕੀਤੀ ... ਹਾਂ ਉਹੀ ਸੀ ... ਬਿਲਕੁਲ ਉਹੀ।

ਉਹੀ ਅਟੈਚੀ ਜੋ ਰਾਤ ਉਹ ਵੇਖ ਨਹੀਂ ਸੀ ਸਕਿਆ, ਉਸ ਦੇ ਸਾਹਮਣੇ ਖੁੱਲ੍ਹਾ ਪਿਆ ਸੀ, ਪੂਰੇ ਦੀ ਪੂਰੀ ਨੁਮਾਇਸ਼ ਲਗਾਈ। ਕਾਲੀਆ ਮਨ ਹੀ ਮਨ ਵਿਚ ਹੱਸਿਆ।

'ਲੋ ਜਨਾਬ! ਇਹ ਮੇਰੇ ਵੱਲੋਂ ਪਿਆਰ ਭਰਿਆ ਤੋਹਫਾ।'

ਜੈਲੇ ਨੇ ਇਕ ਕੈਲਕੂਲੈਟਰ, ਘੜੀ, ਇਕ ਪੈੱਨ ਤੇ ਇਕ ਮਿੱਨੀ ਕੰਪਿਊਟਰ ਸਾਹਬ ਵੱਲ ਵਧਾਏ। ਉਹਨਾਂ ਬੜੇ ਨਿੱਘੇ ਸ਼੍ਰਿਸ਼ਟਾਚਾਰ ਨਾਲ ਦੋਹਾਂ ਹੱਥਾਂ ਨਾਲ ਸਵੀਕਾਰ ਕੀਤੇ।

'ਸਰ ਯਹ ਕੈਲਕੂਲੇਟਰ ਹੀ ਨਹੀਂ ਇੱਕਲਾ, ਯਹ ਆਰਗੇਨਾਈਜ਼ਰ ਹੈ। ਇਸ ਵਿਚ ਪੂਰੇ ਕੰਪਿਊਟਰ ਵਾਂਗ, ਆਪ ਆਪਣੀਆਂ ਨਿੱਜੀ ਯਾਦਦਾਸ਼ਤ ਦੀਆਂ ਗੱਲਾਂ ਰੀਕਾਰਡ ਕਰ ਸਕਦੇ ਹੋ। ਇਹ ਇਕ ਕਿਸਮ ਦੀ ਡਾਇਰੀ ਹੈ।' ਜੈਲੇ ਨੇ ਕੈਲਕੂਲੇਟਰ ਵੱਲ ਖਾਸ ਤੌਰ 'ਤੇ ਜ਼ੋਰ ਦੇ ਕੇ ਕਿਹਾ।

'ਹਾਂ... ਹਾਂ ਮੁਝੇ ਪਤਾ ਹੈ ... ਆਈ ਨੋ ... ਦਿਸ।'

ਸ਼ਾਮੂ ਨੇ ਵੀ ਉਕੜ ਕੇ ਉਧਰ ਝਾਤ ਲਗਾਈ।

'ਅਰੇ ਸ਼ਾਮੂ ਜੀ! ਹਮੇਂ ਭੀ ਤੋ ਯਹ ਕਾਮ ਕਰਨਾ ਹੋਗਾ।

ਆਜ ਹੀ ਇਨ ਕੀ ਕੋਟੇਸ਼ਨ ਲੋ ਔਰ ਆਗੇ ਕੀ ਕਾਗਜ਼ੀ ਕਾਰਵਾਈ ਸ਼ੁਰੂ ਕਰੋ।'

'ਅੱਛਾ ਸਰ! ਬਹੁਤ ਅੱਛਾ...।'

'ਦਿੱਲੀ ਵਾਲੇ ਵੀ ਬਹੁਤ ਉਤਾਵਲੇ ਹੈਂ, ਐਸੇ ਉਪਰ ਸੇ ਭੀ ਮਨਜ਼ੂਰੀ ਲੈਣੀ ਮੁਸ਼ਕਿਲ ਨਹੀਂ ਰਹੇਗੀ। ਤੋ ਠੀਕ ਹੈ... ਆਪ ਦਫ਼ਤਰ ਚਲੋ...।'

ਂ ਂ ਂ

## ੬

ਕਾਲੀਆ ਸਾਹਬ ਨੇ ਪਿਛਲੇ ਏਨੇ ਲੰਮੇ ਅਰਸੇ ਵਿਚ ਕਈ ਥਾਂ-ਥਾਂ ਤੇ ਘਾਟ-ਘਾਟ ਦਾ ਪਾਣੀ ਪੀਤਾ। ਵੰਨ ਸੁਵੰਨੇ ਤੇ ਵੱਖੋ-ਵੱਖ ਮਿਜ਼ਾਜ ਵਾਲੇ ਬੰਦਿਆਂ ਨਾਲ ਉਸ ਦਾ ਵਾਸਤਾ ਪਿਆ। ਕਈ ਥਾਈਂ ਪ੍ਰਬੰਧਕੀ ਕਾਰਨਾਂ ਕਰਕੇ ਹੇਠਲਿਆਂ ਨਾਲ ਜਾਂ ਉਪਰਲਿਆਂ ਨਾਲ ਵੀ ਕਰੜੇ ਹੱਥੀਂ ਸਿੱਝਣਾ ਪਿਆ। ਇਸ ਲਈ ਹੁਣ ਉਹ ਪੱਥਰ ਵਾਂਗ ਅਡੋਲ ਸ਼ਾਂਤ ਮਨ ਖੜਾ ਸੀ। ਪੱਥਰ 'ਤੇ ਪਾਣੀ ਪੈ ਕੇ ਜਿਵੇਂ ਤਿਲਕ ਜਾਂਦਾ ਹੈ ਉਵੇਂ ਹੀ ਇਹ ਸਭ ਡਰਾਮਾ ਉਸ ਦੇ ਮਸਤਕ ਵਿਚੋਂ ਖਿਸਕ ਗਿਆ ਤੇ ਉਹ ਉਵੇਂ ਦਾ ਉਵੇਂ ਹੀ ਰਿਹਾ। ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਜਾਂ ਲਹਿੰਦੇ ਸੂਰਜ ਵੱਲ ਪਿੱਠ ਕਰਨ ਵਾਲਿਆਂ ਵੱਲ ਹੁਣ ਉਹ ਬਹੁਤਾ ਧਿਆਨ ਨਹੀ ਸੀ ਦਿੰਦਾ। ਕੋਈ ਗੱਡੀ, ਕਾਰ ਆਵੇ ਜਾਂ ਨਾ, ਕੋਈ ਸਕੂਟਰ, ਮੋਟਰ ਸਾਈਕਲ ਤੇ ਉਸ ਨੂੰ ਲਿਫਟ ਦੇਵੇ ਜਾਂ ਨਾ, ਉਸ ਲਈ ਕੋਈ ਨਵੀਂ ਅਚੰਭੇ ਵਾਲੀ

ਗੱਲ ਨਹੀਂ ਸੀ। ਉਹ ਹਰ ਗਲੀ, ਬਾਜ਼ਾਰ, ਹਰ ਰਸਤੇ ਦਾ ਵਾਕਫ਼ ਸੀ ਤੇ ਹਰ ਥਾਂ ਇਕੱਲਾ ਹੀ ਜਾ ਸਕਦਾ ਸੀ।

ਨੌਂ ਵਜੇ ਦਫਤਰ ਪਹੁੰਚ ਕੇ ਉਸਨੇ ਵੇਖਿਆ, ਦੋਵਾਂ ਭਰਾਵਾਂ ਤੋਂ ਬਿਨਾਂ ਸਾਰੇ ਕਰਮਚਾਰੀ ਆਪਣੀ-ਆਪਣੀ ਸੀਟ ’ਤੇ ਉਪਸਥਿਤ ਸਨ।

‘ਨਮਸਕਾਰ ਸਰ! ਵੈਲਕਮ।’

ਲਾਲ ਜੀ ਨੇ ਉਠ ਕੇ ਕਾਲੀਆ ਸਾਹਬ ਨੂੰ ਸ਼ੁਭ ਆਗਮਨ ਕਿਹਾ ਤੇ ਆਪਣੀ ਕੁਰਸੀ ਖਾਲੀ ਕਰਕੇ ਉਹਨਾਂ ਨੂੰ ਪੇਸ਼ਕਸ਼ ਕੀਤੀ। ਕਾਲੀਆ ਸਾਹਬ ਬੈਗ ’ਚੋਂ ਐਨਕ ਦੀ ਡੱਬੀ ਚੋਂ ਐਨਕ ਕੱਢ ਕੇ ਲਗਾਣ ਲੱਗੇ। ਲਾਲ ਜੀ ਨੇ ਹਾਜ਼ਰੀ ਰਜਿਸਟਰ ਉਹਨਾਂ ਅੱਗੇ ਸਰਕਾਇਆ।

‘ਨਹੀਂ... ਨਹੀਂ ... ਛੋੜੋ... ਕਿਆ ਕਰਨਾ ਇਸ ਕੋ ...ਆਪ ਕਾ ਕਾਮ ਹੈ ਯਹ।’

ਫਿਰ ਦਸ ਮਿੰਟ ਬਾਦ ਇਕ ਤੇ ਅਗਲੇ ਦਸ ਮਿੰਟ ਬਾਦ ਦੂਸਰਾ, ਉਹ ਦੋਵੇਂ ਸ਼ਾਮੂ ਤੇ ਸਵਾਮੀ ਆ ਪਹੁੰਚੇ। ਉਹਨਾਂ ਦੇ ਪਿਛੇ ਨਾਲ ਹੀ ਜਿਲੇ ਸਿੰਘ, ਜਿਵੇਂ ਪਿਛੋਂ ਤਾਂ ਉਹ ਤਿੰਨੇ ਇਕੱਠੇ ਆਏ ਹੋਣ ਤੇ ਇਥੇ ਦਫ਼ਤਰ ਵੜਨ ਲੱਗੇ ਵਕਫਾ ਪਾ ਕੇ ਵੜੇ ਤਾਂ ਜੋ ਕਿਸੇ ਨੂੰ ਹੋਣ ਵਾਲੇ ਸੌਦੇ ਵਿਚ ਤਰਫ਼ਦਾਰੀ ਦਾ ਖਦਸ਼ਾ ਨਾ ਰਹੇ।

‘ਗੁਡ ਮਾਰਨਿੰਗ ਸਰ।’ ਜਿਲੇ ਸਿੰਘ ਸਿੱਧਾ ਹੀ ਪਰਦਾ ਚੁਕ ਕੇ ਅੰਦਰ ਘੁਸ ਆਇਆ ਜਦ ਕਿ ਬਾਕੀ ਦੋਵੇਂ ਆਪਣੀਆਂ-ਆਪਣੀਆਂ ਸੀਟਾਂ ਵੱਲ ਚਲੇ ਗਏ।

‘ਵੈਰੀ ਗੁੱਡ ਮਾਰਨਿੰਗ।’

ਕਾਲੀਆ ਸਾਹਬ ਨੇ ਸਿਰ ਉੱਪਰ ਚੁੱਕ ਕੇ ਬੇਧਿਆਨੇ ਜਿਹੇ ਦੁਆਬ ਦਿਤਾ। ‘ਆਓ.....ਆਓ......ਜਿਲੇ ਸਿੰਘ?’

ਫਿਰ ਜਿਵੇਂ ਉਸ ਨੂੰ ਪਛਾਣ ਕੇ ਹੱਥ ਮਿਲਾ ਕੇ ਕੁਰਸੀ ’ਤੇ ਬੈਠਣ ਦਾ ਇਸ਼ਾਰਾ ਕੀਤਾ।

‘ਸਰ ਮੈਂ ਅੱਜ ਕੱਲ ਕੰਪਿਊਟਰ ਤੇ ਹੋਰ ਸਾਰੀਆਂ ਇਲੈਕਟਰਾਨਿਕ ਵਸਤਾਂ ਦੀ ਸਾਰੇ ਜ਼ੋਨ ਦੀ ਡੀਲਰਸ਼ਿਪ ਲੈ ਰੱਖੀ ਹੈ। ਮੈਨੂੰ ਤੁਹਾਡੇ ਆਗਮਨ ਬਾਰੇ ਪਤਾ ਲੱਗਾ। ਮੈਂ ਕਿਹਾ ਤੁਹਾਡੇ ਦਰਸ਼ਨ ਕਰ ਆਵਾਂ ਨਾਲੇ ਪੁੰਨ ਨਾਲੇ ਫਲੀਆਂ।’ ਦੋਵੇਂ ਮਿੰਨ੍ਹਾ ਮਿੰਨ੍ਹਾ ਮੁਸਕਾਏ ਜਿਵੇਂ ਪਹਿਲੀ ਵਾਰ ਹੀ ਮਿਲੇ ਹੋਣ।

‘ਇਹਨਾਂ ਚੀਜ਼ਾਂ ਦੀ ਤਾਂ ਸਾਨੂੰ ਪਹਿਲਾਂ ਹੀ ਲੋੜ ਸੀ, ਤੁਸੀਂ ਲਾਲ ਜੀ ਨਾਲ ਗੱਲ ਕਰ ਲੈਂਦੇ।’

‘ਮੈਂ ਤਾਂ ਡਰਦਾ ਹੀ ਰਿਹਾ ਸਰ! ...ਝਕਦਾ ਰਿਹਾ।’

‘ਅਰੇ ਭਾਈ ਬਿਜਨੈਸ ਵਾਲੇ ਲੋਗ ਝਕਤੇ ਨਹੀਂ।’

‘ਯਹ ਬਾਤ ਤੋ ਠੀਕ ਹੈ ਜਨਾਬ। ਅਬ ਆਪ ਆਏ ਹੈਂ ਤੋ ਮੁਝੇ ਆਰਡਰ ਦੇ ਦੋ... ਸਰ!’ ਉਸ ਨੇ ਨਖਰਾ ਜਿਹਾ ਕੀਤਾ।

‘ਲਾਲ ਜੀ ਕੋ ਦਿਖਾਓ ... ਸਾਰਾ ਮਾਲ ਸੈਂਪਲ...ਤੇ ਆਪਣੀ ਕੋਟੇਸ਼ਨ ਦੇ ਦੋ।’

‘ਲੋ ਸਰ।’

ਇਕ-ਇਕ ਕਰਕੇ ਸਾਰੀਆਂ ਚੀਜ਼ਾਂ ਮੇਜ਼ ’ਤੇ ਟਿਕਾਣ ਲੱਗਾ। ਕੰਪਿਊਟਰ, ਫੈਕਸ, ਕੈਲਕੂਲੇਟਰ...।’

‘ਬੱਸ! ਬੱਸ! ਅਭੀ ਤੋ ਹਮੇਂ ਕੰਪਿਊਟਰ ਔਰ ਫੈੱਕਸ ਕੀ ਜ਼ਿਆਦਾ ਜ਼ਰੂਰਤ ਹੈ।’

‘ਮਾਲ ਤੋ ਅੱਛਾ ਹੈ ਸਰ! ਕੰਪਨੀ ਵੀ ਠੀਕ ਹੈ।’ ਲਾਲ ਜੀ ਨੇ ਵੀ ਉਸ ਦੀ ਸਿਫਾਰਿਸ਼ ਕਰ ਦਿਤੀ।

‘ਪਰ ਇਸ ਲਿਏ ਹਮੇਂ ਤੀਨ ਚਾਰ ਕੋਟੇਸ਼ਨੋਂ ਕੀ ਜ਼ਰੂਰਤ ਹੈ।’

‘ਸਭ ਬਣ ਜਾਏਗਾ-ਜਨਾਬ! ਆਪ ਹੁਕਮ ਕਰੋ।’

ਉਸਨੇ ਅਟੈਚੀ ਵਿਚੋਂ ਵੱਖ-ਵੱਖ ਤਿੰਨ ਫਰਮਾਂ ਦੇ ਲੈਟਰ ਪੈਡ ਕੱਢ ਕੇ ਵੱਖ-ਵੱਖ ਰੇਟ ਲਿਖ ਕੇ ਲਾਲ ਜੀ ਵੱਲ ਵਧਾਏ।

‘ਟਰਨ, ਟਰਨ ...।’ ਘੰਟੀ ਦਾ ਬਟਨ ਦੱਬਿਆ।

‘ਹਾਂ ਜੀ ਸਰ.....।’ ਚਪੜਾਸੀ ਨੇ ਸਲੂਟ ਮਾਰਿਆ।

‘ਸ਼ਾਮੂ... ਸਵਾਮੀ... ਤੇ ਪੰਨਾ... ਤੀਨੋ ਕੋ ਬੁਲਾਉ।’

‘ਯੈਸ ਸਰ।’

ਸ਼ਾਮੂ ਤੇ ਸਵਾਮੀ ਇਕ ਦਮ ਅੰਦਰ ਦਾਖਲ ਹੋਏ। ਕੁਝ ਦੇਰ ਹਟ ਕੇ ਪੰਨਾ ਵੀ ਆ ਪਹੁੰਚਾ, ਵੇਖ ਕੇ ਦੋਵਾਂ ਦੇ ਮੱਥੇ ’ਤੇ ਤਿਊੜੀਆਂ ਉੱਭਰ ਆਈਆਂ।

‘ਅੱਜ ਇਹ ਵੀ ਨਵਾਂ ਸਲਾਹਕਾਰ ਬਣ ਗਿਐ...?’

‘ਯਹ ਦੇਖੋ ਬਈ! ਹਮ ਆਪ ਕੇ ਲੀਏ ਯਹਾ ਕੰਪਿਊਟਰ ਔਰ ਫੈਕਸ ਖਰੀਦਣਾ ਚਾਹਤੇ ਹੈਂ। ਯਹ ਸਾਹਬ ਆਏ ਬੈਠੇ ਹੈਂ। ਮਾਲ ਆਪ ਪਸੰਦ ਕਰੋਗੇ, ਰੇਟ ਆਪ ਫਿਕਸ ਕਰੋਗੇ, ਮਨਜ਼ੂਰੀ ਮੈਂ ਅਭੀ ਆਪ ਕੋ ਦੇ ਦੂੰਗਾ।’

‘ਥੈਂਕ ਯੂ ਸਰ! ਯਹ ਤੋਂ ਆਪ ਨੇ ਹਮਾਰੇ ਦਿਲ ਦੀ ਬਾਤ ਬੂਝ ਲੀ, ਹਮ ਤੋਂ ਪਹਿਲੇ ਹੀ ਆਪ ਕੋ ਯਹ ਸ਼ਿਕਾਇਤ ਕਰਨੇ ਵਾਲੇ ਥੇ ਕਿ ਇਸ ਕੰਪਿਊਟਰ ਯੁਗ ਮੇਂ ਹਮ ਔਰੋਂ ਸੇ ਪੀਛੇ ਕਿਉਂ ਹੈ।’

'ਠੀਕ ਹੈ ਸਰ! ਮਾਲ ਭੀ ਅੱਛਾ ਹੈ, ਕੁਆਲਿਟੀ ਭੀ ਅੱਛੀ ਹੈ, ਔਰ ਪੋਪ ਐਂਡ ਕੰਪਨੀ ਦਾ ਰੇਟ ਭੀ ਦੂਸਰੋਂ ਸੇ ਕਮ ਹੈ।'

'ਕਿਉਂ ਪਈ ਪੰਨਾ ਸਾਹਿਬ। ਆਪ ਭੀ ਬਤਾਈਏ ਨਾ।'

'ਠੀਕ ਹੈ ਸਰ! ਜੋ ਇਨਹੋ ਨੇ ਕਿਹਾ ਹੈ ਠੀਕ ਹੀ ਤੋ ਹੈ।' ਪੰਨੇ ਦੇ ਮੂੰਹ ਤੋਂ ਵੀ ਜ਼ਬਰਦਸਤੀ ਕਹਾਉਣ ਵਾਲੀ ਗੱਲ ਹੋਈ।

'ਕਿਤਨੇ ਚਾਹੀਏ ਸਰ?' ਜਿਲੇ ਸਿੰਘ ਬਹੁਤ ਖੁਸ਼ ਸੀ।

'ਅਭੀ ਤੋ ਆਪ ਤੀਨ ਸੈੱਟ ਸਪਲਾਈ ਕਰੋ, ਬਾਕੀ ਬਾਦ ਮੇਂ ਦੇਖੇਂਗੇ। ਏਕ ਇਧਰ ਔਰ ਦੋ ਹਮਾਰੇ ਬਾਹਰ ਕੇ ਦਫ਼ਤਰੋਂ ਕੇ ਲਿਏ।'

'ਧੰਨਵਾਦ ਹਜ਼ੂਰ! ਆਪ ਕੋ ਕਿਸੀ ਕਿਸਮ ਕੀ ਸ਼ਿਕਾਇਤ ਨਹੀ ਆਏਗੀ ... ਆਪ ਕੇ ਯੂਜ਼ਰ ਹਮੇਂ ਹਮੇਸ਼ਾ ਯਾਦ ਕਰੇਂਗੇ।'

'ਰੀਟਾ!'

ਰਾਮ ਲਾਲ ਦੀ ਆਵਾਜ਼ ਨੇ ਰੀਟਾ ਨੂੰ ਚੇਤੰਨ ਕਰ ਦਿਤਾ। ਨੋਟ ਬੁਕ ਤੇ ਪੈਨਸਿਲ ਲੈ ਕੇ ਉਹ ਅੰਦਰ ਆਈ। ਸ਼ਾਮੂ ਸਵਾਮੀ ਤੇ ਕਾਲੀਆ ਤਿੰਨਾਂ ਨੇ ਅੱਖਾਂ ਨੀਵੀਆਂ ਕਰਕੇ ਮੇਜ਼ 'ਤੇ ਗੱਡ ਦਿਤੀਆਂ। ਉਹ ਹੁਣ ਉਸ ਨਾਲ ਅੱਖਾਂ ਨਾ ਮਿਲਾ ਸਕੇ।

'ਯੈਸ ਸਰ!'

ਉਹ ਗੁਟਕਦੀ ਗੁਟਕਦੀ ਅੰਦਰ ਆਈ। ਉਹਨਾਂ ਸ਼ਰਮਿੰਦਿਆਂ ਦੀਆਂ ਧੌਣਾਂ ਨੀਵੀਆਂ ਵੇਖ ਕੇ ਸਮਝ ਗਈ। ਰਾਤ ਦੇ ਡਰਾਮੇ ਨੇ ਕੁਝ ਕਰਾਮਾਤ ਕਰ ਦਿਖਾਈ ਹੈ। ਉਹ ਆਪਣੇ ਆਪ ਜੇਤੂਆਂ ਵਾਂਗ ਆਕੜ ਕੇ ਖਲੋ ਗਈ। ਉਸ ਦਾ ਜੀਅ ਕੀਤਾ ਰਾਤੇ ਦੇ ਡਰਾਮੇ ਬਾਰੇ ਆਪਣਾ ਇਤਰਾਜ਼ ਇਜ਼ਹਾਰ ਕਰੇ, ਪਰ ਉਹ ਬਿਨਾਂ ਕੁਝ ਕਹੇ ਸੁਣੇ ਖੜੀ ਰਹੀ।

'ਯਹ ਪੋਪ ਐਂਡ ਕੰਪਨੀ ਕੋ ਆਰਡਰ ਬਣਾ ਦੋ।'

ਆਪਣੇ ਹਥਲੇ ਕਾਗਜ਼ ਫੜਾਂਦੇ ਰਾਮ ਲਾਲ ਨੇ ਰੀਟਾ ਨੂੰ ਹਦਾਇਤ ਕੀਤੀ।

'ਓ. ਕੇ. ਸਰ...।'

ਕਹਿ ਕੇ ਬਾਹਰ ਨਿਕਲ ਗਈ ਤੇ ਸਵਾਮੀ, ਸ਼ਾਹ ਤੇ ਜਿਲੇ ਸਿੰਘ ਵੀ ਉਸ ਦੇ ਪਿਛੇ ਚਲੇ ਗਏ ਤਾਂ ਜੋ ਨਿਯਮ ਅਨੁਸਾਰ ਮਜ਼ਮੂਨ ਲਿਖਾ ਸਕਣ। ਪੰਨਾ, ਰਾਮ ਲਾਲ ਤੇ ਕਾਲੀਆ ਸਾਹਬ ਵਿਚਕਾਰ ਇਕ ਡੂੰਘੀ ਚੁੱਪ ਪਸਰ ਗਈ। ਤਿੰਨਾਂ ਨੇ ਇਕ ਦੂਸਰੇ ਨਾਲ ਸਰਸਰੀ ਨਜ਼ਰਾਂ ਮਿਲਾਈਆਂ।

'ਸਰ ਮੈਂ ਇਕ ਬੇਨਤੀ ਕਰਨੀ ਹੈ,' ਪੰਨਾ ਸਿੰਘ ਨੇ ਇਸ ਚੁੱਪ ਦਾ ਸੀਨਾ ਚੋਭਿਆ।

'ਹਾਂ... ਹਾਂ... ਕਹੋ... ਜ਼ਰੂਰ ਕਰੋ...।'

ਕਾਲੀਆ ਸਾਹਬ ਦਾ ਹੁੰਗਾਰਾ ਸੁਣ ਕੇ ਰਾਮ ਲਾਲ ਆਪਣੇ ਆਪ ਉੱਠ ਕੇ ਬਾਹਰ ਚਲਾ ਗਿਆ। ਉਹ ਵੀ ਪੰਨਾ ਸਿੰਘ ਨੂੰ ਅਲੱਗ ਸਮਾਂ ਦੇਣਾ ਚਾਹੁੰਦਾ ਸੀ ਤਾਂ ਜੋ ਉਹ ਸਾਹਬ ਨਾਲ ਖੁੱਲ੍ਹ ਕੇ ਦਿਲ ਦੀ ਗੱਲ ਕਰ ਸਕੇ।

'ਸਰ ਮੈਂ ਕਿਸੇ ਦੀ ਸ਼ਿਕਾਇਤ ਨਹੀ ਕਰਨੀ, ਨਾ ਹੀ ਮੈਨੂੰ ਕਿਸੇ ਚੁਗਲੀ ਨਿੰਦਿਆ ਕਰਨ ਦੀ ਗੰਦੀ ਆਦਤ ਹੈ।'

'ਹਾਂ... ਮੈਨੂੰ ਪਤੈ ਪਈ ... ਇਹੀ ਤਾਂ ਮੈਂ ਦੇਖ ਰਿਹਾ ਹਾਂ।'

'ਪਰ ਮੈਂ ਇਕ ਗੱਲ ਜ਼ਰੂਰ ਕਹਾਂਗਾ... ਕਿ ਤੁਸੀਂ ਇਹਨਾਂ ਜੀ-ਹਜ਼ੂਰੀਆਂ ਤੇ ਚਾਪਲੂਸਾਂ ਤੋਂ ਬਚ ਕੇ ਰਹਿਣਾ, ਨਹੀਂ ਤਾਂ ਇਹਨਾਂ ਨੇ ਤੁਹਾਡੇ ਗੋਡੇ ਗਿੱਟਿਆਂ ਨੂੰ ਹੱਥ ਲਾ-ਲਾ ਕੇ ਇਹਨਾਂ ਦੇ ਪੇਚ ਚੂਲਾਂ ਢਿੱਲੀਆਂ ਕਰ ਦੇਣੀਆਂ ਨੇ।' ਪੰਨੇ ਦੇ ਵਿਸ਼ੇਸ਼ਣਾਂ ਨੇ ਇਸ ਗੰਭੀਰ ਵਾਤਾਵਰਣ ਵਿਚ ਕਾਲੀਏ ਦੇ ਬੁਲ੍ਹਾਂ 'ਤੇ ਮੁਸਕਰਾਹਟ ਗੱਡ ਦਿਤੀ।

'ਡੋਂਟ ਵਰੀ ਪੰਨਾ ਸਿੰਘ! ਮੈਂ ਸਭ ਕੁਝ ਸਮਝ ਰਿਹਾ ਹਾਂ। ਇਕ ਤੰਦ ਢਿੱਲਾ ਹੋਵੇ ਤਾਂ ਮੈਂ ਇਸ ਦਮ ਕੱਸ ਦਿਆਂ, ਪਰ ਇਥੇ ਤਾਂ ਪੂਰੀ ਤਾਣੀ ਹੀ ਉੱਲਝੀ ਪਈ ਹੈ ਤੇ ਮੈਨੂੰ ਇਸ ਬਾਰੇ ਚਿੰਤਾ ਹੈ।'

'ਸਰ ਕੱਲ ਨੂੰ ਮੈਨੂੰ ਡੀ. ਸੀ. ਸਾਹਬ ਨੇ ਬੁਲਾਇਆ ਹੈ, ਮਿਹਰਬਾਨੀ ਕਰਕੇ ਤੁਸੀਂ ਵੀ ਸਮਾਂ ਕੱਢ ਕੇ ਉਧਰ ਆਇਉ। ਕਹੋ ਤਾਂ ਮੈਂ ਤੁਹਾਨੂੰ ਆਪ ਆ ਕੇ ਲੈ ਜਾਵਾਂਗਾ।'

'ਮੈਨੂੰ ਪਤੈ ਪਈ। ਤੇਰੀ ਬਹਾਦਰੀ ਨੇ ਤੇਰੀ ਹੀ ਨਹੀਂ, ਮੇਰੀ ਹੀ ਨਹੀਂ, ਪੂਰੇ ਮਹਿਕਮੇ ਦੀ ਕਲਗੀ ਉੱਚੀ ਕੀਤੀ ਹੈ, ਮੈਂ ਜ਼ਰੂਰ ਆਵਾਂਗਾ। ਸ਼ਾਬਾਸ਼! ਇਹੋ ਜਿਹੇ ਪੁੱਤ ਮਾਵਾਂ ਘਰ-ਘਰ ਜੰਮਣ।' ਕਾਲੀਏ ਨੇ ਪੰਨਾ ਸਿੰਘ ਦੀ ਪਿੱਠ ਥਾਪੜੀ।

'ਚਾਹ ਆਵੇ ਸਰ?'

ਸਵਾਮੀ ਨੇ ਆ ਕੇ ਫਿਰ ਟਾਪਿਕ ਬਦਲ ਦਿਤਾ। ਉਸ ਦਾ ਮੂੰਹ ਕੁਝ ਚਿੰਤਾ ਵਿਚ ਸੀ।

'ਚੋਰ ਦੀ ਦਾੜ੍ਹੀ ਵਿਚ ਤਿਣਕਾ।'

ਉਸ ਨੇ ਸਮਝਿਆ ਪਤਾ ਨਹੀਂ ਪੰਨਾ.....ਸਾਹਬ ਨੂੰ ਕੀ-ਕੀ ਦੱਸ ਦੇਵੇ। ਚਾਹ ਦਾ ਤਾਂ ਉਸ ਦਾ ਬਹਾਨਾ ਹੀ ਸੀ। ਅਸਲੀ ਉਸ ਦਾ ਮਨੋਰਥ ਤਾਂ ਇਹੀ ਸੀ ਕਿ ਪੰਨੇ ਨੂੰ ਸਾਹਬ ਦੇ ਲਾਗੇ ਨਾ ਫ਼ੜ੍ਹਕਣ ਦਿਤਾ ਜਾਏ। ਉਹਨਾਂ ਦੀ ਗੁਫਤਗੂ ਵਿਚ ਵਿਘਨ ਪਾਇਆ ਜਾਏ।

'ਅਰੇ ਭਾਈ, ਮਰਜ਼ੀ ਹੈ ਆਪ ਕੀ... ਏਕ ਦਿਨ ਔਰ ਆਪ ਕੇ ਮਹਿਮਾਨ ਹੈਂ। ਜੋ ਮਰਜ਼ੀ ਲੈ ਆਓ...। ਯਾਰਾਂ ਦੀ ਜ਼ਹਿਰ ਪੀਵਾਂਗਾ ਮੈਂ ਅੰਮ੍ਰਿਤ ਜਾਣ ਕੇ ਮੇਰੇ ਹਿੱਸੇ ਪਿਆਲਾ ਇਹ ਆਣ ਦਿਓ ਦੋਸਤੋਂ।'

ਕਾਲੀਏ ਨੇ ਫਿਰ ਆਪਣੇ ਰੰਗਲੇ ਅੰਦਾਜ਼ ਵਿਚ ਸਵਾਮੀ ਦੇ ਭਰਮ ਭੁਲੇਖੇ ਦੂਰ ਕਰ ਕੇ ਉਮੀਦਾਂ ਦੀ ਛਿੱਟ ਖਿੰਡਾ ਦਿਤੀ। ਸਭ ਨਹਿਲੇ ਦੇ ਦਹਿਲੇ ਪਾਤਰ ਉਸ ਦੇ ਸਾਹਮਣੇ ਬਾਰ-ਬਾਰ ਰੰਗ ਬਦਲਦੇ ਗਏ ਛਲੇਡੇ ਵਾਂਗ।

ਕਾਲੀਆ ਸਾਹਿਬ ਦੀ ਦੂਰ ਅੰਦੇਸ਼ੀ ਨੇ ਖਾਸ ਕਰਕੇ ਰੀਟਾ ਦੀ ਮਾਨਸਿਕ ਸਥਿਤੀ ਦਾ ਚੰਗੀ ਤਰ੍ਹਾਂ ਅਧਿਅਨ ਕਰ ਲਿਆ। ਉਹ ਇਸ ਲਾਹਨਤ ਤੋਂ ਆਪਣੇ ਆਪ ਨੂੰ ਅਲੱਗ ਰੱਖਣਾ ਚਾਹੁੰਦਾ ਸੀ।

'ਕਿਉਂ ਨਾ ਇਸ ਨੂੰ ਸਿੱਧੇ ਹੀ ਫੁਸਲਾ ਕੇ ਆਪਣੇ ਦਿਲ ਦੀ ਸਫਾਈ ਪੇਸ਼ ਕਰਕੇ ਰਾਤ ਦਾ ਸਾਰਾ ਭਰਮ ਜਾਲ ਉਹਨਾਂ 'ਤੇ ਸੁੱਟਿਆ ਜਾਏ ਤਾਂ ਜੋ ਇਹ ਗੱਲ ਹੋਰ ਅੱਗੇ ਨਾ ਵਧੇ ਤੇ ਉਸ ਦਾ ਆਪਣਾ ਅਕਸ ਸਾਫ਼-ਸਾਫ਼ ਬਚ ਜਾਏ। ਰੀਟਾ ਦੀਆਂ ਨਜ਼ਰਾਂ 'ਚ ਉਹ ਸੱਚ ਮੁੱਚ ਦਾਨਾ ਪ੍ਰਧਾਨਾ ਸਾਫ਼ ਸੁੱਚੇ ਦਿਲ ਵਾਲਾ ਸ਼ਖਸ ਉੱਘੜ ਆਏ।

'ਸਵਾਮੀ ਜੀ! ਯਹ ਲੋ ਪੈਸੇ! ਚਾਏ ਸਭ ਕੇ ਲੀਏ।'

'ਸਰ ਜੀ ਇਹ ਵੀ ਤਾਂ ਪੈਸੇ ਤੁਹਾਡੇ ਹੀ ਹੈਨ।' ਸ਼ਾਹ ਨੇ ਜੇਬ ਨੂੰ ਹੱਥ ਮਾਰਦੇ ਨੋਟਾਂ ਦੀਆਂ ਥੱਬੀਆਂ ਕੱਢ ਕੇ ਹਵਾ 'ਚ ਲਹਿਰਾਈਆ। ਇਕ ਨੋਟ ਕੱਢ ਕੇ ਚਪੜਾਸੀ ਨੂੰ ਫੜਾ ਦਿੱਤਾ।

'ਲੈ ਪੰਝੀ ਕੱਪ ਚਾਹ ਤੇ ਬਾਕੀ ਜੋ ਬਚੇ ਕੋਈ ਸਵੀਟ ਪੀਸ ਲੈ ਆਵੀਂ।'

ਟਾਈਪ ਕੀਤੇ ਕਾਗਜ਼ਾਂ ਦਾ ਪਲੰਦਾ ਲੈ ਕੇ ਰੀਟਾ ਅੰਦਰ ਦਾਖਲ ਹੋਈ।

'ਆਓ ਬੇਟੇ! ਆਉ ਬੈਠੋ।' ਕਾਲੀਏ ਨੇ ਹੱਥ ਅੱਗੇ ਵਧਾ ਕੇ ਕਾਗਜ਼ ਫੜੇ। ਐਨਕ ਫੜ ਕੇ ਕਮੀਜ਼ ਦੀ ਕੰਨੀ ਨਾਲ ਸਾਫ ਕੀਤੀ ਤੇ ਅੱਖਾਂ ਨੂੰ ਲਾ ਕੇ ਨੀਝ ਨਾਲ ਪੜ੍ਹਨ ਲੱਗਾ।

'ਸ਼ਾਬਾਸ਼! ਬਹੁਤ ਅੱਛਾ। ਬੇਟੇ! ਆਪ ਕੋ ਕੰਪਿਊਟਰ ਕੀ ਜਾਣਕਾਰੀ ਹੈ?'

'ਹਾਂ ਜੀ ਸਰ! ਕੁਝ ਕੁਝ।'

'ਅਬ ਤੋਂ ਯਹ ਸਾਰਾ ਕਾਮ ਆਪਕੋ ਕੰਪਿਊਟਰ ਪਰ ਕਰਨਾ ਹੋਗਾ, ਆਪ ਕੋ ਇਸ ਕੀ ਟ੍ਰੇਨਿੰਗ ਵੀ ਦਿਲਾ ਦੇਂਗੇ।'

'ਕਿਉਂ ਭਈ! ਜਿਲੇ ਸਿੰਘ। ਆਪ ਯਹ ਇੰਨਸਟਰੂਮੈਂਟ ਭੀ ਦੋ, ਔਰ ਸਾਥ ਇਨ ਕਾ ਉਪਰੇਸ਼ਨ ਭੀ ਬਤਾਉਗੇ, ਇਨ ਕੋ ਟ੍ਰੇਨਿੰਗ ਕਾ ਪ੍ਰਬੰਧ ਭੀ ਕਰ ਦੋ ਗੇ।'

'ਹਾਂ ਜੀ ਸਰ! ਜ਼ਰੂਰ ਕਰੇਂਗੇ। ਜੋ ਹੁਕਮ!' ਜਿਲੇ ਸਿੰਘ ਨੇ ਤੁਰੰਤ ਹੁੰਗਾਰਾ ਭਰਿਆ।'

'ਤੋ ਰਾਮ ਲਾਲ ਜੀ! ਇਸ ਸੇ ਟ੍ਰੇਨਿੰਗ ਦਾ ਭੀ ਹਿਸਾਬ ਕਿਤਾਬ ਪੂਛ ਲੋ, ਔਰ ਆਜ ਹੀ ਪੰਦਰਾਂ ਦਿਨ ਕੀ ਟ੍ਰੇਨਿੰਗ ਫਿਕਸ ਕਰ ਲੋ। ਯਹੀ ਆਪ ਕੋ ਕਿਸੀ ਕੰਪਿਊਟਰ ਕਾਲਜ ਕਾ ਪ੍ਰਬੰਧ ਕਰ ਦੇਂਗੇ।'

'ਯੈਸ ਸਰ! ਬਹੁਤ ਅੱਛਾ।'

'ਕਯਾ ਲੇਤੇ ਹੈਂ ਵੁਹ! ਕਿਆ ਹਿਸਾਬ ਹੈ?'

'ਆਪ ਚਿੰਤਾ ਮੱਤ ਕੀਜੀਏ ਸਰ, ਅਬ ਯਹ ਮੇਰੀ ਸਿਰ ਦਰਦੀ ਹੈ, ਸਭ ਹੋ ਜਾਏਗਾ। ਵੈਸੇ ਤੋ ਏਕ ਕੋਰਸ ਕਾ, ਏਕ ਬੈਚ ਕਾ, ਏਕ ਸੈਸ਼ਨ ਕਾ, ਰੇਟ ਪਚਾਸ ਹਜ਼ਾਰ ਹੋਤਾ ਹੈ, ਪਰ ਕਰ ਲੇਂਗੇ, ਜੋ ਆਪ ਕਹੋਗੇ ਲੇ ਲੇਂਗੇ।'

ਜਿਲੇ ਸਿੰਘ ਬਹੁਤ ਖੁਸ਼ ਸੀ। ਕਾਲੀਆ ਵੀ ਖੁਸ਼ ਸੀ, ਅੰਦਰੇ ਅੰਦਰ ਜਰਬ-ਤਕਸੀਮ ਕਰ ਰਿਹਾ ਸੀ। ਪਚਾਸ ਹਜ਼ਾਰ ਦਾ ਮਤਲਬ! ਘੱਟ ਤੋਂ ਘੱਟ ਸਾਢੇ ਬਾਰਾਂ ਹਜ਼ਾਰ। ਪੱਚੀ ਫੀਸਦੀ ਤਾਂ ਸਰਕਾਰੀ ਖਰੀਦ ਵਿਚੋਂ ਹੋਣੀ ਹੀ ਚਾਹੀਦੀ ਹੈ। ਯਹ ਭੀ ਅੱਛਾ ਕੀਆ ਆਪ ਨੇ ਹਮਾਰੀ ਮਦਦ ਕਰ ਦੀ...। ਹਮਾਰੇ ਪਾਸ ਤੋ ਬਹੁਤ ਫੰਡ ਬਚ ਰਹਾ ਥਾ, ਅਬ ਠੀਕ ਕਾਮ ਆ ਜਾਏਗਾ ਇਕੱਤੀ ਮਾਰਚ ਤੱਕ, ਨਹੀਂ ਤੋ ਇਸ ਕੋ ਸੁਰੈਂਡਰ ਕਰਨਾ ਪੜਤਾ ਔਰ ਸਾਥ ਉਪਰ ਸੇ ਡਾਂਟ ਖਾਣੀ ਪੜਤੀ।' ਕਾਲੀਏ ਨੇ ਖੁਸ਼ੀ ਮਹਿਸੂਸ ਕੀਤੀ।

'ਸਰ ਗੱਲਾਂ ਚੋਂ ਗੱਲਾਂ ਨਿਕਲਦੀਆਂ ਹਨ। ਰਸਤੇ ਤੁਰੋ ਤਾਂ ਕਈ ਰਸਤੇ ਮਿਲ ਜਾਂਦੇ ਹਨ ਤੇ ਜੇ ਘਰ ਬੈਠੇ ਹੀ ਸੋਚਦੇ ਰਹੋ ਤਾਂ ਰਸਤੇ ਕਿਥੋਂ ਮਿਲਣਗੇ।' ਜਿਲੇ ਸਿੰਘ ਵੀ ਵੱਡਾ ਪਰਉਪਕਾਰੀ ਬਣ ਗਿਆ ਸੀ ਅੱਜ। ਉਹ ਬਿੱਲਕੁਲ ਇਸੇ ਦਫਤਰ ਦਾ ਹੀ ਮੈਂਬਰ ਬਣ ਗਿਆ ਲਗਦਾ ਸੀ, ਪੂਰਾ ਵੱਡਾ ਹਿਸੇਦਾਰ ਤੇ ਹਮਦਰਦ।

'ਬੋਲੋ ਸਰ! ਹੁਕਮ ਕਰੋ। ਟ੍ਰੇਨਿੰਗ ਦੀ ਕਿਤਨੀ ਕੋਟੇਸ਼ਨ ਲਿਖੇਂ?'

'ਲਿਖ ਦੋ ਯਾਰ ਪੂਰੀ। ਤੀਨ ਕੁਟੇਸ਼ਨੇ ਬਣਾ ਲੋ, ਏਕ ਸਾਠ ਹਜ਼ਾਰ, ਦੂਸਰੀ ਪਚਪਨ ਹਜ਼ਾਰ ਔਰ ਤੀਸਰੀ ਬਾਵਨ ਹਜ਼ਾਰ।'

ਕਾਲੀਏ ਨੇ ਆਪੇ ਮੂੰਹ ਮੰਗੀ ਮੁਰਾਦ ਹੀ ਪੂਰੀ ਨਹੀਂ ਕੀਤੀ ਜਿਲੇ ਸਿੰਘ ਦੀ, ਸਗੋ ਦੋ ਹਜ਼ਾਰ ਹੋਰ ਵਧਾ ਦਿੱਤਾ।

'ਚਾਹ ਆ ਗਈ ਸਰ!'

ਬਾਹਰ ਹਾਲ ਵਿਚ ਕੱਪ ਪਿਆਲੇ ਟੁਣਕਣ ਦੀ ਆਵਾਜ਼ ਆਈ।

ਚਾਹ ਪੀਂਦੇ ਪੀਂਦੇ ਸਰਕਾਰੀ ਕਾਗਜ਼ਾਂ ਦੀ ਲੋਕਾਚਾਰੀ ਛਾਣਬੀਣ ਕਾਲੀਆ ਸਾਹਬ ਨਾਲ ਨਾਲ ਕਰਦੇ ਰਹੇ ਤੇ ਦਸਖਤ ਕਰਦੇ ਰਹੇ। ਅੱਜ ਕਾਲੀਏ ਦੇ ਚਿਹਰੇ 'ਤੇ ਰੌਣਕ ਸੀ, ਰਾਮ ਲਾਲ ਵੀ ਖੁਸ਼ ਸੀ, ਟਨੀ ਨਾਥ ਸਵਾਮੀ ਤੇ ਸ਼ਾਹ ਵੀ ਪ੍ਰਸੰਨ ਸਨ, ਸਟਾਫ ਦੇ ਹੋਰ

ਮੈਂਬਰ ਵੀ ਦੋ ਚਾਰ ਦਿਨ ਦੀ ਘੁਟਣ ਤੋਂ ਨਜਾਤ ਮਿਲਣ ਕਰਕੇ ਖਿੜੇ ਹੋਏ ਜਾਪਦੇ ਸਨ। ਰੀਟਾ ਵੀ ਸਾਹਬ ਦੇ ਬਦਲੇ ਚਰਿਤਰ ਤੇ ਵਤੀਰੇ ਤੋਂ ਖਾਸ ਕਰਕੇ ਉਸ ਦੇ 'ਬੇਟਾ' ਸ਼ਬਦ ਦੇ ਸੰਬੋਧਨ ਤੋਂ ਤਾਂ ਬੇਹੱਦ ਖੀਵੀ ਹੋ ਰਹੀ ਸੀ। ਲਾਈ-ਲੱਗ ਦੂਲੋ ਰਾਮ ਤਾਂ ਸਵਾਮੀ ਤੇ ਸ਼ਾਹ ਦੀਆਂ ਹਰਕਤਾਂ ਹੀ ਦੇਖੀ ਜਾ ਰਿਹਾ ਸੀ ਤੇ ਉਹਨਾਂ 'ਚੋਂ ਕੋਈ ਗੁੱਝਾ ਭੇਦ ਲੱਭਣ ਦੀ ਆੜ ਵਿਚ ਸੀ।

'ਦੇਖੋ ਬਈ ਦੋਸਤੋ!' ਕਾਲੀਏ ਦੇ ਸੰਬੋਧਨ ਤੋਂ ਸਾਰੇ ਸਾਵਧਾਨ ਹੋ ਕੇ ਬੈਠ ਗਏ।

'ਆਪ ਸਭ ਬਹੁਤ ਅੱਛੇ ਹੈ। ਆਪ ਕੇ ਦਫਤਰ ਮੈਂ ਕਾਮ ਬਹੁਤ ਨਿਯਮਤ ਔਰ ਨੇਮ ਬੱਧ ਤਰੀਕੇ ਸੇ ਹੋ ਰਹਾ ਹੈ। ਕੁਝ ਕੁਝ ਤਰੁਟੀਆਂ ਕਮੀਆਂ ਹੈਨ, ਉਹ ਹੋਤੀ ਹੀ ਹੈ, ਵੁਹ ਭੀ ਠੀਕ ਹੋ ਜਾਏਂਗੀ। ਆਦਮੀ ਗਲਤੀ ਕਰਤਾ ਹੈ 'ਟੂ ਅਰਰ ਇਜ਼ ਹਿਊਮਨ,' ਇਨਸਾਨ ਗਲਤੀ ਕਾ ਪੁਤਲਾ ਹੈ, ਨੀਯਤ ਬੁਰੀ ਨਹੀਂ ਹੋਣੀ ਚਾਹੀਦੀ, ਮਾੜੀ ਨਹੀਂ ਹੋਣੀ ਚਾਹੀਦੀ। ਬਾਕੀ ਆਪ ਕੇ ਔਰਤ ਮੈਂਬਰ ਵੀ ਹੈਨ, ਆਪ ਕੇ ਸਾਥ, ਇਸ ਲਿਏ ਆਪ ਕੋ ਹਰ ਹਾਲਤ ਮੇਂ, ਬੋਲਚਾਲ ਮੇਂ, ਚਰਿਤੱਰ ਮੇਂ, ਡਿਸਿਪਲਿਨ ਹੋਣਾ ਚਾਹੀਏ। ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ। ਅਗਰ ਆਪ ਯਹ ਬਾਤ ਮਨ ਮੇਂ ਬਸਾ ਲੋਗੇ ਤੋਂ ਆਪ ਕੇ ਹੀ ਨਹੀਂ ਸਮਾਜ ਕੇ ਬਹੁਤ ਸਾਰੇ ਝਗੜੇ ਬਖੇੜੇ ਖਤਮ ਹੋ ਜਾਏਂਗੇ, ਰਹੇਂਗੇ ਹੀ ਨਹੀਂ।' ਕਾਲੀਆ ਸਾਹਬ ਦੇ ਪ੍ਰਵਚਨ ਨੇ ਸਰੋਤਿਆਂ ਨੂੰ ਝੰਜੋੜ ਦਿੱਤਾ। 'ਕੁਦਰਤ ਦੀ ਸੁੰਦਰ ਮੂਰਤ ਇਹ ਗੁਰੂ ਨਾਨਕ ਦਾ ਫੁਰਮਾਨ, ਮੰਦਾ ਕੋਈ ਨਾ ਆਖੇ ਉਸਨੂੰ ਜਿਸ ਜੰਮੇ ਰਾਜਾਨ। ਕੱਲ੍ਹ ਇਧਰ ਆਪ ਕੇ ਕੰਪਿਊਟਰ ਲਗ ਜਾਏਂਗੇ ਮਨਜ਼ੂਰੀ ਉਪਰ ਸੇ ਮੈਂ ਲੇਤਾ ਰਹੂੰਗਾ।'

ਕਾਲੀਆ ਸਾਹਬ ਨੇ ਭਾਸ਼ਣ ਬੰਦ ਕੀਤਾ ਤੇ ਉੱਠ ਕੇ ਆਪਣੇ ਕਮਰੇ ਵੱਲ ਚਲੇ ਗਏ। ਕਾਲੀਏ ਦੇ ਇਸ ਬਦਲੇ ਹੋਏ ਤੌਰ ਤਰੀਕਿਆਂ ਨੇ ਜਿੱਥੇ ਕੁਝ ਲੋਕਾਂ ਨੂੰ ਖੁਸ਼ ਕੀਤਾ ਉਥੇ ਦੂਜੀ ਤਿੱਕੜੀ ਨੂੰ ਇਕੇਰਾਂ ਫਿਰ ਝੱਟਕਾ ਦੇ ਦਿੱਤਾ। ਰੀਟਾ ਦਾ ਚਿਹਰਾ ਖਿੜ ਉਠਿਆ। ਉਸ ਨੇ ਕਾਲੀਏ ਦੇ ਮਖੌਟੇ ਵਿਚੋਂ ਆਪਣੇ ਬਾਪੂ ਨੂੰ ਤਲਾਸ਼ ਕਰਨ ਦਾ ਯਤਨ ਕੀਤਾ। ਉਸ ਦਾ ਜੀਅ ਕੀਤਾ, ਕਾਲੀਆ ਉਸ ਨੂੰ ਫਿਰ ਬੇਟਾ ਕਹੇ, ਬਾਰ ਬਾਰ ਬੇਟਾ ਕਹੇ।

'ਸਰ! ਯਹ ਟ੍ਰੇਨਿੰਗ ਕਹਾਂ ਹੋਗੀ?' ਉਹ ਉੱਠ ਕੇ ਅੰਦਰ ਆਈ।

ਭਾਵੇਂ ਉਸ ਦਾ ਇਹ ਬੇਲੋੜਾ ਸਵਾਲ ਉਸ ਦੇ ਹਦੂਦ ਤੋਂ ਬਾਹਰ ਦਾ ਸੀ ਤੇ ਸਿਰਫ ਰਾਮ ਲਾਲ ਅਧਿਅਕਸ਼ ਦਾ ਹੀ ਸੀ, ਪਰ ਫਿਰ ਵੀ ਉਸ ਨੇ ਇਹ ਖੁੱਲ੍ਹ ਕੇ ਲਾਹਾ ਲੈ ਲਿਆ।

'ਹਾਂ ਬੇਟੇ! ਆਓ ਬੈਠੋ! ਯਹ ਤੋਂ ਆਪ ਕੇ ਸੁਪਰਿਟੈਂਡੈਂਟ ਸਾਹਬ ਹੀ ਫੈਸਲਾ ਕਰ ਲੇਂਗੇ।'

ਉਹ ਹੁਣ ਨਿਸੰਗ ਬੈਠੀ ਉਪਰ ਦੇਖ ਰਹੀ ਸੀ। ਉਹ ਸੋਚ ਰਹੀ ਸੀ, ਕਾਲੀਆ ਸਾਹਬ ਜਿੰਨੀ ਵੇਰਾਂ ਉਹਨੂੰ ਬੇਟਾ ਕਹਿਣ, ਉਹ ਉਹਨਾਂ ਤੋਂ ਕਈ ਗੁਣਾ ਵੱਧ ਖੁਸ਼ੀਆਂ ਵਾਰਨ ਨੂੰ ਤਿਆਰ ਸੀ। ਇਹ ਸ਼ਬਦ ਕਈ ਸਾਲਾਂ ਤੋਂ ਸੁਣਨ ਲਈ ਉਹ ਤਰਸ ਰਹੀ ਸੀ, ਖਾਸ ਕਰਕੇ ਦਫ਼ਤਰ ਦੇ ਅਜਿਹੇ ਮਾਹੌਲ ਵਿਚ ਉਸ ਨੂੰ ਇਹ ਸ਼ਬਦ ਬੀਆਬਾਨ ਵਿਚ ਕੋਇਲ ਦੀ ਮਿੱਠੀ ਕੂ ਕੂ ਵਾਂਗ ਜਾਪੇ। ਛੋਟੀ ਹੁੰਦੀ ਤੋਂ ਹੀ ਬੇਟਾ ਕਹਿਣ ਵਾਲਾ ਉਸ ਦਾ ਬਾਪੂ ਉਸ ਨੂੰ ਉਸ ਦੀ ਮਾਂ ਦੇ ਸਹਾਰੇ ਛੱਡ ਗਿਆ ਸੀ, ਦੂਰ ਚਲੇ ਗਿਆ ਸੀ, ਉਥੇ ਜਿੱਥੋਂ ਕੋਈ ਵਾਪਸ ਨਹੀਂ ਆਉਂਦਾ ਨਾ ਹੀ ਉਸ ਨੇ ਆਉਣ ਸੀ ਤੇ ਨਾ ਹੀ ਉਹ ਆਇਆ। ਉਸ ਨੇ ਫਿਰ ਕਾਲੀਏ ਦੇ ਚਿਹਰੇ ’ਤੇ ਨਜ਼ਰਾਂ ਗੱਡ ਕੇ ਕੁਝ ਕੁਝ ਪੜ੍ਹਨ ਦੀ ਕੋਸ਼ਿਸ਼ ਕੀਤੀ। ਅਸਲੀ ਤੇ ਨਕਲੀ ਮਖੌਟੇ ਤਰ੍ਹਾਂ ਤਰ੍ਹਾਂ ਦੇ ਰੰਗ ਉਸ ਦੀ ਕਲਪਨਾ ’ਚੋਂ ਗੁਜ਼ਰ ਗਏ। ਫਿਰ ਵੀ ਉਸ ਨੂੰ ਸਕੂਨ ਸੀ ਕਿ ਉਹ ਉਸ ਦਾ ਵੱਡਾ ਅਫ਼ਸਰ ਸੀ ਤੇ ਅੱਜ ਤੋਂ ਉਹ ਉਸ ਦਾ ਬਾਪ ਸੀ, ਬਾਪੂ ਸਮਾਨ ਸੀ। ਉਸ ਦੇ ਨੇੜੇ ਹੋਣ ਕਰਕੇ ਹੋਰ ਕੁਝ ਨਹੀਂ ਤਾਂ ਉਹ ਦੂਸਰੀ ਤਿੱਕੜੀ ਦੀਆਂ ਮਾੜੀਆਂ ਰਿਸਕ ਫਾਹੀਆਂ ਤੋਂ ਤਾਂ ਬਚੀ ਰਹੇਗੀ। ਉਸ ਦਾ ਨਿਧੜਕ ਬਿਨਾਂ ਵਜ੍ਹਾ ਬੈਠਣਾ ਰਾਮ ਲਾਲ ਨੂੰ ਕੈੜਾ ਕੈੜਾ ਭਾਸਿਆ। ਪਰ ਇਹ ਰੀਟਾ ਨੂੰ ਵੀ ਸੁਹਾਵਣਾ ਲੱਗ ਰਿਹਾ ਸੀ ਤੇ ਕਾਲੀਆ ਵੀ ਵਿਚੇ ਵਿਚ ਆਨੰਦਤ ਹੋ ਰਿਹਾ ਸੀ। ਰੀਟਾ ਨੂੰ ਰੀਝਾਉਣ ਦਾ ਇਹ ਹੰਭਲਾ ਕਾਰਗਰ ਸਾਬਤ ਹੋ ਰਿਹਾ ਸੀ।

‘ਸਰ ਤੁਹਾਡੀਆਂ ਕਿੰਨੀਆਂ ਬੇਟੀਆਂ ਨੇ?’ ਰੀਟਾ ਨੇ ਨਵਾਂ ਸੁਆਲ ਕੀਤਾ।

‘ਹਾਂ! ਮੇਰੀਆ ਬੇਟੀਆਂ? ਬੇਟੇ! ਤਿੰਨ ਬੇਟੀਆਂ ਨੇ ਮੇਰੀਆਂ, ਦੋ ਪਲੱਸ ਇਕ।’

ਕਾਲੀਏ ਨੇ ਅਟਕ ਅਟਕ ਕੇ ਵਾਕ ਪੂਰਾ ਕੀਤਾ ਤੇ ਉਹ ਸਾਰੇ ਹੱਸ ਪਏ।

‘ਕੀ ਮਤਲਬ ਇਸ ਦਾ ਸਰ! ਦੋ ਪਲੱਸ ਇਕ ? ਉਹ ਬੇਝਿਜਕ ਬੋਲੀ।

‘ਦੋ ਤਾਂ ਮੇਰੇ ਘਰ ਹਨ, ਤੇ ਇਕ! ਹਾਂ, ਇਕ ਮੇਰੇ ਸਾਹਮਣੇ ਬੈਠੀ ਹੈ ਇਹ।’ ਕਾਲੀਏ ਦੇ ਸਪਸ਼ਟੀਕਰਨ ਨਾਲ ਰੀਟਾ ਵਿਸਮਾਦਤ ਹੋ ਗਈ।’

‘ਪਰ ਸਰ! ਤੁਸੀਂ ਤਿੰਨ ਹੀ ਕਿਉਂ ਨਹੀਂ ਕਿਹਾ? ਕੁਝ ਫਰਕ ਤਾਂ ਫਿਰ ਵੀ ਰੱਖ ਲਿਐ ਤੁਸੀਂ?’ ਰੀਟਾ ਹਾਵੀ ਹੋ ਗਈ। ਕਾਲੀਆਂ ਇਕੇਰਾਂ ਫਿਰ ਚੱਕਰ ਖਾ ਗਿਆ।

‘ਬੇਟੇ ਗੱਲ ਸਮਝੋ ਚੰਗੀ ਤਰ੍ਹਾਂ, ਬੇਟੀ ਬੇਟੀ ਹੀ ਹੁੰਦੀ ਹੈ, ਪਿਉ ਪਿਉ ਹੀ ਹੁੰਦਾ ਹੈ, ਭਰਾ ਭਰਾ ਹੀ ਹੁੰਦਾ ਹੈ, ਕੋਈ ਬੇਟੀ ਕਹਿਣ ਨਾਲ ਬੇਟੀ ਨਹੀਂ ਬਣ ਜਾਂਦੀ, ਬਾਪ ਕਹਿਣ ਨਾਲ ਬਾਪ ਨਹੀਂ ਬਣ ਜਾਂਦਾ, ਵੀਰ ਕਹਿਣ ਨਾਲ ਵੀਰ ਨਹੀਂ ਬਣ ਜਾਂਦਾ।’ ਰਾਮ ਲਾਲ ਨੇ ਰੁੱਖੇ ਜਿਹੇ ਲਹਿਜੇ ਵਿਚ ਇਹ ਬੇਲੋੜੀ ਬਹਿਸ ਖਤਮ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਵੀ ਬੇਟਾ ਕਹਿਕੇ ਰੀਟਾ ਨੂੰ ਸੰਬੋਧਨ ਕੀਤਾ, ਪਰ ਨਾਲ ਹੀ ਇਸਦੇ ਮਹੱਤਵ ਨੂੰ ਸਵਾਲੀਆ ਚਿੰਨ੍ਹ ਲਗਾ ਦਿੱਤਾ।

ਹੁਣ ਫਿਰ ਰੀਟਾ ਉਥੇ ਹੀ ਖੜੀ ਸੀ, ਉਸੇ ਮੋੜ ਤੇ, ਜਿਥੋਂ ਉਹ ਬਾਪੂ ਦੀ ਤਲਾਸ਼ ਵਿਚ ਨਿਕਲੀ ਸੀ। ਉਸ ਨੂੰ ਰਾਮ ਲਾਲ ਦੀਆਂ ਬੇਥਵੀਆਂ ਗੱਲਾਂ ਦਾ ਸ਼ਿਕਵਾ ਜਿਹਾ ਹੋਇਆ। ਉਹ ਹਿਰਖੀ ਜਿਹੀ ਗਈ ਸੁੰਨ ਮੁੰਨ, ਉਸ ਦੀ ਜ਼ਬਾਨ ਬੰਦ ਹੋ ਗਈ। ਅੱਖਾਂ ਨੀਵੀਆਂ ਹੋ ਗਈਆਂ।

'ਜਾਓ ਬੇਟੇ! ਜਾਓ। ਕੰਮ ਕਰੋ ਸਭ ਠੀਕ ਹੋ ਜਾਏਗਾ।'

ਕਾਲੀਏ ਨੇ ਇਕੇਰਾਂ ਫਿਰ ਮਿੱਠੀ ਜਿਹੀ ਚਾਟ ਖਿਲਾਰ ਦਿੱਤੀ। ਹੁਣ ਉਸ ਨੂੰ ਆਪਣੇ ਆਪ ਤੇ ਤਸੱਲੀ ਸੀ, ਕਿ ਉਸ ਦੇ ਇਸ ਛੋਟੇ ਜਿਹੇ ਫੀਲਰ ਨੇ ਇਕੇਰਾਂ ਰੀਟਾ ਦਾ ਮਨ ਜ਼ਰੂਰ ਪਸੀਜ ਦਿੱਤਾ ਸੀ ਤੇ ਉਹ ਉਸ ਰਾਤ ਦੇ ਸਵਾਂਗ ਤੋਂ ਬਰੀ ਹੋ ਗਿਆ ਸੀ। ਉਸਨੇ ਇਹ ਵੀ ਜਾਣ ਲਿਆ ਸੀ ਕਿ ਰੀਟਾ ਉਸ ਦੇ ਨੇੜੇ ਆਉਣ ਲਈ ਤਿਆਰ ਸੀ। ਉਹ ਉਸ ਨਾਲ ਹੋਰ ਗੱਲਾਂ ਕਰਨਾ ਚਾਹੁੰਦਾ ਸੀ। ਪਰ ਰਾਮ ਲਾਲ ਦੀ ਦਖਲ ਅੰਦਾਜੀ ਨੇ ਉਸ ਦੇ ਖਿਆਲ ਕਿਸੇ ਹੋਰ ਸਮੇਂ ਦੀ ਤਾਕ ਚ ਸੁਰਖਿਅਤ ਰੱਖਣ ਲਈ ਮਜਬੂਰ ਕਰ ਦਿੱਤਾ।

ਂ ਂ ਂ

## 7

ਵਿਉਂਤੀ ਹੋਈ ਯੋਜਨਾ ਅਨੁਸਾਰ ਅਗਲੇ ਦਿਨ ਸਰਕਾਰੀ ਛੁੱਟੀ ਹੋਣ ਦੇ ਬਾਵਜੂਦ ਦਫ਼ਤਰ ਦੇ ਦਰਵਾਜ਼ੇ ਖੁੱਲ੍ਹ ਗਏ। ਇਕ ਜੀਪ ਵਿਚ ਸਾਰੀਆਂ ਇਲੈਕਟਰੋਨਿਕ ਵਸਤਾਂ ਜਿਹਨਾਂ ਦਾ ਆਰਡਰ ਦਿੱਤਾ ਗਿਆ ਸੀ, ਲੈ ਕੇ ਜਿਲੇ ਸਿੰਘ ਆ ਹਾਜ਼ਰ ਹੋਇਆ। ਰਾਮ ਲਾਲ ਤੇ ਕਾਲੀਆ ਸਾਹਿਬ ਨੇ ਬੜੀ ਗਰਮ ਜੋਸ਼ੀ ਨਾਲ ਉਸ ਦਾ ਤੇ ਇਹਨਾਂ ਨਵੀਆਂ ਰਹਿਮਤਾਂ ਦਾ ਸਵਾਗਤ ਕੀਤਾ। ਨਾਲ ਹੀ ਫਿਟਿੰਗ ਕਰਨ ਵਾਲੇ ਇੰਜੀਨੀਅਰ ਵੀ ਆ ਪਹੁੰਚੇ। ਚਪੜਾਸੀ ਬਾਹਰੋਂ ਕੁਝ ਦਿਹਾੜੀਦਾਰ ਮਜ਼ਦੂਰ ਲੈ ਆਇਆ। ਉਹਨਾਂ ਵੱਡੀਆਂ ਅਲਮਾਰੀਆਂ ਦੀ ਖਿੱਚ ਧੂਹ ਕਰਕੇ, ਪਾਸੇ ਖੜੀਆਂ ਕਰਕੇ ਨਵੇਂ ਮੇਜ਼ਾਂ ਦੇ ਲਾਉਣ ਦੀ ਥਾਂ ਬਣਾ ਦਿਤੀ। ਰਾਮ ਲਾਲ ਦੇ ਕਮਰੇ ਵਿਚ ਵਿਸ਼ੇਸ਼ ਤੌਰ 'ਤੇ ਇਹ ਚੀਜ਼ਾਂ ਫਿੱਟ ਕਰਨ ਲਈ ਉਥਲ ਪੁਥਲੀ ਕਰਨੀ ਪਈ। ਰੀਟਾ ਹੱਥ ਵਿਚ ਨੋਟ-ਬੁੱਕ ਤੇ ਪੈਨਸਲ ਫੜੀ ਕਦੇ ਰਾਮ ਲਾਲ ਤੇ ਕਦੇ ਕਾਲੀਆ ਸਾਹਿਬ ਤੋਂ ਹਦਾਇਤਾਂ ਸੁਣਦੀ ਰਹੀ, ਲਿਖਦੀ ਰਹੀ। ਉਸ ਦੀਆਂ ਚੂੜੀਆਂ ਦੀ ਮਿੰਨੀ-ਮਿੰਨੀ ਛਣਕਾਹਟ ਵਾਤਾਵਰਣ ਵਿਚ ਥਰਥਰਾਹਟ ਪੈਦਾ ਕਰਦੀ ਰਹੀ। ਸਵਾਮੀ ਪ੍ਰਸ਼ਾਦਿ ਵਜੋਂ ਲੱਡੂਆਂ ਦਾ ਡੱਬਾ ਲੈ ਆਇਆ। ਇੰਜੀਨੀਅਰ ਨੇ ਫੈਕਸ ਤੇ ਕੰਪਿਊਟਰ ਫਿੱਟ ਕਰਕੇ ਚਾਲੂ ਕਰ ਦਿਤੇ। ਬਟਨ ਦਬਾਣ ਅਤੇ ਮਾਊਸ ਦੀ ਹਿੱਲਜੁਲ

ਨਾਲ ਕੰਪਿਊਟਰ ਦੀ ਸਕਰੀਨ ’ਤੇ ਰੰਗ ਬਿਰੰਗੇ ਅੱਖਰ ਉੱਭਰੇ। ਰਾਮ ਲਾਲ ਨੂੰ ਮੁਬਾਰਕ ਹੋਈ। ਪ੍ਰਸ਼ਾਦਿ ਵੰਡਿਆ ਗਿਆ। ਸਭ ਨੇ ਖੁਸ਼ੀ ਨਾਲ ਤਾੜੀਆਂ ਮਾਰੀਆਂ।

ਅੱਜ ਸਾਰਿਆਂ ਦੀ ਹਾਜ਼ਰੀ ਜ਼ਰੂਰੀ ਨਹੀ ਸੀ। ਰੀਟਾ ਤਾਂ ਵਿਸ਼ੇਸ਼ ਤੌਰ ’ਤੇ ਬੁਲਾਈ ਗਈ ਸੀ ਤੇ ਸਵਾਮੀ ਆਪਣੀ ਆਦਤ ਅਨੁਸਾਰ ਆਪ ਹੀ ਆ ਗਿਆ ਸੀ। ਖੇਡ ਮੇਲੇ ਵਿਚ ਲਾਕੜੀ ਵਾਂਗ ਜਿਲੇ ਸਿੰਘ ਤਾਂ ਅੱਜ ਦੇ ਸਾਰੇ ਕਾਰਜਾਂ ਦਾ ਧੁਰਾ ਸੀ। ਫੁੱਟਬਾਲ ਵਾਂਗ ਹਰ ਪਲ ਜਗ੍ਹਾ ਬਦਲਦਾ ਸ਼ਾਮੂ, ਸ਼ਾਇਦ ਪੰਨੇ ਨਾਲ ਚਲਾ ਗਿਆ ਸੀ, ਉਸ ਦਾ ਮੂੰਹ ਰੱਖਣ ਲਈ, ਉਸ ਨੂੰ ਸਨਮਾਨਤ ਹੁੰਦਾ ਵੇਖਣ ਲਈ ਡੀ. ਸੀ. ਦੇ ਦਫਤਰ ਵੱਲ।

ਕਾਲੀਏ ਦੇ ਸ਼ੁਭ ਹੱਥਾਂ ਨਾਲ ਕੰਪਿਊਟਰ ਦਾ ਉਦਘਾਟਨ ਕਰਾਉਣ ਤੋਂ ਬਾਅਦ ਜਿਲੇ ਸਿੰਘ ਨੇ ਜੀਪ ਵਿਚੋਂ ਕੁਝ ਪੈਕਟ ਫਾਸਟ ਫੂਡ ਤੇ ਹੋਰ ਪੈਕ ਲਿਆ ਕੇ ਗੈਸਟ ਰੂਮ ਦੇ ਮਾਈਕਰੋਵੇਵ ਹਾਟਕੇਸ ਵਿਚ ਰੱਖ ਦਿਤੇ। ਕਾਲੀਏ ਨੇ ਧੁੜ-ਧੜੀ ਜਿਹੀ ਲਈ। ਜਿਲੇ ਸਿੰਘ ਦੇ ਇਸ਼ਾਰੇ ਨਾਲ ਉੱਠ ਕੇ ਉੱਧਰ ਚਲੇ ਗਏ। ਉਹ ਆਪੇ ਸਾਕੀ ਬਣਿਆ। ਚਿੱਟੇ ਰੰਗ ਦੀ ਸਕਾਚ ਮਾਰਕਾ ਦਾਰੂ, ਪਾਣੀ ਵਾਂਗ ਗਿਲਾਸ ਦਾ ਚੌਥਾ ਕੁ ਹਿੱਸਾ ਢੱਕ ਗਈ। ਚਿੱਟੇ ਸੋਢੇ ਦੀ ਕਮਾਲ! ਸੂੰ... ਸੂੰ... ਕਰਦਾ ਪੌਣਾ ਗਿਲਾਸ ਝੱਗ ਨਾਲ ਭਰ ਗਿਆ।

‘ਬੱਸ! ਬੱਸ!’ ਕਾਲੀਏ ਨੇ ਉਸ ਨੂੰ ਹੋਰ ਪਾਉਣ ਤੋਂ ਮਨ੍ਹਾ ਕੀਤਾ।

‘ਚੀਅਰਜ਼!’ ਉਹਨਾ ਗਿਲਾਸ ਭਿੜਾਏ, ਉੱਪਰ ਨੂੰ ਉਠਾਏ ਤੇ ਫਿਰ ਗਟ-ਗਟ ਕਰਕੇ ਚਾੜ੍ਹ ਗਏ। ਰਾਮ ਲਾਲ ਬਾਹਰ ਖੜਾ ਦੇਖਦਾ ਰਿਹਾ। ਸਵਾਮੀ ਨੇ ਵੀ ਕੁਝ ਔਖਾ-ਔਖਾ ਮਹਿਸੂਸ ਕੀਤਾ।

‘ਇਹ ਵੀ ਤਾਂ ਸਰਿਸ਼ਟਾਚਾਰ ਦੀ ਹੱਦ ਹੁੰਦੀ ਹੈ। ਅਗਲਾ ਪੀਵੇ ਜਾਂ ਨਾ, ਪਰ ਸੁਲਾਹ ਮਾਰਨੀ ਜਾਂ ਅਗਲੇ ਦਾ ਮੂੰਹ ਰੱਖਣਾ ਵੀ ਤਾਂ ਸਮਾਜਕ ਕਦਰਾਂ ਕੀਮਤਾਂ ਦੀ ਲੋੜ ਹੈ।’ ਪਰ ਉਹ ਇਹ ਘੁਟਣ ਵਿਚੇ ਵਿਚ ਨਪੀੜ ਗਏ ਤੇ ਫਿੱਟ ਹੋਏ ਨਵੇਂ ਸੈਟਾਂ ਦਾ ਨਿਰੀਖਣ ਕਰਦੇ ਰਹੇ।

‘ਸੱਚ ਜਾਣਿਉਂ ਕਾਲੀਆ ਸਾਹਬ! ਤੁਹਾਡਾ ਇਹ ਬੱਚਾ ਜਿਸਨੂੰ ਤੁਸੀਂ ਚੁੰਘਣੀ ਨਾਲ ਦੁੱਧ ਪਿਲਾ-ਪਿਲਾ ਕੇ ਖੜਾ ਕੀਤਾ, ਤੁਹਾਡੀ ਦਯਾ-ਦ੍ਰਿਸ਼ਟੀ ਨਾਲ ਤੇ ਤੁਹਾਡੇ ਮਾਰਗ ਦਰਸ਼ਨ ਤੇ ਚੱਲ ਕੇ ਆਪਣੇ ਮਜ਼ਬੂਤ ਪੈਰਾਂ ਤੇ ਖੜਾ ਹੈ। ਅੱਜ ਕੱਲ ਵੱਡਾ ਠੇਕੇਦਾਰ ਹੈ ਸੜਕਾਂ ਦਾ, ਇਮਾਰਤਾਂ ਦਾ ਤੇ ਹੋਰ ਕਈ ਵੱਡੇ ਸਰਕਾਰੀ ਪ੍ਰੋਜੈਕਟਾਂ ਦਾ।’ ਜਿਲੇ ਸਿੰਘ ਨੇ ਇਕ ਹੱਥ ਆਪਣੀ ਹਿੱਕ ’ਤੇ ਮਾਰਿਆ, ਇਕ ਉਸ ਦੀ ਹਿੱਕ ਤੇ, ਤੇ ਫਿਰ ਦੋਵੇਂ ਹੱਥ ਜੋੜ ਕੇ ਉਪਰ ਨੂੰ ਸਿੱਜਦਾ ਕੀਤਾ, ਨਮਸਕਾਰ ਕੀਤੀ ਤੇ ਫਿਰ ਉਸ ਦੇ ਗੋਡੀਂ ਹੱਥ ਲਾਇਆ।

‘ਅਰੇ ਯਹ ਤੋ ਆਪਕੀ ਮਿਹਨਤ ਕਾ ਹੀ ਫਲ ਹੈ, ਹਮ ਕਿਆ ਕਰਨੇ ਵਾਲੇ ਹੈ?’

‘ਪਰ ਮੈਂ ਤਜਰਬਾ ਕੀਤਾ ਹੈ ਸਰ! ਕਿ ਜੋ ਕੰਮ ਪੈਸਾ ਨਹੀ ਕਰ ਸਕਦਾ, ਵਾਕਫੀ ਨਹੀ ਕਰ ਸਕਦੀ, ਉਹ ਇਹ ਸ਼ਰਾਬ ਕਰ ਦਿੰਦੀ ਹੈ। ਮੈਂ ਯਾਰੀਆਂ ਬਣਾਈਆ ਹਨ, ਦੋਸਤੀਆਂ ਹੰਡਾਈਆਂ ਹਨ ਤੇ ਕਈ ਵੱਡੇ-ਵੱਡੇ ਕੰਮ ਕਰਾਏ ਹਨ, ਇਸ ਸ਼ਰਾਬ ਦੇ ਪਿਆਲੇ ਨਾਲ।’ ਜਿਲੇ ਸਿੰਘ ਦਾ ਵਿਖਿਆਣ ਨਿਰੰਤਰ ਚੱਲਦਾ ਰਿਹਾ। ਕਾਲੀਆ ਸਿਰ ਹਿਲਾਂਦਾ ਉਸ ਦਾ ਹੁੰਗਾਰਾ ਭਰਦਾ ਰਿਹਾ। ਬਾਹਰ ਖੜੀ ਜੋੜੀ ਵੇਖ-ਵੇਖ ਕੇ ਸੜਦੀ ਰਹੀ।

‘ਪਰ ਜਨਾਬ! ਤੁਹਾਡੇ ਨਾਲ ਤਾਂ ਮੈਂ ਪੁਰਾਣੀ ਸਾਂਝ ਹੀ ਪੁਗਾਈ ਹੈ। ਬਾਕੀ ਇਸ ਛੋਟੇ ਜਿਹੇ ਸੌਦੇ ’ਚੋਂ ਸਾਡੇ ਪੱਲੇ ਕੀ ਪੈਂਦਾ ਹੈ। ਮਜ਼ਾ ਤਾਂ ਹੈ ਸੜਕਾ ਦੇ ਠੇਕੇ ਦਾ, ਸਰਕਾਰੀ ਇਮਾਰਤਾਂ ਦਾ, ਜਿਥੇ ਕਈ-ਕਈ ਵਾਰੀ ਤਾਂ ਟਰੱਕਾਂ ਦੇ ਟਰੱਕ ਮਿੱਟੀ, ਰੇਤਾ ਤੇ ਸੀਮੇਂਟ ਬੱਜ਼ਰੀ ਹਜ਼ਮ ਕਰ ਲਈਦਾ ਹੈ ਤੇ ਇਹ ਸਭ ਕੁਝ ਕਾਗਜ਼ਾਂ ਵਿਚ ਹੀ ਹੁੰਦਾ ਹੈ ਤੇ ਨਾਲ ਹੀ ਕਾਗਜ਼ਾਂ ਵਿਚ ਹੀ ਮੀਂਹ ਪੈ ਕੇ ਸਭ ਕੁਝ ਇਕੇਰਾਂ ਹੜ ਜਾਂਦਾ ਹੈ ਤੇ ਫਿਰ ਦੋਬਾਰਾ ਕਿਤੇ ਜਾ ਕੇ ਹੇਠਾਂ ਤੋਂ ਲੈ ਕੇ ਉਪਰ ਦੇ ਅਫ਼ਸਰਾਂ ਦਾ ਢਿੱਡ ਭਰ ਕੇ ਮਸੀਂ ਜਾ ਕੇ ਸੜਕ ਤਿਆਰ ਹੁੰਦੀ ਹੈ ... ਇਮਾਰਤ ਖੜੀ ਹੁੰਦੀ ਹੈ।’

‘ਅਰੇ ਭਈ ਉਤਨਾ ਖਾਉ ਜਿਤਨਾ ਪਚ ਜਾਏ।’ ਕਾਲੀਆ ਉਸਨੂੰ ਸਿੱਖਿਆ ਦੇਣ ਲੱਗਾ।

‘ਸਰ ਮੇਰਾ ਹਾਜ਼ਮਾਂ ਬਹੁਤ ਤੇਜ਼ ਹੈ। ਸਭ ਕੁਝ ਬੜੀ ਜਲਦੀ ਹਜ਼ਮ ਕਰ ਜਾਂਦਾ ਹੈ, ਦੇਸੀ ਚੂਰਨ ਵਾਂਗ, ਲੱਕੜ ਹਜ਼ਮ ਪੱਥਰ ਹਜ਼ਮ।’

‘ਅਰੇ ਆਉ ਭਾਈ ... ਲਾਲ ਜੀ! ਸਵਾਮੀ ਜੀ!

ਅਰੇ ਸੌਰੀ ਭਈ! ਆਪ ਬਾਹਰ ਕਿਉਂ ਖੜੇ ਹੋ ... ਅੰਦਰ ਆਓ ਨਾ।’ ਕਾਲੀਆ ਸਾਹਬ ਨੂੰ ਜਿਵੇਂ ਇਕ ਦਮ ਖਿਆਲ ਆਇਆ ਹੋਵੇ।

‘ਕੋਈ ਨਾ ਸਰ! ਗੋ ਆਨ! ਇੰਜਾਏ ਯੂਅਰ ਸੈਲਫ, ਇਹ ਤਾਂ ਸਾਡੇ ਕਰਮਾਂ ਚ ਨਹੀ...।’ ਹਾਸੇ ਦੀ ਮਿਨੀ ਜਿਹੀ ਝਲਕ ਖਿਲਰ ਗਈ।

ਰੀਟਾ ਹੁਕਮ ਅਨੁਸਾਰ ਇੰਜੀਨੀਅਰ ਕੋਲੋਂ ਕੰਪਿਊਟਰ ਬਾਰੇ ਸਿੱਖਦੀ ਰਹੀ, ਜਾਣਕਾਰੀ ਹਾਸਲ ਕਰਦੀ ਰਹੀ। ਉਸ ਨੇ ਲੋੜੀਂਦੀ ਮੁਢਲੀ ਜਾਣਕਾਰੀ ਬਟਨ ਦਬਾ ਕੇ, ਬੰਦ ਕਰਕੇ, ਫਿਰ ਖੋਲ੍ਹ ਕੇ ਬਾਰ ਬਾਰ ਰੀਟਾ ਨੂੰ ਪ੍ਰਦਾਨ ਕੀਤੀ। ਰੀਟਾ ਨੇ ਅਭਿਆਸ ਕੀਤਾ। ਜਿਥੋਂ ਨਾ ਸਮਝ ਆਈ, ਉਹ ਫਿਰ ਉਸ ਉਸਤਾਦ ਤੋਂ ਪੁੱਛ ਲੈਂਦੀ, ਭਾਵੇਂ ਕਈ ਵੇਰਾਂ ਬਟਨ ਦਬਾਣ ਲੱਗਾ ਜਾਂ ਮਾਊਸ ਨੂੰ ਚਲਾਉਣ ਲੱਗਾ ਕਦੇ ਕਦੇ ਜਾਣ ਬੁੱਝਕੇ ਉਸ ਦੀਆਂ ਉਗਲਾਂ ਨੂੰ ਤੇ ਕੋਰੇ ਬਦਨ ਨੂੰ ਛੂਹ ਜਾਂਦਾ। ਕੰਪਿਊਟਰ ਤੇ ਨਵੇਂ ਨਵੇਂ ਰੰਗਾਂ ਦੇ ਉਭਾਰ ਦੇ ਨਾਲ ਰੀਟਾ ਦੇ ਅੰਦਰ ਵੀ ਤਰ੍ਹਾਂ ਤਰ੍ਹਾਂ ਦੀਆਂ ਲਹਿਰਾਂ ਉੱਭਰ ਜਾਂਦੀਆਂ। ਉਹ ਟੇਢੀ ਅੱਖ ਨਾਲ ਉਸ ਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੀ। ਉਸ ਦਾ ਭੋਲਾ ਮਾਸੂਮ

ਜਿਹਾ ਚਿਹਰਾ ਉਸ ਨੂੰ ਕਿਸੇ ਮੈਲ ਤੋਂ ਸਾਫ ਸਾਫ ਪਵਿਤਰ ਨਜ਼ਰ ਆਉਂਦਾ। ਨੀਲੇ ਅਸਮਾਨੀ ਰੰਗ ਦੀ ਉਸ ਦਾ ਕਮੀਜ਼ ਤੇ ਉਸ ਦੇ ਨਾਲ ਰਲਦੀ ਮਿਲਦੀ ਪੈਂਟ ਤੇ ਪਗੜੀ ਉਸ ਦੇ ਵਿਅਕਤਿਤਵ ਨੂੰ ਹੋਰ ਨਿਖਾਰ ਰਹੀ ਸੀ।

'ਨਹੀਂ ਨਹੀਂ ਐਸੇ ਨਹੀਂ।' ਉਸ ਨੇ ਰੀਟਾ ਦਾ ਹੱਥ ਫੜਕੇ ਉਗਲਾਂ ਕੀ ਬੋਰਡ 'ਤੇ ਟਿਕਾ ਦਿੱਤੀਆਂ ਤੇ ਰੀਟਾ ਨੂੰ ਕਾਲਜੇ ਤੱਕ ਧੂਹ ਪਾ ਦਿੱਤੀ। ਉਸ ਨੇ ਫਿਰ ਉਪਰ ਨਜ਼ਰਾਂ ਚੁੱਕੀਆਂ। ਚਾਰ ਅੱਖਾਂ ਟਕਰਾਈਆਂ, ਰੀਟਾ ਦੇ ਅੰਦਰ ਬਿਜਲੀ ਦੌੜ ਪਈ। ਅਜਿਹਾ ਨਵਾਂ ਤਜਰਬਾ ਉਸ ਨੂੰ ਪਹਿਲੀ ਵਾਰ ਹੋਇਆ ਸੀ। ਪਹਿਲੀ ਵਾਰ ਕਿਸੇ ਹਾਣੀ ਨੇ ਉਸ ਨਾਲ ਅਜਿਹੀ ਹਰਕਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਪਹਿਲਾਂ ਵੀ ਤਾਂ ਕਈ ਵੇਰਾਂ ਉਹਨੂੰ ਮਿਲੀ ਸੀ, ਪਰ ਅੱਜ ਦੀ ਮੁਲਾਕਾਤ ਤਾਂ ਕੁਝ ਅਲੋਕਾਰ ਜਿਹੀ ਸੀ।

'ਈਲੂ......ਈਲੂ......? ਦੇਖੋ......!'

ਇਕ ਲੜਕੀ ਹੱਥ ਵਿਚ ਫੁੱਲ ਲਈ ਇਕ ਨੌਜਵਾਨ ਸੁੰਦਰ ਲੜਕੇ ਨੂੰ ਭੇਟ ਕਰ ਰਹੀ ਸੀ। ਉਸਤਾਦ ਨੇ ਇਹ ਤਸਵੀਰ ਸਕਰੀਨ 'ਤੇ ਲਿਆ ਕੇ ਸਿਖਾਂਦਰੂ ਤੋਂ ਇਸ ਦਾ ਪ੍ਰਤੀਕਰਮ ਜਾਨਣਾ ਚਾਹਿਆ। ਰੀਟਾ ਨੇ ਸਕਰੀਨ ਵੱਲ ਨੀਝ ਲਾਈ ਤੇ ਫਿਰ ਮੁਸਕਰਾ ਕੇ ਉਸਤਾਦ ਵੱਲ ਨਜ਼ਰਾਂ ਮਿਲਾ ਕੇ ਸ਼ਰਮਾਂਦੀ ਹੋਈ ਨੀਵੀਂ ਪਾ ਲਈ। ਸਿੱਕੇ ਵਰਗਾ ਸਿੱਕੇ-ਬੰਦ ਉਸ ਦਾ ਤ੍ਰੀਮਤਪਨ ਏਨੀ ਜਲਦੀ ਪਿਘਲ ਜਾਏਗਾ ਉਸ ਨੂੰ ਚਿੱਤ ਚੇਤਾ ਵੀ ਨਹੀਂ ਸੀ। ਉਸ ਨੇ ਬਾਹਰ ਦੇਖਿਆ। ਉਹ ਸਾਰੇ ਆਪਣੀ ਗੱਪ ਸ਼ੱਪ ਵਿਚ ਮਸਤ ਸਨ।

'ਮੇਰੇ ਕੋਲੋਂ ਨਹੀਂ ਸਿਖਿਆ ਜਾਣਾ ਇਹੋ ਜਿਹਾ ਝੱਲ-ਵਲੱਲ।'

'ਨਹੀਂ! ਨਹੀਂ! ਬਹੁਤ ਸੁਖਾਲਾ ਹੈ ਇਹ! ਬੱਸ ਥੋੜ੍ਹੀ ਜਿਹੀ ਹਿੰਮਤ ਦੀ ਲੋੜ ਹੈ, ਪ੍ਰੈਕਟਿਸ ਦੀ ਲੋੜ ਹੈ, ਥੋੜ੍ਹੀ ਜਿਹੀ ਦਿਲਚਸਪੀ ਦੀ ਲੋੜ ਹੈ। ਇਸਦੀ ਪ੍ਰੈਕਟਿਸ ਕਰੋ ਤੇ ਜੇ ਕੋਈ ਮੁਸ਼ਕਿਲ ਆਵੇ ਤਾਂ ਮੈਨੂੰ ਕਨਟੈਕਟ ਕਰ ਲੈਣਾ।' ਉਸਤਾਦ ਨੇ ਜੇਬ 'ਚੋਂ ਕੱਢ ਕੇ ਇਕ ਵਿਜ਼ਿਟਿੰਗ ਕਾਰਡ ਰੀਟਾ ਨੂੰ ਫੜਾਇਆ। ਉਸ ਨੇ ਝਕਦੀ ਝਕਦੀ ਫੜ ਕੇ ਆਪਣੇ ਪਰਸ ਵਿਚ ਪਾ ਲਿਆ। ਦੋਵੇਂ ਉਠ ਕੇ ਬਾਹਰ ਹਾਲ ਵੱਲ ਚਲੇ ਗਏ। ਗੈਸਟ ਰੂਮ 'ਚੋਂ ਵਿਹਲੇ ਹੋ ਕੇ ਕਾਲੀਆ ਅਤੇ ਹਮ ਪਿਆਲੇ ਵੀ ਉਹਨਾਂ ਵੱਲ ਆ ਗਏ।

'ਕਿਉਂ ਬੇਟੇ! ਆਈ ਸਮਝ ਕੁਝ?' ਕਾਲੀਆ ਨੇ ਉਂਗਲ ਉਲਾਰਦੇ ਪੁੱਛ ਕੀਤੀ। 'ਹਾਂ ਜੀ! ਕੁਝ ਹੱਦ ਤੱਕ।' ਰੀਟਾ ਨੇ ਆਪਣੇ ਉਸਤਾਦ ਵੱਲ ਝਾਕਦੇ ਕਿਹਾ।

'ਸਭ ਠੀਕ ਹੋ ਜਾਏਗਾ ਸਰ! ਚੰਗੀ ਹੁਸ਼ਿਆਰ ਸੂਝਵਾਨ ਲੜਕੀ ਹੈ, ਜਲਦੀ ਸਿੱਖ ਜਾਏਗੀ।' ਇੰਜੀਨੀਅਰ ਨੇ ਉਸ ਦੀ ਤਾਰੀਫ਼ ਕਰਕੇ ਉਸ ਨੂੰ ਹੋਰ ਅੰਦਰੋਂ ਜਿੱਤ ਲਿਆ। ਰੀਟਾ ਆਪਣੀ ਸਿਫ਼ਤ ਸੁਣ ਕੇ ਨੌਜਵਾਨ ਤੋਂ ਅਸ਼ ਅਸ਼ ਹੋ ਉੱਠੀ।

ਬਾਹਰਲੇ ਗੇਟ ਤੋਂ ਪੰਨਾ ਤੇ ਸ਼ਾਮੂ ਸਕੂਟਰ ’ਤੇ ਅੰਦਰ ਦਾਖਲ ਹੁੰਦੇ ਵੇਖ ਕੇ ਕਾਲੀਆ ਸਾਹਬ ਤੇਜ਼ ਕਦਮਾਂ ਨਾਲ ਬਾਹਰ ਨਿਕਲੇ।

‘ਹੈਲੋ! ਮੁਬਾਰਕ! ਮੇਰੇ ਬੇਟੇ! ਬਹਾਦਰ ਪੰਨਾ!’

ਉਸ ਨੇ ਗਲਵੱਕੜੀ ਪਾ ਕੇ ਪੰਨੇ ਨੂੰ ਉਪਰ ਚੁੱਕ ਲਿਆ।

‘ਮੁਆਫ ਕਰਨਾਂ ਅਸੀਂ ਆ ਨੀਂ ਸਕੇ! ਇਧਰ ਵੀ ਕੋਈ ਬਹੁਤ ਜ਼ਰੂਰੀ ਕੰਮ ਕਰਨਾ ਸੀ ਤੁਹਾਡੇ ਦਫ਼ਤਰ ਦਾ।’ ਕਾਲੀਏ ਨੇ ਆਪਣੀ ਗੈਰਹਾਜ਼ਰੀ ਦਾ ਸਪੱਸ਼ਟੀਕਰਨ ਦਿੱਤਾ। ‘ਕੋਈ ਨਾ ਸਰ! ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਹਾਡੀ ਹਲਾਸ਼ੇਰੀ ਤੇ ਥਪਾਕੀ ਲਈ ਬਹੁਤ ਸ਼ੁਕਰੀਆ।’ ਪੰਨੇ ਨੇ ਆਪਣੇ ਸਕੂਟਰ ’ਚੋਂ ਕੱਢ ਕੇ ਹਾਰ ਕਾਲੀਆ ਸਾਹਬ ਦੇ ਗੁਲ ਪਾ ਦਿੱਤਾ ਤੇ ਉਹ ਸਾਰੇ ਹੱਸਦੇ ਹੱਸਦੇ ਅੰਦਰ ਚਲੇ ਗਏ।

ਇੱਕੀ ਹਜ਼ਾਰ ਰੁਪੈ ਦਾ ਚੈੱਕ, ਸਨਮਾਨ ਪੱਤਰ ਤੇ ਮੋਮੈਂਟੋ ਪੰਨੇ ਨੇ ਲਿਆ ਕੇ ਸਾਹਬ ਦੇ ਮੇਜ਼ ’ਤੇ ਟਿਕਾ ਦਿੱਤੇ।

‘ਇਹ ਪੰਨੇ ਦੀ ਹੀ ਨਹੀਂ! ਸਾਡੇ ਦਫ਼ਤਰ ਦੀ, ਮਹਿਕਮੇ ਦੀ, ਸਾਡੇ ਪੂਰੇ ਟੱਬਰ ਦੀ ਸ਼ਲਾਘਾ ਹੋਈ ਹੈ, ਇਸ ਸਨਮਾਨ ਨਾਲ! ਸਾਡਾ ਮਹਿਕਮਾ ਇਸ ਪੰਨੇ ਕਰਕੇ ਹੀ ਅਖ਼ਬਾਰਾਂ ਦੀਆਂ ਮੋਟੀਆਂ ਸੁਰਖੀਆਂ ਬਣਿਆ ਹੈ।’ ਸ਼ਾਮੂ ਨੇ ਹਿੱਕ ਚੌੜੀ ਕਰਕੇ ਅੱਜ ਦੇ ਹੋਏ ਸਨਮਾਨ ਸਮਾਰੋਹ ਦਾ ਸਾਰਾ ਹਾਲ ਬਿਆਨ ਕੀਤਾ। ਲਾਲ ਸਾਹਬ ਨੇ ਪੰਨੇ ਨੂੰ ਸ਼ਾਬਾਸ਼ ਦਿੱਤੀ। ਜਿਲੇ ਸਿੰਘ ਨੇ ਪੰਨੇ ਨੂੰ ਬਾਹਵਾਂ ਚ ਘੁੱਟ ਕੇ ਮੁਬਾਰਕ ਕਹੀ। ਸਵਾਮੀ ਨੇ ਵੀ ਸ਼ਰਮਿੰਦੇ ਜਿਹੇ ਮਨ ਨਾਲ ਲੰਮਾਂ ਹੱਥ ਪੰਨੇ ਵੱਲ ਵਧਾਇਆ ਤੇ ਵਧਾਈ ਕਹੀ।

ਸਨਮਾਨ ਚਿੰਨ੍ਹ ਤੇ ਮਾਣ ਪੱਤਰ ਦੇ ਇਕ ਇਕ ਸ਼ਬਦ ਕਾਲੀਆ ਸਾਹਬ ਤੇ ਲਾਲ ਸਾਹਬ ਨੂੰ ਅਥਾਹ ਪ੍ਰਸੰਸਾ ਦੇ ਰਹੇ ਸਨ।

‘ਲਾਲ ਸਾਹਬ! ਆਪ ਕੇ ਦਫਤਰ ਮੈਂ ਇਤਨਾ ਬੜਾ ਹੀਰਾ ਹੈ ਜੋ ਸਾਰੀ ਦੁਨੀਆ ਮੇਂ ਜਗਮਗਾ ਉਠਾ ਹੈ ਔਰ ਆਪ ਅਭੀ ਭੀ ਅੰਧੇਰੇ ਮੇਂ ਹੈਂ।’

‘ਹਮ ਭੀ ਕੱਲ ਇਸ ਕਾ ਸਨਮਾਨ ਕਰੇਂਗੇ।’

‘ਹਾਂ ਹਾਂ। ਬਿਲਕੁਲ ਦਰੁਸਤ, ਬਿਲਕੁਲ ਠੀਕ ਸੋਚਾ ਆਪਨੇ ਦੇਰ ਆਏ ਦਰੁਸਤ ਆਏ।’ ਕਾਲੀਆ ਖਿੜਖਿੜਾ ਕੇ ਹੱਸ ਪਿਆ ਤੇ ਪੰਨੇ ਦੇ ਮੋਢੇ ’ਤੇ ਥਪਾਕੀ ਦਿੱਤੀ।

ਪੰਨੇ ਦੇ ਮਨ ਦੀ ਉਦੇੜ ਬੁਣ ਇਕ ਸੁਪਨੇ ਵਾਂਗ ਉਸ ਦੇ ਸਾਹਮਣੇ ਫਿਰ ਗੁਜ਼ਰ ਗਈ।

ਬੜੇ ਵੱਡੇ ਸਾਰੇ ਸ਼ਿੰਗਾਰੇ ਹੋਏ ਪੰਡਾਲ ਵਿਚ ਪੰਨੇ ਨੇ ਤਾੜੀਆਂ ਦੇ ਸਵਾਗਤ ਨਾਲ ਪ੍ਰਵੇਸ਼ ਕੀਤਾ। ਸ਼ਹਿਰ ਦੇ ਮੰਨੇ ਪ੍ਰਮੰਨੇ ਪਤਵੰਤੇ ਵੀ. ਆਈ. ਪੀਜ਼. ਨੇ ਉਠ ਕੇ ਉਸ ਨੂੰ

ਜੀ ਆਇਆਂ ਕਿਹਾ। ਏ. ਡੀ. ਸੀ. ਨੇ ਪੰਨੇ ਦੇ ਗਲ ਹਾਰ ਪਾਇਆ। ਕੈਮਰਾ ਤੇ ਵੀਡੀਉ ਵਾਲੇ ਉਸ ਦੇ ਅੱਗੇ ਪਿਛੇ ਹੋ ਕੇ, ਸਿੱਧੇ ਪੁੱਠੇ ਕੋਡੇ ਹੋ ਕੇ ਫੋਟੋ ਲੈਣ ਵਿਚ ਵਿਅਸਥ ਸਨ। ਏ. ਡੀ. ਸੀ. ਨੇ ਬੜੇ ਆਦਰ ਮਾਣ ਨਾਲ ਪੰਨੇ ਨੂੰ ਸਟੇਜ ਤੇ ਲਿਜਾ ਕੇ ਵਿਚਕਾਰਲੀ ਕੁਰਸੀ 'ਤੇ ਬਿਠਾ ਦਿੱਤਾ। ਸਟੇਜ ਸੈਕਟਰੀ ਨੇ ਪੰਨੇ ਦੀ ਆਮਦ ਤੇ ਉਸ ਦੀ ਉਸਤਤ ਦੇ ਪੁਲ ਬੰਨ੍ਹ ਦਿੱਤੇ। ਸਾਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ।

ਪੰਨੇ ਨੇ ਵੇਖਿਆ ਸਾਹਮਣੇ ਪਹਿਲੀ ਲਾਈਨ ਵਿਚ ਸਮਾਜ ਦੇ ਹਰ ਵਰਗ ਦੇ ਨੁਮਾਇੰਦੇ ਉਸ ਵੱਲ ਨਿਗਾਹ ਟਿਕਾਈ ਬੈਠੇ ਸਨ। ਮੋਟੇ ਪਤਲੇ, ਕਾਲੇ, ਗੋਰੇ, ਪਗੜੀ ਵਾਲੇ, ਟੋਪੀ ਵਾਲੇ, ਕੁੱਲੇ ਵਾਲੇ ਤੇ ਹੋਰ ਅਮਨ ਕਮੇਟੀ ਦੇ ਸਾਰੇ ਮੈਂਬਰ ਉਸ ਸਮਾਗਮ ਵਿਚ ਉਪਸਥਿਤ ਸਨ।

'ਪੰਨਾ ਸਿੰਘ ਜੋ ਇਕ ਸਰਕਾਰੀ ਮਹਿਕਮੇ ਦਾ ਜ਼ਿੰਮੇਵਾਰ ਅਧਿਕਾਰੀ ਹੈ, ਨੂੰ ਆਪਣੀ ਡਿਊਟੀ ਤੋਂ ਵਾਪਸ ਆਉਂਦੇ ਰਸਤੇ ਵਿਚ ਸਮਾਜ ਦੁਸ਼ਮਣ ਬੱਚੇ ਚੁੱਕ ਗਰੋਹ ਦਾ ਸਾਹਮਣਾ ਕਰਨਾ ਪਿਆ। ਉਸ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਉਹਨਾਂ ਅਗਵਾਕਾਰਾਂ ਕੋਲੋਂ ਦੋਵੇਂ ਬੱਚੇ ਛੁਡਾ ਲਏ ਤੇ ਉਹਨਾਂ ਨੂੰ ਦੌੜਨ ਲਈ ਮਜਬੂਰ ਕਰ ਦਿੱਤਾ। ਉਹਨਾਂ ਦੀ ਚਲਾਈ ਗੋਲੀ ਉਸ ਤੋਂ ਪਾਸੇ ਨਿਕਲ ਗਈ। ਸਾਡੀ ਸਰਕਾਰ ਉਸ ਦੇ ਇਸ ਬਹਾਦਰ ਕਾਰਨਾਮੇ ਤੋਂ ਬਹੁਤ ਆਭਾਰੀ ਹੈ ਤੇ ਉਸ ਨੂੰ ਸਨਮਾਨ ਕਰਨ ਦਾ ਮਾਣ ਹਾਸਲ ਕਰ ਰਹੀ ਹੈ। ਉਸਨੂੰ ਇਸ ਤੋਂ ਹੋਰ ਉਚੇਰਾ ਇਨਾਮ ਦੇਣ ਲਈ ਭਾਰਤ ਦੇ ਰਾਸ਼ਟਰਪਤੀ ਨੂੰ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ।'

ਸਟੇਜ ਸਕੱਤਰ ਨੇ ਸਨਮਾਨ ਪੱਤਰ ਪੜਿਆ। ਡੀ. ਸੀ. ਸਾਹਿਬ ਤੇ ਹੋਰ ਉੱਘੇ ਸਮਾਜ ਸੇਵਕ ਹਸਤੀਆਂ ਦੇ ਸ਼ੁਭ ਹੱਥਾਂ ਨਾਲ ਪੰਨੇ ਨੂੰ ਭੇਟ ਕੀਤਾ। ਬਾਰ ਬਾਰ ਪੰਡਾਲ ਤਾੜੀਆਂ ਨਾਲ ਗੂੰਜਦਾ ਰਿਹਾ। ਡਾਕੂਆਂ ਤੋਂ ਛੁਟੇ ਹੋਏ ਬੱਚੇ ਸਟੇਜ ਤੇ ਆ ਕੇ ਪੰਨੇ ਦੇ ਆਸੇ ਪਾਸੇ ਬੈਠ ਗਏ। ਬੱਚਿਆਂ ਦੀ ਮਾਂ ਨੇ ਸਟੇਜ ਤੇ ਆ ਕੇ ਪੰਨੇ ਦਾ ਬਹੁਤ ਬਹੁਤ ਧੰਨਵਾਦ ਕੀਤਾ। ਬੱਚਿਆਂ ਦੇ ਬਾਪ ਦੀ ਗੈਰਹਾਜ਼ਰੀ ਸਾਰੇ ਪੰਡਾਲ ਵਿਚ ਰੜਕਦੀ ਰਹੀ। 'ਪਰ ਉਹ ਕੋਈ ਹੋਰ ਬਹੁਤ ਜ਼ਰੂਰੀ ਕੰਮ ਕਰਕੇ ਨਹੀਂ ਆ ਸਕੇ।' ਬੱਚਿਆਂ ਦੀ ਮਾਂ ਦੇ ਇਸ ਸੁਨੇਹੇ ਨੇ ਕੰਮ ਸਾਰ ਦਿੱਤਾ। ਹੋਰ ਸਾਰੇ ਸਮਾਜ ਸੇਵਕਾਂ ਤੇ ਅਮਨ ਕਮੇਟੀ ਦੇ ਮੈਂਬਰਾਂ ਨੇ ਸਮਾਜ ਦੇ ਹਰ ਨੌਜਵਾਨ ਨੂੰ ਪੰਨੇ ਦੇ ਪੈਰ ਚਿੰਨ੍ਹਾਂ 'ਤੇ ਚੱਲਣ 'ਤੇ ਜ਼ੋਰ ਦਿੱਤਾ। ਪੰਨੇ ਦੇ ਸਾਰੇ ਕਾਰਨਾਮੇ ਦਾ ਵਧਾ ਚੜ੍ਹਾ ਕੇ ਪ੍ਰਚਾਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ।

'ਸਰ! ਕਹੀਂ ਮੁਜੇ ਔਰ ਖੁਲ੍ਹਾ ਸਮਾਂ ਦੋ, ਹਮ ਕਹੀਂ ਬਾਹਰ ਪਿਕਨਿਕ ਪੇ ਜਾਏਂਗੇ ਔਰ ਖੁੱਲ੍ਹ ਕੇ ਗੁਫਤਗੂ ਕਰੇਂਗੇ।' ਕਾਲੀਆ ਸਾਹਬ ਨੂੰ ਮੁਖਾਤਬ ਜਿਲੇ ਸਿੰਘ ਦੀ ਚੂੰਡੀ ਨੇ ਪੰਨੇ ਨੂੰ ਫਿਰ ਵਾਪਸ ਦਫਤਰ ਦੇ ਚੌਗਿਰਦੇ ਵਿਚ ਲੈ ਆਂਦਾ।

'ਠੀਕ ਹੈ, ਮੈਂ ਹੀ ਨਹੀਂ! ਸਾਰਾ ਸਟਾਫ਼ ਚਲੇਗਾ। ਉਧਰ ਬਾਹਰ ਜਾ ਕੇ ਨਾਲੇ ਸਭ ਕੀ ਗ਼ਲਤ ਫ਼ਹਿਮੀਆਂ ਦੂਰ ਹੋਗੀ, ਖੁਸ਼ਗਵਾਰ ਮਾਹੌਲ ਵਿਚ ਤੇ ਹੋਰ ਸਭ ਇੰਜਾਏ ਕਰੇਂਗੇ, ਗੈਟ ਟੂ-ਗੈਦਰ ਮੇਂ।' ਕਾਲੀਆ ਸਾਹਿਬ ਦੀ ਹਰੀ ਡੰਡੀ ਨਾਲ ਸਭ ਦੇ ਚਿਹਰੇ ਤੇ ਨਵੀਂ ਰੌਣਕ ਨਿੱਤਰ ਆਈ। ਸਵਾਮੀ ਨੇ ਵੀ ਕੁਝ ਕੁਝ ਆਰਾਮ ਮਹਿਸੂਸ ਕੀਤਾ।

'ਨੰਗਲ ਚਲੇਂਗੇ ਸਰ! ਬੜੀ ਅੱਛੀ ਸੈਰ ਸਪਾਟੇ ਵਾਲੀ ਜਗ੍ਹਾ ਹੈ, ਰਮਣੀਕ ਸਥਾਨ ਹੈ, ਕੁਦਰਤ ਦੀ ਗੋਦ ਵਿਚ ਕੁਝ ਪਲ ਗੁਜਾਰੇਂਗੇ।'

'ਠੀਕ ਹੈ ਜਨਾਬ! ਔਰ ਉਸੀ ਜਗਾ ਹਮ ਅਪਨੇ ਪੰਨੇ ਦੇ ਗਲੇ ਮੇਂ ਭੀ ਪ੍ਰੇਮ ਮਾਲਾ-ਡਾਲੇਂਗੇ, ਭੇਟ ਕਰੇਂਗੇ।' ਲਾਲ ਸਾਹਿਬ ਨੇ ਨੰਬਰ ਬਣਾਨ ਦੀ ਠਾਣੀ। ਉਸ ਨੇ ਪੰਨੇ ਨੂੰ ਬੜੇ ਹੀ ਪ੍ਰੇਮ ਭਿੱਜੇ ਲਹਿਜੇ ਵਿਚ ਉਸ ਦੀ ਬਹਾਦਰੀ ਦਾ ਇਵਜਾਨਾ ਦੇਣ ਦਾ ਸੰਕੇਤ ਦਿੱਤਾ।

ਬਾਹਰ ਫਿਰ ਹਿਲੱਜੁਲ ਹੋਈ! ਸਾਰੇ ਸਾਹ ਸੂਤ ਕੇ ਬਾਹਰ ਦੇਖਣ ਲੱਗੇ। ਟੋਪੀ ਰਾਮ, ਪਗੜੀ ਰਾਮ ਤੇ ਕੁੱਲੇ ਸ਼ਾਹ ਬਾਹਵਾਂ ਖਿਲਾਰਦੇ ਆਣ ਪਧਾਰੇ।

'ਪੰਨੇ ਸਿੰਘ ਜੀ ਹੁਣਾਂ ਨੂੰ ਮਿਲਨਾਂ।' ਟੋਪੀ ਰਾਮ ਕੱਚੀ ਜਿਹੀ ਹਾਸੀ ਹੱਸਦੇ ਅੱਗੇ ਆਇਆ।

'ਹਾਂ ਜੀ!' ਪ੍ਰਧਾਨ ਜੀ। ਨਮਸਤੇ! ਧੰਨਵਾਦ ਤੁਹਾਡਾ। ਆਓ, ਜੀ ਆਇਆਂ ਨੂੰ। ਤੁਸੀਂ ਏਡੀ ਤਕਲੀਫ਼ ਕੀਤੀ, ਮੈਨੂੰ ਫੋਨ ਕਰਦੇ ਮੈਂ ਆਪ ਹੀ ਹਾਜ਼ਰ ਹੋ ਜਾਂਦਾ।' ਪੰਨੇ ਨੇ ਆਓ ਭਗਤ ਕੀਤੀ।

'ਨਹੀਂ ਜਨਾਬ! ਪੰਨਾ ਜੀ! ਸਾਡੀ ਤਾਂ ਕਲਗੀ ਉੱਡ ਕੇ ਪਹਾੜ ਚੜ੍ਹ ਗਈ। ਅਸੀਂ ਸਿਫਾਰਸ਼ ਕਰਦੇ ਕਰਦੇ ਅੱਡੀਆਂ ਘਸਾ ਲਈਆਂ ਤੇ ਤੁਸੀਂ! ਇਨਾਮ ਲੈ ਕੇ ਇਕੱਲੇ ਡਕਾਰ ਗਏ।'

'ਆਓ ਵੈਲ ਕਮ।' ਪੰਨਾ ਟੋਪੀ ਰਾਮ ਨੂੰ ਦੂਜੈ ਪਾਸੇ ਲੈ ਤੁਰਿਆ।

'ਸਰ ਸੇਵਾ ਦੱਸੋ। ਮੈਂ ਹਾਜ਼ਰ ਹਾਂ, ਪਰ ਮੈਂ ਇਹ ਇਨਾਮ ਕੋਈ ਭੀਖ ਮੰਗ ਕੇ ਨਹੀਂ ਲਿਆ, ਨਾ ਹੀ ਮੈਂ ਤੁਹਾਡੀ ਸਿਫਾਰਸ਼ ਪੁਆਈ ਹੈ, ਫਿਰ ਵੀ ਮੈਂ ਤਾਬਿਆਦਾਰ ਹਾਂ।

ਕਾਕਾ ਰਾਮ!' ਉਸ ਨੇ ਚਪੜਾਸੀ ਨੂੰ ਬੁਲਾਇਆ।

'ਜਾਹ ਦੌੜ ਕੇ ਕੋਕ ਲੈ ਆ ਜਲਦੀ ਇਹ ਵਿਸ਼ੇਸ਼ ਮਹਿਮਾਨ ਨੇ।'

'ਨਹੀਂ ਕਾਕਾ! ਨਹੀਂ! ਇਹ ਸਨਮਾਨ ਤਾਂ ਅਸੀਂ ਸਿਫਾਰਸ਼ ਕੀਤਾ ਬੇਟਾ! ਇੱਕੀ ਹਜ਼ਾਰ ਇਹ! ਇਕ ਤਰੱਕੀ। ਤੇ ਫਿਰ ਰਾਸ਼ਟਰਪਤੀ ਦਾ ਪੁਰਸਕਾਰ! ਹੀ ਹੀ ਹੀ।' ਉਸ ਨੇ ਸ਼ੈਤਾਨਾਂ ਵਾਲੀ ਹਾਸੀ ਹੱਸਦੇ ਕਹੀ।

'ਮੈਂ ਹਾਜ਼ਰ ਹਾਂ, ਜਨਾਬ! ਮੈਂ ਇਕੇਰਾਂ ਗਲਤੀ ਕਰ ਬੈਠਾ। ਫਿਰ ਨਹੀਂ ਕਰਾਂਗਾ। ਪਹਿਲਾਂ ਛੇ ਘੰਟੇ ਮੈਨੂੰ ਪੁਲਿਸ ਨੇ ਪ੍ਰੇਸ਼ਾਨ ਕੀਤਾ। ਅਪਰਾਧੀਆਂ ਦਾ ਪਿੱਛਾ ਕਰਨ ਦੀ ਥਾਂ ਮੇਰੀ ਛਾਣ ਬੀਣ ਕਰਦੇ ਰਹੇ। ਪਤਾ ਨਹੀਂ ਕਿੰਨਾ ਚਿਰ ਹੋਰ ਮੇਰਾ ਪਿੱਛਾ ਕਰਦੇ ਰਹਿਣਗੇ ਤੇ ਪੱਤਰਕਾਰਾਂ ਦਾ ਤਾਂ ਕੋਈ ਅੰਤ ਹੀ ਨਹੀਂ।'

'ਨਹੀਂ ਬੇਟੇ ਨਹੀਂ ਤੇਰੇ ਇੱਕੀ ਹਜ਼ਾਰ ਦਾ ਅੱਧਾ ਹਿੱਸਾ ਮੇਰਾ ਬਣਦਾ ਹੈ। ਜਿਸ ਵਿਚੋਂ ਉਪਰਲੇ ਅਧਿਕਾਰੀਆਂ ਦੇ ਦਫਤਰ ਦੇ ਕਲਰਕ ਤੋਂ ਲੈ ਕੇ ਉਪਰ ਤੱਕ ਸਭ ਨੂੰ ਪ੍ਰਸੈਂਟੇਜ ਜਾਂਦੀ ਹੈ। ਇਹੋ ਜਿਹੇ ਸਰਕਾਰੀ ਭੁਗਤਾਨ ਦਾ ਦਸਵੰਧ ਕੱਢਣਾ ਹੀ ਪੈਂਦਾ ਹੈ। ਬਾਕੀ ਮੈਂ ਤੇਰੀ ਪਿੱਠ ਤੇ ਹਾਂ। ਤੇਰੀ ਵਾਅ ਵੱਲ ਕੋਈ ਨਹੀਂ ਵੇਖ ਸਕਦਾ।' ਟੋਪੀ ਰਾਮ ਦੇ ਵਿਖਿਆਣ ਨਾਲ ਉਸ ਦਾ ਪਸੀਨਾ ਚੋਅ ਪਿਆ।

'ਅੱਛਾ ਜਨਾਬ! ਮੈਂ ਦਿਆਂਗਾ, ਜੋ ਕਹੋ ਮੈਂ ਦਿਆਂਗਾ।' ਉਸਨੇ ਆਪਣਾ ਪਿੱਛਾ ਛੁਡਾਣਾ ਚਾਹਿਆ।

'ਪਰ ਚੈੱਕ ਤਾਂ ਕੈਸ਼ ਹੋਣ ਦਿਉ, ਮੇਰਾ ਖਹਿੜਾ ਛੱਡੋ।' ਖਿੱਝਦੇ ਹੋਏ ਪੰਨੇ ਨੇ ਜੇਬ ਨੂੰ ਹੱਥ ਮਾਰਿਆ।

'ਨਹੀਂ ਬੇਟੇ ਚੈੱਕ ਤਾਂ ਸਰਕਾਰੀ ਹੈ, ਕੈਸ਼ ਤਾਂ ਹੋ ਹੀ ਜਾਏਗਾ..... ਸਾਨੂੰ?' ਹੱਸਦੇ ਹਨ।

'ਮੇਰੀ ਜੇਬ ਵਿਚ ਤਾਂ ਕੇਵਲ ਦੋ ਸੌ ਹੀ ਹਨ। ਕੀ ਕਰੋਗੇ ਇਸਦਾ?' ਉਹਨੇ ਫਿਰ ਛਿੱਥਾ ਜਿਹਾ ਹੋ ਕੇ ਉਹਨਾਂ ਦਾ ਪ੍ਰਤੀਕਰਮ ਉਡੀਕਿਆ।

'ਕੋਈ ਨੀ, ਇਹ ਹੀ ਦੇ ਦਿਉ, ਬਾਕੀ ਫੇਰ ਦੇਖ ਲਵਾਂਗੇ। ਅਸੀਂ ਆਪ ਤੇਰੇ ਘਰ ਆ ਜਾਵਾਂਗੇ। ਤੇਰੇ ਵਾਲਦਾਂ ਨੂੰ ਮੁਬਾਰਕ ਦੇ ਆਵਾਂਗੇ।' ਉਹਨਾਂ ਦੇ ਢੀਠਪੁਣੇ ਵਾਲੀ ਜ਼ਿਦ ਵੇਖ ਕੇ ਉਸਨੇ ਦੋ ਸੌ ਰੁਪੈ ਉਹਨਾਂ ਨੂੰ ਫੜਾ ਕੇ ਜੇਬ ਖਾਲੀ ਕਰ ਲਈ।

'ਅੱਛਾ ਧੰਨਵਾਦ ਸ਼ੁਕਰੀਆ।' ਕਹਿੰਦੇ ਉਹ ਚਲੇ ਗਏ।

ਉਸਨੂੰ ਖਿਆਲ ਆਇਆ ਕਿਦਾਂ ਸੜਕ 'ਤੇ ਦੁਰਘਟਨਾਂ ਹੋਣ ਸਮੇਂ, ਪਾਸੇ ਲੰਘਣ ਵਾਲੇ ਲੋਕ ਇਹਨਾਂ ਕਰਿੰਦਿਆਂ ਤੋਂ ਡਰਦੇ ਹੀ ਜ਼ਖਮੀ ਬੰਦਿਆਂ ਨੂੰ ਹਸਪਤਾਲ ਪਹੁੰਚਾਉਣ ਤੇ ਮਦਦ ਕਰਨ ਤੋਂ ਕਤਰਾਂਦੇ ਹਨ। ਲੋਕ ਤਾਂ ਇਕੱਲੀ ਪੁਲਸ ਨੂੰ ਬਦਨਾਮ ਕਰਦੇ ਹਨ, ਪਰ ਇਥੇ ਤਾਂ ਆਵਾ ਹੀ ਊਤਿਆ ਪਿਆ ਹੈ। ਜੇ ਮੈਂ ਉਹਨਾਂ ਦੀ ਗੋਲੀ ਨਾਲ ਮਰ ਜਾਂਦਾ ਤਾਂ ਮੇਰੀ ਸਾਰ ਕਿਸ ਨੇ ਲੈਣੀ ਸੀ? ਮੇਰੇ ਵਾਰਸਾਂ ਨਾਲ ਵੀ ਇਹੀ ਸਲੂਕ ਹੋਣਾ ਸੀ।' ਪੰਨਾ ਮਨ ਹੀ ਮਨ ਵਿਚ ਬਹੁਤ ਕਲਪ ਉਠਿਆ। ਉਸ ਨੂੰ ਸਨਮਾਨ ਦੇ ਇਹ ਹਾਰ ਗਲ ਪਾਏ ਫਨੀਅਰ ਸੱਪ ਜਾਪਣ ਲੱਗੇ। ਉਸ ਨੂੰ ਇਸ ਗੱਲ ਦਾ ਹੁਣ ਜ਼ਰਾ ਜਿੰਨਾ ਵੀ ਸ਼ੱਕ

ਸੁਭਾ ਨਹੀਂ ਸੀ ਜੋ ਉਸ ਨੇ ਪਿਛਲੇਰੇ ਦਿਨਾਂ ਵਿਚ ਸੁਣਿਆ ਸੀ ਕਿ ਅੱਤਵਾਦ ਦੇ ਸ਼ਹੀਦਾਂ ਦੇ ਵਾਰਸਾਂ ਤੇ ਵਿਧਵਾਵਾਂ ਨਾਲ ਜਾਂ ਭਾਰਤ ਦੀ ਸਰਹੱਦ ਦੀ ਰਾਖੀ ਕਰਦੇ ਉਹਨਾਂ ਸ਼ਹੀਦਾਂ ਦੇ ਵਾਰਸਾਂ ਤੇ ਵਿਧਵਾਵਾਂ ਤੇ ਬੱਚਿਆਂ ਨਾਲ ਵੀ ਇਹ ਦਰਿੰਦੇ ਤੇ ਸਮਾਜਕ ਠੇਕੇਦਾਰ ਇਹੀ ਵਿਵਹਾਰ ਕਰਦੇ ਰਹੇ ਹਨ, ਪ੍ਰਸੈਂਟੇਜ਼ ਮੰਗਦੇ ਰਹੇ ਹਨ। ਖੱਜਲ ਖਰਾਬੀ ਕਰਦੇ ਰਹੇ ਹਨ।' ਉਸ ਦੇ ਸਰੀਰ ਦਾ ਅੰਗ ਅੰਗ ਤੜਫ ਉਠਿਆ।

'ਮੈਂ ਕੀ ਗੁਨਾਹ ਕੀਤਾ ਹੈ? ਇਹ ਲੋਕ ਮੈਨੂੰ ਸਨਮਾਨ ਕਰ ਰਹੇ ਨੇ ਜਾਂ ਬਲੈਕਮੇਲ ਕਰ ਰਹੇ ਨੇ? ਪਰ ਨਗਾਰਖਾਨੇ ਵਿਚ ਤੂਤੀ ਦੀ ਆਵਾਜ਼ ਕੌਣ ਸੁਣੇਗਾ? ਪਹਿਲਾਂ ਤਾਂ ਉਹ ਆਪਣੇ ਹੀ ਛੋਟੇ ਜਿਹੇ ਦਫ਼ਤਰ ਵਿਚ ਸਿਆਸਤ ਦਾ ਸ਼ਿਕਾਰ ਹੋਇਆ ਤੇ ਫਿਰ ਜਦ ਬਾਹਰ ਨਿਕਲਣ ਦਾ ਮੌਕਾ ਮਿਲਿਆ ਤਾਂ ਹਰ ਮੋੜ ਤੇ ਹਰ ਪੈਰ 'ਤੇ ਸਮਾਜ ਦੇ ਖ਼ੂਨ ਪੀਣ ਵਾਲੇ ਚਿੱਟੇ ਮਖੌਟੇ ਵਾਲੇ ਟੋਪੀਧਾਰੀ ਉਸ ਨੂੰ ਚਿੜਾਉਣ ਲੱਗੇ, ਉਸ ਦੀ ਰਾਹ ਉਡੀਕਣ ਲੱਗੇ। ਉਸ ਨੂੰ ਰਾਹ ਤੋਂ ਭਟਕਾਉਣ ਲੱਗੇ।' ਅੰਤਾਂ ਦੀ ਅੰਦਰੀਵੀ ਪੀੜਾ ਉਸ ਦੀਆਂ ਨਾੜਾਂ ਦਾ ਜ਼ਰਾ ਜ਼ਰਾ ਨੋਚਦੀ ਰਹੀ, ਪੱਛਦੀ ਰਹੀ।

ਦਫ਼ਤਰ ਵਿਚ ਅੰਦਰੋ ਅੰਦਰੀ ਕੁਝ ਕਾਨਾ ਫੂਸੀ ਹੋਈ। ਅੰਦਰਲੇ ਕਮਰੇ 'ਚੋਂ ਬਾਹਰ ਤੇ ਫਿਰ ਹਾਲ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਪਿਕਨਿਕ ਦੀ ਸਕੀਮ ਨੇ ਦਫ਼ਤਰ ਦੇ ਖੁਸ਼ਕ ਵਾਤਾਵਰਣ ਦੀ ਸਾੜ੍ਹਸਤੀ ਉਤੇ ਅਰਮਾਨ ਤੇ ਮੁਸਕਾਨ ਦੀ ਫੁਹਾਰ ਛਿੜਕ ਦਿਤੀ। ਜਿਹਨਾਂ ਨੰਗਲ ਦੇਖਿਆ ਸੀ ਉਹ ਮਾਨਸਿਕ ਉਡਾਰੀ ਨਾਲ ਪਹਾੜਾਂ ਦੀ ਗੋਦ ਵਿਚ ਪਹੁੰਚ ਗਏ ਤੇ ਜਿਸ ਨੇ ਨਹੀਂ ਸੀ ਵੇਖਿਆ ਉਹ ਅਖ਼ਬਾਰਾਂ 'ਚੋਂ ਪੜੇ ਗੋਬਿੰਦ ਸਾਗਰ ਦੇ ਨਜ਼ਾਰੇ, ਭਾਖੜਾ ਡੈਮ ਦੇ ਮਨਮੋਹਕ ਦ੍ਰਿਸ਼ ਕੁਦਰਤ ਦੀਆਂ ਰੰਗੀਨੀਆਂ ਤੇ ਪਹਾੜਾਂ ਦੀਆਂ ਰਹਿਮਤਾਂ ਨਾਲ ਮੇਲ ਕਰਦੇ ਉਥੇ ਪਹੁੰਚਣ ਦੇ ਛਿਣਾਂ ਦਾ ਬੜੀ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗੇ। ਦਫ਼ਤਰ ਦਾ ਸਾਰਾ ਸਾਮਾਨ ਸਮੇਟ ਕੇ ਕੁੰਡੇ ਜਿੰਦੇ ਲਗਾ ਕੇ ਅਗਲੇ ਦਿਨ ਮਿਲਨ ਦੇ ਇਕਰਾਰ ਕਰਦੇ ਨਵੀਆਂ-ਨਵੀਆਂ ਉਮੰਗਾਂ ਲੈ ਕੇ ਸਾਰੇ ਇਕ ਦੂਜੇ ਨੂੰ ਅਲਵਿਦਾ ਕਹਿ ਕੇ ਘਰਾਂ ਨੂੰ ਪਰਤ ਗਏ।

ਪੰਨਾ ਚਾਹੁੰਦਾ ਸੀ, ਉਹ ਅੱਜ ਸ਼ਾਮ ਦੇ ਕੁਝ ਪਲ ਕਾਲੀਆ ਸਾਹਬ ਨਾਲ ਸਾਂਝੇ ਕਰੇ। ਪਰ ਪਰੇ ਖੜੀ ਤਿਕੜੀ ਨੇ ਉਸ ਦੀ ਇਹ ਦਾਲ ਨਾ ਗਲਨ ਦਿਤੀ।

'ਚਲੋ ਕੱਲ ਸਹੀ! ਉਥੇ ਖੁਲ੍ਹਾ ਸਮਾਂ ਮਿਲੇਗਾ...।' ਆਪਣੀਆਂ ਭਾਵਨਾਵਾਂ ਕੱਲ ਦੇ ਮਿਲਣ ਲਈ ਰਾਖਵੀਆਂ ਰੱਖ ਕੇ ਪੰਨਾ ਵੀ ਘਰ ਮੁੜ ਗਿਆ।

ਂ ਂ ਂ

ਠੀਕ ਪੰਜ ਵਜੇ ਦਰਵਾਜ਼ੇ ਦੀ ਘੰਟੀ ਵੱਜੀ, ਤੇ ਨਾਲ ਹੀ ਗੱਡੀ ਦਾ ਹਾਰਨ। ਉਹ ਚਕਾਚੌਂਧ ਹੋ ਗਿਆ, 'ਹੈਂ ਠੀਕ ਟਾਈਮ 'ਤੇ ਆ ਗਏ! ਐਨੀ ਜਲਦੀ?'

ਨਾਸ਼ਤੇ ਦੀ ਆਖਰੀ ਗਰਾਹੀ ਜਲਦੀ ਜਲਦੀ ਅੰਦਰ ਸੁੱਟ ਕੇ ਪਾਣੀ ਦਾ ਗਿਲਾਸ ਮੂੰਹ ਨੂੰ ਚੜ੍ਹਾ ਕੇ ਉਹ ਉਠਿਆ। ਕਾਹਲੀ ਕਾਹਲੀ ਟਾਈ ਫੜ੍ਹ ਕੇ ਟੋਹੀ। ਸ਼ੀਸ਼ੇ ਸਾਹਮਣੇ ਖਲੋ ਕੇ ਮਿੰਟ ਦੀ ਮਿੰਟ ਪੱਗ ਦੇ ਪੇਚਾਂ ਦੇ ਹੱਥ ਫੇਰਿਆ ਤੇ ਸਵਾਰੇ। ਘੰਟੀ ਫਿਰ ਖੜਕੀ।

'ਆਇਆ......ਆਇਆ......ਓ ਕੇ ਬਾਈ......।' ਕਹਿੰਦਾ ਕਹਿੰਦਾ ਉਹ ਬਾਹਰ ਦਰਵਾਜ਼ੇ ਵੱਲ ਦੌੜਿਆ।

ਉਸ ਦੇ ਦਰਵਾਜ਼ੇ ਤੋਂ ਬਾਹਰ ਨਿਕਲਦੇ ਹੀ ਕਾਰ ਦਾ ਅਗਲਾ ਦਰਵਾਜ਼ਾ ਖੁੱਲ੍ਹਾ। ਉਸਨੇ ਝਟਪਟ ਅੰਦਰ ਬੈਠ ਕੇ ਕਾਰ ਦਾ ਦਰਵਾਜ਼ਾ ਬੰਦ ਕੀਤਾ। ਪਿਛੇ ਉਸ ਦੀ ਪਤਨੀ ਤੇ ਛੋਟੀ ਬੇਟੀ ਨੂੰ ਟਾ-ਟਾ ਕਰਨ ਤੋਂ ਪਹਿਲਾਂ ਹੀ ਕਾਰ ਚੱਲ ਪਈ। ਮਿੰਟ ਦੀ ਮਿੰਟ ਉਸ ਦਾ ਸਿਰ ਚਕਰਾ ਗਿਆ। ਹੋਸ਼ ਹਵਾਸ ਜੁਆਬ ਦੇ ਗਏ। ਕਾਰ ਵਿਚ ਉਹ ਕੋਈ ਵੀ ਨਹੀਂ ਸੀ, ਜਿਹਨਾਂ ਦੀ ਉਸ ਨੂੰ ਉਡੀਕ ਸੀ। ਉਹ ਤਾਂ ਸਾਰੇ ਚਿਹਰੇ ਨਵੇਂ ਤੇ ਅਨਜਾਣ ਸਨ ਨਾ ਵਾਕਿਫ ਸਨ। ਪਰ ਇਕ ਦੇ ਪਰਨੇ ਥੱਲਿਉਂ ਉਸ ਦੀ ਲਾਲ ਪਗੜੀ ਤੇ ਲਾਲ ਫੀਤੀਆਂ ਉਸ ਦੇ ਸਾਰੇ ਸਵਾਲਾਂ ਦੇ ਜੁਆਬ ਦੇ ਗਈਆਂ।

'ਕਿੱਥੇ ਲਿਜਾ ਰਹੇ ਹੋ ਮੈਨੂੰ......?' ਉਹ ਚਿੱਲਾਇਆ।

ਕਾਲੇ ਸ਼ੀਸ਼ਿਆਂ ਵਾਲੀ ਕਾਰ ਵਿਚ ਕੈਦ ਹੋਇਆ ਉਹ ਡਾਢਾ ਹੀ ਅਵਾਜ਼ਾਰ ਸੀ। ਦੌੜੀ ਜਾਂਦੀ ਕਾਰ ਵਿਚੋਂ ਉਹ ਹੁਣ ਬਾਹਰ ਛਾਲ ਮਾਰਨ ਦੇ ਸਮਰੱਥ ਵੀ ਨਹੀਂ ਸੀ। ਇਕ ਪਰਨਾ ਉਸ ਦੇ ਸਿਰ 'ਤੇ ਪਿਆ ਤੇ ਅੱਖਾਂ ਦਾ ਖੜ੍ਹਬਾਨਾ ਬਣ ਗਿਆ।

'ਘਬਰਾਓ ਮੱਤ! ਅਸੀਂ ਤੁਹਾਨੂੰ ਗਲਤ ਜਗਾ ਨਹੀਂ ਲਿਜਾ ਰਹੇ। ਚੰਗੀ ਸਰਕਾਰੀ ਜਗ੍ਹਾ ਹੀ ਲਿਜਾਵਾਂਗੇ।' ਇਕ ਅਫਸਰ ਲਗਦੇ ਆਦਮੀ ਨੇ ਹਲੀਮੀ ਨਾਲ ਉਸ ਨੂੰ ਠੰਢਾ ਕਰਨ ਦਾ ਯਤਨ ਕੀਤਾ। ਪਰ ਹੋਰਾਂ ਦੇ ਚਿਹਰਿਆਂ 'ਤੇ ਮੁਸਕੜੀਆਂ ਉਸ ਦਾ ਅੰਦਰ ਚੀਥੜੇ ਚੀਥੜੇ ਕਰ ਗਈਆਂ। ਮੱਥੇ 'ਤੇ ਪਸੀਨੇ ਦੀਆਂ ਘਰਾਲਾਂ ਉਸ ਦੇ ਗਲ ਤੱਕ ਥੱਲੇ ਵਗ ਤੁਰੀਆਂ।

'ਕੌਣ ਹੋ ਤੁਸੀਂ? ਭਾ ਜੀ? ਮੈਨੂੰ ਦੱਸੋ ਤਾਂ ਸਹੀ......।'

ਹੁਣ ਉਸ ਨੇ ਤਰਲੇ ਜਿਹੀ ਆਵਾਜ਼ ਵਿਚ ਬੇਨਤੀ ਕੀਤੀ।

'ਤੁਸੀਂ ਪੁਲਸ ਵਾਲੇ ਹੋ......ਜਾਂ......ਸਿੰਘ......ਜਾਂ ਫਿਰ ਕਾਲੀਆਂ ਬਿਲੀਆਂ?' ਉਸ ਦੀ ਮਾਨਸਿਕਤਾ ਤੜਫਣ ਲੱਗੀ।

‘ਫਿਕਰ ਨਾ ਕਰ ਨੌਜਵਾਨ! ਅਸੀਂ ਜੋ ਵੀ ਹਾਂ ਤੇਰੇ ਹਮਦਰਦ ਹਾਂ......ਤੇਰੇ ਸ਼ੁਭਚਿੰਤਕ ਹਾਂ......ਸਾਨੂੰ ਤੇਰੀ ਲੋੜ ਹੈ......ਤੇਰੀ ਮਦਦ ਦੀ ਲੋੜ ਹੈ ਸਾਨੂੰ......। ਤੁਸੀਂ ਸਾਡੀ ਮਦਦ ਕਰੋ ਅਸੀਂ ਤੁਹਾਡੀ ਕਰਾਂਗੇ.....।’

ਅੱਖਾਂ ਦੇ ਖੜਬਾਨੇ ’ਚੋਂ ਪੱਟੀ ਥੋੜੀ ਜਿਹੀ ਖਿਸਕ ਗਈ ਸੀ, ਉਹ ਕੁਝ ਕੁਝ ਬਾਹਰ ਦੇਖ ਸਕਦਾ ਸੀ।

‘ਹੁਕਮ ਕਰੋ......ਮੈਂ ਤੁਹਾਡੀ ਕੀ ਤੇ ਕਿੱਦਾਂ ਮਦਦ ਕਰ ਸਕਦਾ ਹਾਂ। ਮੇਰੇ ਪੱਲੇ ਤਾਂ ਕੁਝ ਪਾਓ ਮੈਂ ਕਿਸੇ ਦਾ ਵੀ ਕੀ ਵਿਗਾੜਿਆ ਹੈ? ਕੀ ਜੁਰਮ ਕੀਤਾ ਹੈ? ਮੈਨੂੰ ਬਿਨ ਦੱਸੇ ਕਿਸ ਮੜ੍ਹੀ ਮਸਾਣ ਵੱਲ ਲਿਜਾ ਰਹੇ ਹੋ?’ ਪਰ ਉਸ ਦੀਆਂ ਲਿਲਕੜੀਆਂ ਨਿਰਉਤਰ ਖ਼ਾਮੋਸ਼ ਹੋ ਗਈਆ।

ਕਾਰ ਚਲਦੀ ਚਲਦੀ ਸ਼ਹਿਰੋਂ ਬਾਹਰ ਨਿਕਲ ਕੇ ਇਕ ਵੱਡੀ ਹਵੇਲੀ ਨੁਮਾਂ ਕੋਠੀ ਵਿਚ ਦਾਖਲ ਹੋ ਗਈ। ਇਥੇ ਆਪਣੇ ਆਪ ਨੂੰ ਵੇਖ ਕੇ ਉਸ ਦੇ ਲੂੰ ਕੰਡੇ ਖੜੇ ਹੋ ਗਏ। ਉਹ ਧੁਰ ਅੰਦਰ ਤੱਕ ਕੰਬ ਗਿਆ। ਇਹ ਤਾਂ ਤਸੀਹਾ ਖਾਨਾ ਹੈ, ਕਹਿੰਦੇ ਇਹ ਝਟਕਈ ਖਾਨਾ ਹੈ। ਇਥੇ ਬੰਦੇ ਝਟਕਾਏ ਜਾਂਦੇ ਹਨ, ਤੜਫਾਏ ਜਾਂਦੇ ਹਨ, ਹਲਾਲ ਕੀਤੇ ਜਾਂਦੇ ਹਨ। ਇਥੋਂ ਲੰਘਦੇ ਸਮੇਂ ਉਸ ਨੇ ਕਈ ਵੇਰਾਂ ਰਾਤ ਹਨੇਰੇ ਵੇਲੇ ਫੜਾਕ! ਫੜਾਕ! ਛਿਤਰਾਂ ਦੇ ਸ਼ੋਰ ਤੇ ਹਾਲ ਪਾਹਰਿਆ ਦੀਆਂ ਆਵਾਜ਼ਾਂ ਸੁਣੀਆਂ ਸਨ। ਕਾਰ ਦਾ ਸ਼ੀਸ਼ਾ ਬੰਦ ਸੀ। ਕਾਲੇ ਸ਼ੀਸ਼ਿਆਂ ਵਾਲੀ ਕਾਰ! ਉਹ ਬਾਹਰ ਦੇਖ ਸਕਦਾ ਸੀ, ਪਰ ਬਾਹਰੋਂ ਉਸ ਨੂੰ ਕੋਈ ਨਹੀਂ ਸੀ ਦੇਖ ਸਕਦਾ।

ਅੰਦਰ ਕਾਰ ਰੁਕਣ ਨਾਲ ਹੀ ਇਕ ਸਿਪਾਹੀ ਨੇ ਉਸ ਨੂੰ ਮੋਢੇ ਤੋਂ ਫੜ ਕੇ ਬਾਹਰ ਕੱਢਿਆ ਤੇ ਅੰਦਰ ਲੈ ਜਾ ਕੇ ਇਕ ਗੁਸਲਖਾਨੇ ਵਰਗੇ ਛੋਟੇ ਜਿਹੇ ਕਮਰੇ ਵਿਚ ਜਾ ਖੜਾ ਕੀਤਾ। ਸਿਰ ਦਾ ਪਰਨਾ ਖੜਬਾਨਾ ਉਤਾਰ ਦਿੱਤਾ। ਜਾਮਾ ਤਲਾਸ਼ੀ ਲੈ ਕੇ ਉਸ ਦੀ ਜੇਬ ਖਾਲੀ ਕਰ ਦਿੱਤੀ। ਪੰਜ ਸੌ ਸਤਾਰਾਂ ਰੁਪੈ ਸਿਪਾਹੀ ਨੇ ਆਪਣੀ ਜੇਬ ਵਿਚ ਪਾ ਲਏ। ਉਸ ਦੀ ਪਗੜੀ ਨਾਲ ਬਾਹਾਂ ਨਰੜ ਦਿੱਤੀਆਂ ਤੇ ਦਰਵਾਜ਼ਾ ਬੰਦ ਕਰ ਦਿੱਤਾ। ਬਦਬੂ ਤੇ ਗੰਦਗੀ ਦੀ ਸੜਿਹਾਂਦ ਉਸ ਦੇ ਦਿਮਾਗ ਨੂੰ ਚੜ੍ਹਨ ਲੱਗੀ। ਟੈਂਕੀ ਵਿਚੋਂ ਪ੍ਰੈਸ਼ਰ ਚੱਲਿਆ ਤੇ ਛੋਟਾ ਜਿਹਾ ਔਲੂ ਸਾਰਾ ਗੰਦੇ ਪਾਣੀ ਨਾਲ ਭਰ ਗਿਆ। ਉਹ ਬੈਠਣਾ ਚਾਹੁੰਦਾ ਸੀ, ਪਰ ਹੁਣ ਉਹ ਬੈਠਣ ਦੇ ਵੀ ਅਸਮਰਥ ਸੀ। ਮੈਲੇ ਭਰਿਆ ਗੰਦਾ ਪਾਣੀ ਉਸ ਦੇ ਗੋਡਿਆਂ ਤੱਕ ਚੜ੍ਹ ਗਿਆ। ਇਕ ਤੂਸ ਜਿਹੀ ਉਸ ਦੇ ਦਿਮਾਗ ਨੂੰ ਚੜ੍ਹਨ ਲੱਗੀ। ਉਹ ਕੀ ਚਿੱਲਾਵੇ ਕਿਸਨੂੰ ਕੀ ਕਹੇ? ਰੱਬ ਦੀ ਰਜ਼ਾ ਵਿਚ ਖੜਾ ਰਿਹਾ ਤੇ ਫਿਰ ਬੇਹੋਸ਼ ਜਿਹਾ ਹੋ ਕੇ ਡਿੱਗਣ ਲੱਗਾ, ‘ਓ ਬਚਾਓ ਮੈਂ ਮਰ ਚੱਲਿਆ, ਮੈਨੂੰ ਪਾਣੀ ਪਿਲਾਓ।’ ਜੀ ਭਿਆਣੇ ਜਿਹੇ ਉਸ ਨੇ ਚੀਕਣਾ ਸ਼ੁਰੂ ਕੀਤਾ।

'ਲੈ ਆਓ ਉਏ ਬਾਹਰ! ਇਹ ਤਾਂ ਪਹਿਲੇ ਘੱਸੇ ਹੀ ਢਹਿ ਪਿਆ। ਕੱਚਾ ਹੀ ਚੋਰ ਹੈ ਇਹ।' ਇਹ ਭਾਰੇ ਜਿਹੇ ਬੋਲ ਉਸਦੇ ਕੰਨਾ ਤੱਕ ਪਹੁੰਚੇ। ਬਟਨ ਦੱਬਣ ਦੀ ਆਵਾਜ਼ ਆਈ ਤੇ ਗੰਦਾ ਪਾਣੀ ਗਟਰ ਗਟਰ ਕਰਕੇ ਗਟਰ ਵਿਚ ਚਲਾ ਗਿਆ। ਦਰਵਾਜ਼ਾ ਖੁਲ੍ਹਾ, ਉਹ ਬਾਹਰ ਨਿਕਲਿਆ, ਤਸ਼ੱਦਦ ਦੇ ਚੁਬੱਚੇ ਵਿਚੋਂ।

'ਲੱਤਾਂ ਧੋ ਲੈ।' ਸਿਪਾਹੀ ਨੇ ਉਸ ਦਾ ਜਕੜਬੱਧ ਖੋਹਲਦੇ ਦੂਜੇ ਪਾਸੇ ਇਸ਼ਾਰਾ ਕੀਤਾ।

ਨੁੱਕਰ ਦੀ ਟੂਟੀ ਵਿਚੋ ਲੱਤਾਂ ਧੋ ਕੇ, ਸਾਫ ਕਰਕੇ, ਲਾਗੇ ਪਿਆ ਦੇਸੀ ਸਾਬਣ ਲਾ ਕੇ, ਉਸ ਨੇ ਪੰਜ ਇਸ਼ਨਾਨਾ ਕੀਤਾ। ਤੇ ਸਿਪਾਹੀ ਦੇ ਇਸ਼ਾਰੇ ਨਾਲ ਅੰਦਰ ਸਾਹਬ ਦੇ ਕੋਲ ਜਾ ਖੜਾ ਹੋਇਆ।

'ਆ ਜਾ ਇਧਰ। ਆ ਤੇਰੀ ਸੇਵਾ ਕਰੀਏ।'

'ਸਾਨੂੰ ਬੜੀ ਪੱਕੀ ਭਰੋਸੇਯੋਗ ਇਤਲਾਹ ਮਿਲੀ ਹੈ ਕਿ ਇਹ ਸਾਰਾ ਡਰਾਮਾ ਤੂੰ ਆਪ ਹੀ ਰਚਾਇਆ। ਤੁਸਾਂ ਆਪ ਹੀ ਉਹ ਨਿਆਣੇ ਅਗਵਾ ਕਰਕੇ ਵਾਰਿਸਾਂ ਤੋਂ ਮਾਲ ਬਟੋਰਨ ਲਈ ਵਿਉਂਤ ਬਣਾਈ। ਮਕਸਦ ਵਿਚ ਨਾਕਾਮਯਾਬ ਰਹਿਣ ਕਰਕੇ ਤੇ ਰੌਲਾ ਪੈਣ ਕਰਕੇ ਤੂੰ ਉਹਨਾਂ ਨੂੰ ਖਿਸਕਾ ਦਿੱਤਾ ਤੇ ਆਪ ਹੀਰੋ ਬਣ ਗਿਆ। ਦੱਸ! ਕੌਣ ਸੀ ਉਹ ਬਾਕੀ ਤੇਰੇ ਸਾਥੀ? ਜਿਹਨਾਂ ਨੂੰ ਦੂੜਾ ਦਿੱਤਾ ਤੂੰ?'

ਪੁਲੀਸ ਅਫਸਰ ਦਾ ਦਬਕਾ ਏਨਾਂ ਜ਼ੋਰ ਦੀ ਗਰਜਿਆ ਕਿ ਰੌਸ਼ਨਦਾਨਾਂ 'ਚ ਬੈਠੇ ਕਬੂਤਰ ਫੜਫੜਾ ਕੇ ਉਡਾਰੀਆਂ ਮਾਰ ਗਏ ਤੇ ਅੰਦਰਲੀਆਂ ਕਈ ਕੰਧਾਂ ਚੀਰ ਕੇ ਉਹ ਆਵਾਜ਼ ਬਾਹਰ ਹਵਾ ਦੇ ਗੰਧਲੇ ਵਾਤਾਵਰਣ ਨੂੰ ਹੋਰ ਗੰਧਲਾ ਕਰ ਗਈ। ਉਹ ਥਰ ਥਰ ਕੰਬਣ ਲੱਗਾ। ਹੇ ਰੱਬਾ ਹੇ ਧਰਤੀ ਮਾਂ! ਮੈਨੂੰ ਵਿਹਲ ਦੇ ਦੇ। ਮੈਂ ਗਰਕ ਹੋ ਜਾਵਾਂ। ਅਜਿਹੀ ਜ਼ਿੰਦਗੀ ਨਾਲੋਂ ਜਿਥੇ ਨੇਕਨੀਤੀ ਦਾ ਇਹ ਇਵਜਾਨਾ, ਇਸ ਜਲਾਲਤ ਦੇ ਰੂਪ ਵਿਚ ਉਸ ਦੇ ਮੱਥੇ ਤੇ ਕਲੰਕਿਤ ਕੀਤਾ ਜਾ ਰਿਹਾ ਹੈ। ਇਸ ਨਾਲੋਂ ਮਰਨਾ ਬਿਹਤਰ ਹੈ।

'ਨਹੀਂ ਮਾਈ ਬਾਪ! ਤੁਹਾਨੂੰ ਗ਼ਲਤ ਇਤਲਾਹ ਮਿਲੀ ਹੈ, ਮੈਂ ਅਜਿਹਾ ਆਦਮੀ ਨਹੀਂ।'

'ਮੈਨੂੰ ਉਮੀਦ ਹੈ ਮੇਰੇ ਦੋਸਤ! ਮੇਰੇ ਵੀਰ! ਮੇਰੇ ਬੇਟੇ! ਤੂੰ ਸਾਨੂੰ ਦੂਸਰਾ ਘਟੀਆ ਦਰਜੇ ਵਾਲਾ ਤਫਤੀਸ਼ੀ ਰਸਤਾ ਅਖਤਿਆਰ ਕਰਨ ਲਈ ਨਹੀਂ ਉਕਸਾਏਂਗਾ ਤੇ ਪਹਿਲੇ ਪੜਾ ਵਿਚ ਹੀ ਸਭ ਕੁਝ ਸੱਚ ਸੱਚ ਬਕ ਪਵੇਂਗਾ। ਤੈਨੂੰ ਪਤੈ ਸੱਚ ਕੱਢਣ ਲਈ ਅਸੀਂ ਸਭ ਕੁਝ ਕਰ ਸਕਦੈਂ ਹਾਂ। ਔਹ ਬਾਹਰ ਵੇਖ! ਦਰਖਤ ਨਾਲ ਪੁੱਠਾ ਲਟਕਦਾ ਹਰਾਮਜ਼ਾਦਾ! ਪੈਰਾਂ ਤੇ ਪਾਣੀ ਨਹੀਂ ਸੀ ਪੈਣ ਦਿੰਦਾ, ਕਹਿੰਦਾ ਮੈਂ ਲੋਕਾਂ ਦਾ ਸੇਵਕ ਹਾਂ ਤੇ ਅਖੀਰ ਮੰਨ ਗਿਆ।

'ਮੈਂ ਸਮੈਕ ਵੀ ਵੇਚਦਾ ਹਾਂ, ਅਫੀਮ ਵੀ ਵੇਚਦਾ ਹਾਂ। ਸਕੂਲ, ਕਾਲਜਾਂ ਵਿਚ ਸਾਰੀ ਸਪਲਾਈ ਮੇਰੀ ਹੀ ਸੀ ਤੇ ਇਸ ਦੇ ਆਦੀ ਸਾਰੇ ਮੁੰਡੇ ਕੁੜੀਆ ਗੁਲਾਮਾਂ ਵਾਂਗ ਜੀ ਹਜ਼ੂਰੀ ਕਰਦੇ ਮੇਰੇ ਪਿਛੇ ਫਿਰਦੇ ਹਨ। ਵਿੱਗੜੇ ਤਿੱਗੜੇ ਦਾ ਮੌਲਾ-ਬਖਸ਼ ਯਾਰ।। ਇਸ ਛਿੱਤਰ ਪਰੇਡ ਨੇ ਦਸ ਮਿੰਟ ਵਿਚ ਹੀ ਬਕਾ ਲਿਆ।

ਕਹਿੰਦਾ ਬੈਂਕ ਵੀ ਮੈਂ ਲੁੱਟੇ ਸ਼ਹਿਰ ਦੇ ਤੇ ਫਲਾਂ ਫਲਾਂ ਡਾਕਟਰ ਵੀ ਮੈਂ ਮਾਰਿਆ।'

ਉਸ ਨੇ ਧਮਕੀ ਭਰੇ ਸ਼ਬਦਾਂ ਦੇ ਨਾਲ ਲਾਗੇ ਪਿਆ ਚਮੜੇ ਦਾ ਲੰਮਾ ਛਿੱਤਰ ਵਰਗਾ ਪਟਾ ਜਿਹਾ ਫੜਕੇ ਹੱਥ ਚ ਪਲੋਸਿਆ, 'ਲਿਆ ਉਏ ਮੁਣਸ਼ੀ! ਪਹਿਲਾਂ ਪਿਲਾ ਇਸਨੂੰ ਪਾਣੀ ਤੇ ਫਿਰ..., ਗੁੱਸੇ ਭਰੀ ਨਕਲੀ ਜਿਹੀ ਨਰਾਜ਼ਗੀ ਪ੍ਰਗਟਾਉਂਦੇ ਉਸ ਨੇ ਮੇਜ਼ 'ਤੇ ਠਕੋਰਿਆ।

'ਨਹੀਂ ਜਨਾਬ! ਨਹੀਂ! ਸਰ! ਮੇਰਾ ਕਾਲਜਾ ਚੀਰ ਕੇ ਦੇਖ ਲਓ। ਮੈਂ ਕੋਈ ਬਦਨੀਤੀ ਨੀ ਕੀਤੀ। ਮੈਂ ਭਲਾਈ ਕੀਤੀ ਹੈ ਤੇ ਜੇ ਤੁਸੀਂ ਮੈਨੂੰ ਇਸ ਭਲਾਈ ਦਾ ਇਨਾਮ ਇਹ ਦੇਣਾ ਚਾਹੁੰਦੇ ਹੋ ਤਾਂ ਦਿਓ। ਮਾਰੋ ਮੈਨੂੰ ਗੋਲੀ, ਦਿਓ ਮੈਨੂੰ ਜ਼ਹਿਰ ਦਾ ਪਿਆਲਾ।'

'ਨਹੀਂ! ਨਹੀਂ! ਤੈਨੂੰ ਏਨੀ ਜਲਦੀ ਨਹੀਂ ਮਾਰਾਂਗੇ। ਤੈਨੂੰ ਏਨੀ ਜਲਦੀ ਮਰਨ ਵੀ ਨਹੀਂ ਦਿਆਂਗੇ। ਤੇਰੇ ਵਰਗਾ ਬਿਨ ਬਾਂਗਾਂ ਮੁਰਗਾ ਤਾਂ ਅਸੀਂ ਝਟਕਾ ਝਟਕਾ ਕੇ ਖਾਵਾਂਗੇ। ਤੇਰਾ ਮੁਰਗਾ ਬਣਾਵਾਂਗੇ, ਤੈਨੂੰ ਘੋਟਣਾਂ ਚੜ੍ਹਾਵਾਂਗੇ।' ਪੁਲਸੀਆਂ ਵਾਲਾ ਕੁੱਤਪੁਣਾ ਉਸ ਦੀਆਂ ਅੱਖਾਂ 'ਚ ਉਤਰ ਆਇਆ।

'ਅੱਛਾ ਜਨਾਬ ਕਰੋ, ਫਿਰ ਕਰੋ ਜੋ ਮਰਜ਼ੀ ਕਰੋ।'

'ਨਿਆਣਿਆਂ ਦੇ ਬਾਪ ਨਾਲ ਤੇਰੀ ਕੀ ਸਾਂਝ ਹੈ? ਕੀ ਦੁਸ਼ਮਣੀ ਹੈ? ਤੇਰੀ ਉਸ ਨਾਲ ਕੀ ਜਾਣ ਪਛਾਣ ਹੈ?'

'ਮੇਰਾ ਕੁਲੀਗ ਹੈ ਉਹ ਸਰ।'

ਉਸ ਦਾ ਨਿਸ਼ੰਗ ਉੱਤਰ ਸੀ।

'ਤੇ ਕੁੱਤੇ ਦਿਆ ਬੀਆ! ਉਸ ਨਾਲ ਜੇ ਤੇਰੀ ਕੋਈ ਕਿੜ ਹੈ ਤਾਂ ਇਹ ਮਾਸੂਮ ਨਿਆਣਿਆਂ 'ਤੇ ਹੀ ਕੱਢਣੀ ਸੀ? ਸ਼ਰਮ ਨਾ ਆਈ ਤੈਨੂੰ?'

ਧੈੜ ਕਰਦਾ ਇਕ ਪਹਿਲਾ ਧੱਫਾ ਉਸ ਦੀਆਂ ਮੌਰਾਂ 'ਤੇ ਵੱਜਾ। ਅੱਧਾ ਕੁ ਉਪਰ ਵੱਜ ਕੇ ਉਸ ਦੀ ਪਗੜੀ ਨੂੰ ਪਰੇ ਸੁੱਟ ਗਿਆ।

'ਪਾਓ ਉਏ ਲੰਮੇ ਇਹਨੂੰ ਦੱਸਦੈ ਨਜ਼ਾਰਾ।'

ਉਹ ਅਫਸਰ ਉਠ ਕੇ ਦੂਸਰੇ ਕਮਰੇ ਵਿਚ ਚਲੇ ਗਿਆ।

'ਇਹ ਤਾਂ ਕੋਈ ਹੱਥ ਪੱਲਾ ਨਹੀਂ ਫੜਾਉਂਦਾ, ਕੀ ਕਰੀਏ ਇਹਦਾ ਇਲਾਜ?'

'ਮਾਰ ਦਿਓ ਇਹਨੂੰ ਗੋਲੀ! ਜਿਥੇ ਹੋਰ ਚਾਰ ਲਾਸ਼ਾਂ ਰੋੜ੍ਹਨ ਲਈ ਪਈਆਂ ਨੇ, ਉਥੇ ਇਹ ਪੰਜਵੀਂ ਵੀ ਉਹਨਾਂ ਨਾਲ ਦਰਿਆ ਦੇ ਭੇਟ ਚੜ੍ਹ ਜਾਏਗੀ।'

ਉਸ ਦੇ ਕੰਨਾਂ ਨੇ ਇਹ ਸ਼ਬਦ ਬਹੁਤ ਸਾਫ ਸਾਫ ਨੇੜੇ ਹੋ ਕੇ ਸੁਣੇ। ਉਹ ਆਉਣ ਵਾਲੀ ਹੋਣੀ ਦੀ ਬੜੀ ਬੇਤਾਬੀ ਨਾਲ ਇੰਤਜ਼ਾਰ ਕਰਨ ਲੱਗਾ।

ਕੁਝ ਦੇਰ ਬਾਅਦ ਇਕ ਸਿਪਾਹੀ ਲਗਦਾ ਆਦਮੀ ਗਿਲਾਸ ਫੜੀ ਅੰਦਰ ਵੜਿਆ।

'ਲੈ! ਪਾਣੀ ਪੀ ਲੈ।'

ਉਸ ਦਾ ਲਹਿਜਾ ਹਮਦਰਦੀ ਭਰਿਆ ਸੀ।

'ਲਿਆ-ਲਿਆ ਜ਼ਹਿਰ ਹੈ ਇਸ ਵਿਚ? ਲਿਆ ਜਲਦੀ ਕਰ।'

ਪੰਨੇ ਨੇ ਗਟ ਗਟ ਕਰ ਕੇ ਪੀ ਲਿਆ। ਪਾਣੀ ਸਵਾਦ ਸੀ। ਫਰਿੱਜ ਵਾਲਾ ਠੰਢਾ।

'ਦੇਖੀ ਜਾਏਗੀ।'

'ਤੇ ਚਲ ਉੱਠ ਬਾਹਰ, ਤੈਨੂੰ ਟੰਗੀਏ ਪੁੱਠਾ!'

ਉਹ ਚੁੱਪ ਚੁਪੀਤਾ ਬਾਹਰ ਹੋ ਤੁਰਿਆ। ਉਹੀ ਕਾਰ। ਸ਼ੀਸ਼ਿਆਂ ਵਾਲੀ ਕਾਰ ਉਸਦਾ ਇੰਤਜ਼ਾਰ ਕਰ ਰਹੀ ਸੀ। ਉਸ ਨੇ ਫੈਸਲਾ ਕੀਤਾ, ਹੁਣ ਉਹ ਬੋਲੇਗਾ ਨਹੀਂ, ਚਿਲਾਏਗਾ ਨਹੀਂ। ਜੋ ਮਰਜ਼ੀ ਹੋਵੇ ਦੁਹਾਈ ਨਹੀਂ ਪਾਏਗਾ ਤੇ ਜੋ ਹੋਵੇਗੀ ਝੱਲੇਗਾ, ਸੀਅ ਨਹੀਂ ਕਰੇਗਾ।'

'ਦੇਖ ਸਾਨੂੰ ਪਤਾ ਲੱਗੈ ਕਿ ਤੇਰੇ ਨਾਲ ਦੇ ਉਹ ਅਗਵਾਕਾਰ ਅਜੇ ਇਸੇ ਹੀ ਸ਼ਹਿਰ ਵਿਚ ਹਨ। ਉਹਨਾਂ ਅੱਜ ਬੱਸ ਰਾਹੀਂ ਬਾਹਰ ਜਾਣਾ ਹੈ। ਤੂੰ ਉਹਨਾਂ ਨੂੰ ਪਛਾਣ ਕੇ ਸਾਨੂੰ ਦੱਸ ਦੇਵੀਂ, ਫਿਰ ਤੇਰਾ ਛੁਟਕਾਰਾ।' ਅਫ਼ਸਰ ਨੇ ਫਿਰ ਉਸ ਵੱਲ ਫਲਾਉਣੀ ਜਿਹੀ ਸੁੱਟੀ। ਕਾਰ ਇਕ ਚੌਕ ਵਿਚ ਜਾ ਕੇ ਸੜਕ ਦੇ ਇਕ ਪਾਸੇ ਲੱਗ ਕੇ ਖਲੋ ਗਈ। ਕਾਰ ਵਿਚ ਬੈਠਾ ਉਹ ਦੂਰ ਤੱਕ ਦੇਖ ਸਕਦਾ ਸੀ।

ਚੌਕ ਵਿਚ ਬੜਾ ਜ਼ਬਰਦਸਤ ਨਾਕਾ ਸੀ। ਹਰ ਆਉਂਦੀ ਜਾਂਦੀ ਗੱਡੀ ਨੂੰ ਰੋਕ ਕੇ ਪੁਲਿਸ ਵਾਲੇ ਸਾਰੀਆਂ ਸਵਾਰੀਆਂ ਨੂੰ ਇਕ ਫਰਲਾਂਗ ਤੱਕ ਪੈਦਲ ਤੁਰਾਉਂਦੇ ਤੇ ਫਿਰ ਇਸ ਦਾ ਇਹ ਜ਼ੁੰਮਾ ਸੀ ਕਿ ਉਹਨਾਂ ਬੰਦਿਆਂ ਨੂੰ ਪਛਾਣੇ ਤੇ ਹੋਰ ਵੀ ਮਾੜੇ ਅਨਸਰ ਜੋ ਉਸ ਦੀ ਨਜ਼ਰਾਂ ਵਿਚ ਮਾੜੇ ਹਨ, ਨੂੰ ਪਛਾਣ ਕੇ ਦੱਸੇ।

'ਤੇਰੀਆਂ ਨਜ਼ਰਾਂ ਵਿਚ ਕੋਈ ਹੋਰ ਵੀ ਖਾਂਦਾ ਪੀਂਦਾ ਰੱਜੇ ਪੁੱਜੇ ਘਰ ਦਾ ਜਵਾਨ ਮੁੰਡਾ ਦਿਸਿਆ ਤਾਂ ਵੀ ਦੱਸ ਦੇਈਂ। ਸਾਨੂੰ ਕੋਈ ਮੁਰਗੀ ਫੜਾ, ਤੇ ਫਿਰ ਤੇਰਾ ਬਚਾਅ ਹੈ, ਨਾਲੇ ਇਨਾਮ ਵੀ।'

'ਔਹ ਹੈ ਸਰ। ਔਹ ਹੈ ਰੋਕੋ ਇਸ ਨੂੰ।' ਇਕ ਜੀਪ 'ਚੋਂ ਉਤਰੇ ਦੋ ਨੌਜਵਾਨਾਂ ਵੱਲ ਉਸ ਨੇ ਇਸ਼ਾਰਾ ਕੀਤਾ।

'ਐਹ ਕਾਲੀ ਐਨਕਾਂ ਵਾਲਾ।' ਉਸ ਨੇ ਤਾਕੀ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਪਰ ਤਾਲਾ ਬੰਦ ਸੀ।

'ਬੈਠੋ ਕੋਈ ਨਾ।' ਉਹਨਾਂ ਰੋਕ ਦਿਤਾ। ਅੰਦਰ ਬੈਠੇ ਮੁਲਾਜ਼ਮਾਂ ਦੀ ਵਾਕੀ ਟਾਕੀ ਦੇ ਸੁਨੇਹੇ ਮੁਤਾਬਿਕ ਐਨਕਾਂ ਵਾਲਾ ਨੌਜਵਾਨ ਪੁਲਿਸ ਸ਼ਿਕੰਜੇ ਵਿਚ ਆ ਗਿਆ। ਉਸ ਨੂੰ ਰੋਕਿਆ ਗਿਆ ਤੇ ਉਹ ਦੌੜਨ ਲੱਗਾ। ਦੌੜਦੇ-ਦੌੜਦੇ ਉਸ ਦੀ ਪਗੜੀ ਲੱਥ ਗਈ। ਸਿਰੋਂ ਨੰਗਾ ਉਹ ਮੋਨਾ ਠੇਡਾ ਖਾ ਕੇ ਧੜੰਮ ਮੂਧੇ ਮੂੰਹ ਡਿੱਗ ਪਿਆ। ਫਿਰ ਉਹ ਦੌੜ ਨਾ ਸਕਿਆ। ਉਸ ਨੂੰ ਫੜਨ ਵਾਲੇ ਸਿਪਾਹੀ ਦੇਖ ਕੇ ਠਠੰਬਰ ਗਏ।

'ਇਹ ਤਾਂ ਉਹੀ ਹੈ ਸਰ! ਉਹੀ ਹਥਿਆਰਾਂ ਵਾਲੇ ਸਰ!' ਸਿਪਾਹੀ ਨੇ ਥਾਣੇਦਾਰ ਦੇ ਕੰਨ 'ਚ ਕਿਹਾ।

ਥਾਣੇਦਾਰ ਦੀ ਹਦਾਇਤ ਮੁਤਾਬਕ ਉਸ ਨੂੰ ਉਠਾ ਕੇ ਬੜੇ ਪਰੇਮ ਨਾਲ ਕਾਰ ਦੇ ਅੱਗੇ ਲੈ ਆਏ।

'ਹਾਂ ਏਹੀ ਹੈ ਬਿਲਕੁਲ ਉਹੀ, ਐਹ ਵੇਖੋ ਉਸ ਦੀ ਖੱਬੀ ਅੱਖ ਦੇ ਉਪਰ ਮੇਰੇ ਹੂਰੇ ਦੀ ਸੱਟ ਦਾ ਨਿਸ਼ਾਨ। ਇਹੀ। ਬਿਲਕੁਲ ਉਹੀ।' ਪੰਨੇ ਨੇ ਮੁੱਠੀ ਮੀਚਦੇ ਬਾਹਾਂ ਫੈਲਾ ਦਿਤੀਆਂ।

ਬਾਹਰ ਖੜੇ ਖੜੇ ਕੁਝ ਕਾਗਜ਼ੀ ਲਿਖਾ ਪੜੀ ਹੋਈ ਤੇ ਉਹ ਮੁੜ ਉਹਨਾਂ ਨਾਲ ਹੱਸਦਾ ਹੱਥ ਮਿਲਾ ਕੇ ਜੀਪ ਵਿਚ ਜਾ ਬੈਠਾ। ਹੋਰ ਸਾਰੀਆਂ ਸਵਾਰੀਆਂ ਦੀ ਪੈਦਲ ਮਾਰਚ ਦੁਰਦਸ਼ਾ ਜਾਰੀ ਰਹੀ। ਬੱਚੇ ਔਰਤਾਂ ਤੇ ਬਿਰਧ ਆਦਮੀ ਜ਼ਨਾਨੀਆਂ ਪੁਲਿਸ ਦੇ ਇਸ ਵਰਤਾਰੇ ਤੋਂ ਤਰਾਹ ਤਰਾਹ ਕਰਦੇ ਤੁਰਦੇ ਜਾਂਦੇ। ਕੋਈ ਵੀ ਬੋਲਣ ਦਾ ਹੀਆ ਨਾ ਕਰਦਾ। ਉਹ ਆਪਣੇ ਆਪ ਖੁਸ਼ ਸੀ, ਆਖਰ ਇਕ ਇਮਤਿਹਾਨ ਵਿਚੋਂ ਤਾਂ ਉਹ ਪਾਸ ਹੋ ਗਿਐ। ਉਸ ਨੇ ਪੁਲਸ ਨੂੰ ਉਹੀ ਮੁਲਜ਼ਮ ਪਕੜਾ ਦਿਤੇ ਨੇ ਅਸਲੀ। ਪਰ ਖੂਹ ਵਿਚ ਡਿੱਗੀ ਇੱਟ ਕਦੇ ਸੁੱਕੀ ਨਹੀਂ ਨਿਕਲਦੀ। ਪੁਲਸ ਤੋਂ ਛੁੱਟਣ ਲਈ ਇਹੀ ਕਾਫੀ ਨਹੀਂ ਸੀ।

ਸੜਕਾਂ ਤੇ ਜ਼ਰਾ ਜ਼ਰਾ ਹਨੇਰਾ ਤੈਰਨ ਲੱਗਾ। ਕਿਤੇ ਕਿਤੇ ਬੱਤੀਆਂ ਚਮਕਣ ਲੱਗੀਆਂ। ਕਾਰ ਫਿਰ ਵਾਪਸ ਸੜਕਾਂ ਤੇ ਦੌੜਨ ਲੱਗੀ। ਉਹ ਚੁਪ ਚੁਪੀਤੇ ਭਰਿਆ ਪੀਤਾ ਰੱਬ ਦੀ ਰਜ਼ਾ ਵਿਚ ਉਹਨਾਂ ਦੀ ਚੁਟਕੀ ਪਿਛੇ ਚਲਦਾ ਰਿਹਾ। ਉਹਦੇ ਨਾਲ ਬੈਠੇ ਪੁਲਸੀਆਂ ਦਾ ਵਤੀਰਾ ਉਸ ਪ੍ਰਤੀ ਹੁਣ ਕੁਝ ਹਮਦਰਦੀ ਵਾਲਾ ਜਾਪ ਰਿਹਾ ਸੀ। ਉਹਨਾਂ ਦੀਆਂ ਅੱਖਾਂ ਵਿਚ ਸ਼ਰਮਿੰਦਗੀ ਭਰੀ ਹਮਦਰਦੀ ਸੀ।

'ਸ਼ਾਬਾਸ਼.... ਵੈਲ ਡੱਨ....।'

ਉਸ ਪੁਲਸ ਅਫਸਰ ਦਾ ਭਾਰਾ ਹੱਥ ਮੋਢਿਆਂ ਤੇ ਮਹਿਸੂਸ ਕੇ ਉਹ ਪੀਚਿਆ ਗਿਆ। ਉਸ ਨੇ ਸੀ. ਆਈ. ਏ. ਜਿਸ ਨੂੰ ਲੋਕ ਬੁਚੜਖਾਨਾ ਕਹਿੰਦੇ ਸਨ, ਦੇ ਅਹਾਤੇ ਵਿਚ ਪਹੁੰਚ ਕੇ ਡਿੱਠਾ! ਸਵੇਰ ਤੋਂ ਚਮਗਾਧੜ ਵਾਂਗ ਦਰਖਤ ਨਾਲ ਲਟਕਦਾ ਮਨੁੱਖੀ ਆਕਾਰ ਹੁਣ ਗਾਇਬ ਸੀ। ਉਸ ਦੇ ਨਾਲ ਦੇ ਹਨੇਰੇ ਕਮਰੇ ਚੋਂ ਹਾਏ ਏ ਹੂੰਗਾਂ ਦੀਆਂ ਆਵਾਜ਼ਾਂ ਅਲੋਪ ਸਨ। ਸ਼ਾਂਤ ਜਿਹਾ ਸੀ ਵਾਤਾਵਰਣ! ਜਿਵੇਂ ਤੂਫਾਨ ਆਉਣ ਹੋ ਪਹਿਲਾਂ ਹੁੰਦਾ ਹੈ। ਹਾਂ ਸੱਚ ਯਾਦ ਆਇਆ ਇਹ ਤਾਂ ਸਮਾਂ ਸੀ ਪੁਲਸੀਆਂ ਦੇ ਰਾਸ਼ਣ ਪਾਣੀ ਛਕਣ ਦਾ, ਪੈਗ ਪਿਆਲਾ ਪੀਣ ਦਾ ਤੇ ਫਿਰ ਖਾਣਾ ਖਾਣ ਤੋਂ ਪਹਿਲਾਂ ਜਿਵੇਂ ਸੂਪ ਪੀਂਦੇ ਹਨ, ਭੁਖ ਤੇਜ਼ ਕਰਨ ਲਈ ਇਵੇਂ ਛਿਤਰ ਪਰੇਡ ਕਰਨ ਤੋਂ ਪਹਿਲਾਂ, ਘੋਟਣਾ ਲਗਾਣ ਤੋਂ ਪਹਿਲਾ, ਜਲਾਦਾਂ ਵਾਂਗ ਅੰਨ੍ਹੇ ਪੈੱਗ ਪੀਤੇ ਜਾਂਦੇ ਹਨ ਤਾਂ ਜੋ ਸਾਹਮਣੇ ਚੰਗਾ ਮਾੜਾ, ਬੁੱਢਾ ਜਵਾਨ ਵੱਡਾ ਛੋਟਾ ਜਾਂ ਕਸੂਰ ਬੇਕਸੂਰ ਨਾ ਦਿੱਸ ਸਕੇ। ਤੇ ਹਾਂ ਛਿੱਤਰ ਮਾਰਨ ਵਾਲੇ ਨੇ ਛਿੱਤਰ ਹੀ ਮਾਰਨੇ ਹਨ, ਬੈਂਤ ਵਾਲੇ ਨੇ ਬੈਂਤ ਹੀ ਮਾਰਨੇ ਹਨ, ਅੱਖਾਂ ਮੀਟ ਕੇ ਲੱਤਾਂ ਚੌੜੀਆਂ ਕਰਨੀਆਂ ਹਨ, ਚੱਡੇ ਪਾੜਨੇ ਹਨ, ਬਿਨਾਂ ਕਿਸੇ ਭੇਦ ਭਾਵ ਦੇ ਉਹਨਾਂ ਆਪਣਾ ਫਰਜ਼ ਨਿਭਾਉਣਾ ਹੈ।

ਉਸ ਦੀਆਂ ਸੋਚਾਂ ਨੂੰ ਬਰੇਕ ਲੱਗੀ ਜਦ ਇੰਸਪੈਕਟਰ ਬਤਨ ਸਿੰਘ ਦੋਬਾਰਾ ਕਮਰੇ ਵਿਚ ਦਾਖਲ ਹੋਇਆ। ਉਸ ਦੇ ਨਾਲ ਉਹੀ ਜਲਾਦ ਲਗਦੇ ਉਸ ਦੇ ਕਾਮੇ ਨਾਲ ਸਨ। ਇਹ ਬਤਨ ਸਿੰਘ ਬੰਦੇ ਕੁੱਟਣ ਤੇ ਮਾਰਨ ਦਾ ਬੜਾ ਕਾਸਬ ਸੀ ਤੇ ਏਸੇ ਕਰਕੇ ਉਸ ਨੂੰ ਬੁਚੜ ਸਿੰਘ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਏਸੇ ਲਈ ਉਸ ਨੂੰ ਬੁਚੜ ਖਾਨੇ ਦਾ ਇੰਚਾਰਜ ਬਣਾਇਆ ਗਿਆ ਸੀ। ਉਹ ਬੰਦੇ ਨੂੰ ਕੁੱਟੀ ਜਾਂਦਾ, ਕੁਟਾਈ ਜਾਂਦਾ ਤੇ ਆਪ ਲਾਗੇ ਬੈਠ ਕੇ ਘੁੱਟ ਘੁੱਟ ਚੜ੍ਹਾਈ ਜਾਂਦਾ, ਮੀਟ ਮੁਰਗਾ ਲਗਾਈ ਜਾਂਦਾ, ਜਿੰਨਾ ਚਿਰ ਕੁੱਟ ਖਾਣ ਵਾਲੇ ਦੀ ਜ਼ੁਬਾਨ ਬੰਦ ਹੋ ਕੇ ਉਹ ਬੇਹੋਸ਼ ਨਾ ਹੋ ਜਾਂਦਾ। ਤੇ ਫਿਰ ਉਸ ਦੇ ਮੂੰਹ ਤੇ ਪਾਣੀ ਦੇ ਛਿੱਟੇ ਮਾਰਦੇ, ਮੂੰਹ ਵਿਚ ਪਾਣੀ ਪਾਉਂਦੇ, ਸ਼ਰਾਬ ਦੇ ਛਿੱਟੇ ਉਸ ਦੇ ਮੂੰਹ ਤੇ ਮਾਰਦੇ। ਜਦ ਉਹ ਤੂੰ ਹਾਂ ਕਰਦਾ ਹੋਸ਼ ਵਿਚ ਆਉਂਦਾ, ਉਹ ਛਿੱਤਰ ਵਾਲੇ ਫਿਰ ਤਿਆਰ ਹੋ ਜਾਂਦੇ।

ਲੋਕਾਂ ਕੋਲੋਂ ਸੁਣੀ ਉਸ ਦੀ ਤਾਰੀਫ ਪੰਨੇ ਨੂੰ ਅਧਮੋਇਆ ਕਰ ਗਈ। ਉਹ ਤਾਂ ਅਜਿਹੇ ਜ਼ਾਲਮ ਆਦਮੀ ਦਾ ਇਕ ਛਿੱਤਰ ਵੀ ਨਹੀਂ ਖਾ ਸਕਦਾ। ਕਹਿੰਦੇ, ਇਹ ਉਹ ਆਦਮੀ ਸੀ, ਜੋ ਇਕ ਸਾਧਾਰਨ ਸਿਪਾਹੀ ਤੋਂ ਉਠ ਕੇ ਸਾਹਬਾਂ ਦੀਆਂ ਜੁੱਤੀਆਂ ਪਾਲਸ਼ ਕਰਕੇ, ਜੀ ਹਜ਼ੂਰੀ ਕਰਕੇ, ਬੰਦੇ ਕੁੱਟ ਕੇ, ਮਾਰ ਕੇ, ਅੱਤਵਾਦੀਆਂ ਦਾ ਨੁਕਸਾਨ ਕਰਕੇ, ਇਸ ਅਹੁਦੇ ਤੱਕ ਪਹੁੰਚਿਆ ਹੈ। ਹੁਣ ਇਸ ਸਭ ਕੁਝ ਦਾ ਇਵਜਾਨਾਂ ਲੋਕਾਂ ਨੂੰ ਕੁੱਟ ਕੇ ਮਾਰ ਕੇ, ਪੈਸੇ ਬਟੋਰ ਕੇ ਪੂਰਾ ਕਰ ਰਿਹਾ ਹੈ।

'ਬਖਸ਼ ਲਈਂ ਕਲਗੀ ਵਾਲਿਆ...ਨੇੜੇ ਹੋ ਕੇ ਬਹੁੜੀਂ ਬਾਬਾ ਬੇਰਾਂ ਵਾਲਿਆਂ...ਮਿਹਰ ਕਰੀ ਬਾਬਾ ਬੁੱਢਾ ਸਾਹਿਬ ਜੀ...ਇਸ ਨਰਕ ਭਰੇ ਭਵਸਾਗਰ ਤੋਂ ਪਾਰ ਲੰਘਾਈਂ, ਉਚੇ ਟਿੱਲੇ ਵਾਲਿਆ।...ਤੇਰੇ ਦਰ ਪਹੁੰਚ ਕੇ ਸਿਜਦਾ ਕਰੂੰ, ਅੱਡੀਆਂ ਘਸਾਊਂ...ਅਖੰਡ ਪਾਠ ਕਰਾਊਂ...ਮੈਨੂੰ ਅੱਜ ਬੱਚਾ ਲੈ।'

'ਆ ਭਈ ਨੌਜਵਾਨਾ! ਆ ਮੇਰੇ ਕੋਲ ਆ ਜਾਹ।'

ਇੰਸਪੈਕਟਰ ਬਤਨ ਸਿੰਘ ਨੇ ਕੁਝ ਅੱਖਾਂ ਨਾਲ ਤੇ ਕੁਝ ਹੱਥ 'ਚ ਫੜੇ ਬੈਂਤ ਨਾਲ ਇਸ਼ਾਰਾ ਕਰਦੇ ਉਸ ਨੂੰ ਆਵਾਜ਼ ਲਗਾਈ। ਉਸ ਦੇ ਕੋਲ ਜਾ ਕੇ ਖੜਾ ਹੋ ਗਿਆ। ਬਤਨ ਸਿੰਘ ਦੇ ਮੂੰਹ 'ਚੋਂ ਮਿੱਠੀ ਮਿੱਠੀ ਮਸਾਲੇਦਾਰ ਵਿਸਕੀ ਦੀ ਖੁਸ਼ਬੂ ਉਸ ਨੂੰ ਕੁੜੱਤਣ ਚੜ੍ਹਾ ਗਈ।

'ਆ ਬੈਠ ਬੇਟੇ!...ਬੈਠੋ ਕੁਰਸੀ ਤੇ।' ਉਸ ਨੇ ਕੁਰਸੀ ਖਿੱਚ ਕੇ ਆਪਣੇ ਨਾਲ ਬੜੇ ਪ੍ਰੇਮ ਨਾਲ ਪੰਨੇ ਨੂੰ ਬਿਠਾ ਲਿਆ। ਉਸ ਦੀ ਪਿੱਠ 'ਤੇ ਹੱਥ ਫੇਰਿਆ।

ਜਿਵੇਂ ਬੱਕਰੇ ਨੂੰ ਝਟਕਾਉਣ ਤੋਂ ਪਹਿਲਾਂ ਉਸ ਦੀ ਕੰਡ 'ਤੇ ਹੱਥ ਫੇਰਿਆ ਜਾਂਦਾ ਹੈ, ਉਸ ਤੇ ਪਾਣੀ ਦੇ ਛਿੱਟੇ ਮਾਰੇ ਜਾਂਦੇ ਹਨ, ਅਜਿਹੇ ਹੀ ਛਿੱਟੇ ਉਸ ਨੇ ਆਪਣੀ ਪਿੱਠ 'ਤੇ ਪੈਂਦੇ ਮਹਿਸੂਸ ਕੀਤੇ ਤੇ ਨਾਲ ਹੀ ਕਟਰ ਦੀ ਤਵੱਕੇ, ਉਸ ਨੂੰ ਜਿੰਦਾ ਲਾਸ਼ ਬਣਾ ਗਈ।

'ਹੁਣ ਡਰੋ ਨਾ ਪੁੱਤ। ਹੁਣ ਤੂੰ ਮੇਰਾ ਯਾਰ ਹੈਂ, ਸਾਥੀ ਹੈ। ਮੇਰਾ ਮੁਲਜ਼ਮ ਨਹੀਂ। ਲੈ! ਇਹ ਵੀ ਘੁੱਟ ਪੀ ਲੈ, ਅਸਾਂ ਤੈਨੂੰ ਸਾਰਾ ਦਿਨ ਪ੍ਰੇਸ਼ਾਨ ਕੀਤਾ।' ਬਤਨ ਸਿੰਘ ਦੇ ਮੂੰਹੋਂ ਉੱਚਰੇ ਇਹ ਮਿੱਠੇ ਬੋਲ ਫਹਿਆਂ ਵਾਂਗ ਉਸ ਦਾ ਸੀਨਾ ਠੰਡਾ ਕਰ ਗਏ।

ਸਿਪਾਹੀ ਕੋਲੋਂ ਪੁਆਇਆ ਖੁਸ਼ਬੂ ਦਾਰ ਪੈੱਗ ਫੜ ਕੇ ਉਸ ਨੇ ਪੰਨੇ ਵੱਲ ਵਧਾਇਆ। 'ਮੁਆਫ ਕਰਨਾ, ਇਹ ਸਾਡੀ ਮਜਬੂਰੀ ਸੀ, ਸਾਡੀ ਨੌਕਰੀ ਹੀ ਅਜਿਹੀ ਕੁੱਤੀ ਹੈ, ਸਾਨੂੰ ਕਈ ਵੇਰਾਂ ਜਾਣ ਬੁਝ ਕੇ ਗਲਤ ਕੰਮ ਕਰਨੇ ਪੈਂਦੇ ਨੇ।'

ਪੰਨੇ ਨੇ ਕੁਝ ਰਾਹਤ ਮਹਿਸੂਸ ਕੀਤੀ। ਪਰ ਉਸ ਨੂੰ ਇੰਸਪੈਕਟਰ ਦੀ ਜ਼ੁਬਾਨ ਤੇ ਅਜੇ ਤੱਕ ਵੀ ਯਕੀਨ ਨਹੀਂ ਸੀ ਆ ਰਿਹਾ। ਇਸ ਬਾਬਲ ਦਾ ਕੀ ਭਰਵਾਸਾ ਭਾਵੇਂ ਡੋਲੀ ਪਾ ਕੇ ਕੱਢ ਲਵੇ। ਪਰ ਸੱਚੇ ਦਿਲ ਨਾਲ ਅੰਤਰ ਧਿਆਨ ਹੋ ਕੇ ਸੁੱਖੀ ਉਸ ਦੀ ਸੁੱਖਣਾ ਦਾ ਇਹ ਪ੍ਰਤਖ ਫਲ ਵੀ ਹੋ ਸਕਦਾ ਹੈ, ਉਸਦੀ ਅੰਦਰਲੀ ਆਵਾਜ਼ ਸੀ।

'ਨਹੀਂ ਸਰ! ਨਹੀਂ! ਮੈਂ ਸ਼ਰਾਬ ਨਹੀਂ ਪੀਂਦਾ।'

'ਓ ਨਹੀਂ ਬੇਟੇ ਇਹ ਸ਼ਰਾਬ ਨਹੀਂ, ਇਹ ਅੰਮ੍ਰਿਤ ਹੈ ਅੰਮ੍ਰਿਤ, ਸ਼ਰਾਬ ਤਾਂ ਇਹ ਉਦੋਂ ਹੁੰਦੀ ਹੈ, ਜਦ ਠੇਕਿਆਂ ਤੇ ਵਿਕਦੀ ਹੈ, ਜਾਂ ਜੱਟ ਜ਼ਿਮੀਂਦਾਰਾਂ ਦੇ ਮੱਟਾਂ ਵਿਚ ਉਬਲਦੀ ਹੈ, ਤੇ ਜਦ ਇਹ ਥਾਣੇ ਪਹੁੰਚ ਜਾਂਦੀ ਹੈ, ਤਾਂ ਇਹ ਅੰਮ੍ਰਿਤ ਬਣ ਜਾਂਦੀ ਹੈ।

ਫੜ, ਜਲਦੀ ਕਰ। ਤੇਰੇ ਘਰ ਦੇ ਇੰਤਜ਼ਾਰ ਕਰਦੇ ਹੋਣਗੇ।' ਜਾਨ ਖਲਾਸੀ ਹੁੰਦੀ ਕਿਆਸ ਕੇ ਉਸ ਨੇ ਗਲਾਸ ਫੜਿਆ ਤੇ ਗਟ ਗਟ ਕਰਦਾ ਅੱਲਾਹੀ ਚਰਨਾਮਤ ਸਮਝ ਕੇ ਚੜ੍ਹਾ ਗਿਆ।

'ਵਾ ਅ! ਸਾਬਾਸ਼।

ਤੇ ਹੁਣ ਦੱਸ! ਆਪੇ ਚਲੇ ਜਾਏਂਗਾ ਕਿ ਸਾਡੇ ਮੁਲਾਜ਼ਮ ਛੱਡ ਆਉਣ?'

'ਨਹੀਂ ਸਰ। ਮੈਂ ਆਪੇ ਹੀ ਚਲਾ ਜਾਵਾਂਗਾ।'

'ਤੇ ਹਾਂ ਸੱਚ! ਇਕ ਗੱਲ ਯਾਦ ਰੱਖੀਂ, ਕਿ ਇਹ ਅੱਜ ਦੀ ਸਾਰੀ ਕਹਾਣੀ ਕਿਸੇ ਤੀਸਰੇ ਦੇ ਕੰਨੀ ਨਾ ਪਵੇ। ਜੇ ਤੂੰ ਇਹ ਜ਼ਰਾ ਜਿੰਨੀ ਵੀ ਕਿਤੇ ਭਿਣਕ ਕੱਢੀ ਤਾਂ ਫਿਰ ਦੋਬਾਰਾ ਹੱਥ ਆ ਜਾਏਂਗਾ ਪੁਲਸ ਦੇ।'

'ਨਹੀਂ ਸਰ। ਮੈਂ ਬਿਲਕੁਲ ਨਹੀਂ ਕਰਾਂਗਾ, ਮੈਂ ਕਹਾਂਗਾ ਮੈਂ ਨਾਨਕਿਆਂ ਤੋਂ ਆਇਆਂ ਹਾਂ।'

ਉਸ ਦੀਆਂ ਸੁੱਕੀਆਂ ਚਰੇਪੜ ਭਰੀਆਂ ਬੁੱਲ੍ਹੀਆਂ ਤੇ ਥੋੜ੍ਹੀ ਥੋੜ੍ਹੀ ਮੁਸਕਾਨ ਉੱਗੀ।

'ਤੇ ਜਾਹ ਫਿਰ...... ਥੈਂਕ ਯੂ.........।

ਉਏ ਸੰਤਰੀ.... ਐਹ ਲੈ ਪੰਜ ਰੁਪੈ..... ਇਹਨੂੰ ਰਿਕਸ਼ੇ ਤੇ ਚੜ੍ਹਾ ਆ..........।

ਤੇ ਠਹਿਰ ਭਾਈ। ਮੈਂ ਤਾਂ ਤੈਨੂੰ ਵਧਾਈ ਦੇਣੀ ਹੀ ਭੁਲ ਗਿਆ ਸੀ।'

ਇੰਸਪੈਕਟਰ ਨੇ ਪਿਛੋਂ ਆਵਾਜ਼ ਮਾਰ ਕੇ ਬੜੀ ਮੁਸ਼ਕਲ ਨਾਲ ਤੁਰਨ ਜੋਗੀ ਜੁਟਾਈ ਉਸ ਦੀ ਤਾਕਤ ਫੇਰ ਤਹਿਸ਼-ਨਹਿਸ਼ ਕਰ ਦਿਤੀ।

'ਸਾਡੀ ਪਾਲਟੀ ਫਿਰ ਇਥੇ ਆ ਕੇ ਦੇਵੇਂਗਾ ਕਿ ਅਸੀ ਤੇਰੇ ਘਰ ਆਈਏ? ਤੈਨੂੰ ਬਹਾਦਰੀ ਦਾ ਇਨਾਮ ਮਿਲਿਆ। ਸ਼ਾਵਾ ਭਈ, ਬੱਲੇ-ਬੱਲੇ ਮੁਬਾਰਕਾਂ।'

ਉਸ ਨੇ ਮਰਾਸੀਆਂ ਵਾਲੀ ਹੇਕ ਲਾਈ।

'ਨਹੀਂ ਜਨਾਬ ਮੈਂ ਇਥੇ ਆ ਕੇ ਆਪੇ ਹੀ ਦੇ ਜਾਵਾਂਗਾ, ਤੁਸੀ ਖੇਚਲ ਨਾ ਕਰਿਓ।'

ਦਿਨ ਦੀਆਂ ਯਾਤਨਾਵਾਂ ਦਾ ਭੰਨਿਆ ਉਹ ਉਥੋਂ ਦੌੜਨਾ ਚਾਹੁੰਦਾ ਸੀ।

'ਕੀ ਦੇਵੇਂਗਾ......? ਇੱਕੀ ਹਜ਼ਾਰ ਵਿਚੋਂ ਅੱਧਾ?... ਸਿਰਫ ਅੱਧਾ...ਬਾਕੀ ਤੂੰ ਖਰਚ ਲਵੀਂ ਤੇ ਹੋਰ ਬਚਦਾ ਮੈਂ ਆਪੇ ਪਾ ਲਵਾਂਗਾ....। ਤੂੰ ਵੇਖ ਹੀ ਲਿਐ....। ਇਹ ਤਸ਼ਦਦ ਘਰ! ਜਦੋਂ ਤੂੰ ਦੂਜੀ ਵੇਰਾਂ ਇਥੇ ਆਇਆ, ਤੈਨੂੰ ਪੱਖਿਆਂ ਥੱਲੇ ਬਿਠਾਵਾਂਗੇ।'

'ਅੱਛਾ ਜਨਾਬ, ਜੋ ਹੁਕਮ।'

'ਤੇ ਹਾਂ ਨੌਜਵਾਨ। ਮੈਂ, ਤੈਨੂੰ ਦੱਸਣਾ ਚਾਹੁੰਦਾ ਹਾਂ, ਮੈਨੂੰ ਤੇਰੇ ਵਿਚ ਕੋਈ ਕਾਣ ਨਹੀਂ ਲੱਭੀ। ਤੇਰੇ ਤੇ ਕਿਸੇ ਨੇ ਮੂੰਹ ਮਾਰਿਆ ਸੀ। ਉਹ ਗਲਤ ਸਾਬਤ ਹੋਇਆ ਹੈ। ਤੈਨੂੰ ਸਾਵਧਾਨ ਰਹਿਣ ਦੀ ਲੋੜ ਹੈ। ਜਿਸ ਦਾ ਤੂੰ ਭਲਾ ਕਰਦਾ ਹੈ, ਉਹ ਤੇਰੇ ਅੱਗੇ ਖੂਹ ਖਾਤੇ ਖੋਦ ਰਹੇ ਨੇ। ਝੂਠੇ ਟਾਉਟਾਂ ਨੂੰ ਤਾਂ ਮੈਂ ਵੀ ਨਹੀਂ ਛਡਣਾ।' ਆਖਰੀ ਅਭੁੱਲ ਸ਼ਬਦ ਉਸ ਦਾ ਪਿੱਛਾ ਕਰਦੇ ਰਹੇ।

ਸਾਰਾ ਦਿਨ ਪੁਲਸੀਆਂ ਦੇ ਨਾਲ ਰਹਿ ਕੇ ਉਸ ਦਾ ਸਾਰਾ ਸਰੀਰ ਟੁੱਟਿਆ-ਭੰਨਿਆਂ ਜਾਪ ਰਿਹਾ ਸੀ। ਭਾਵੇਂ ਉਹ ਧੌਲ ਧੱਫੇ ਤੇ ਛਿੱਤਰ ਪਰੇਡ ਤੋਂ ਤਾਂ ਬਚਿਆ ਰਿਹਾ, ਪਰ ਜਿਵੇਂ ਹਰ ਪਲ ਤਸੀਹਿਆਂ ਤੇ ਤਸ਼ੱਦਦ ਭਰੀ ਹਰ ਘੜੀ ਉਸ ਨੇ ਸਾਹਾਂ ਦੀ ਗਿਣਤੀ ਨਾਲ ਲੰਘਾਈ, ਉਸ ਨੇ ਉਸ ਦੀ ਮਨੋਦਸ਼ਾ ਅਰਧ ਪਾਗਲਾਂ ਵਰਗੀ ਕਰ ਦਿਤੀ। ਪਤਾ ਨਹੀਂ ਕਿੱਦਾਂ ਤੇ ਕਿਹੜੇ ਵੇਲੇ ਉਹ ਘਰ ਦੇ ਸਾਹਮਣੇ ਆ ਪਹੁੰਚਾ। ਅੰਦਰ ਵੜ ਕੇ ਚੁੱਪ ਚੁਪੀਤਾ ਉਹ ਚੌਫਾਲ ਮੰਜੇ ਤੇ ਢਹਿ ਪਿਆ। ਉਸ ਦੇ ਚਿਹਰੇ ਦੀ ਮੁਰਦਿਹਾਣੀ, ਪਗੜੀ ਦੇ ਉਗੜ-ਦੁਗੜੇ ਲੜਾਂ ਦੀ ਬਣਤਰ ਤੇ ਅੰਦਰ ਧਸੀਆਂ ਅੱਖਾਂ ਵਿਚ ਦਹਿਸ਼ਤ ਦਾ ਸੰਨਾਟਾ ਤੇ ਗੱਲ੍ਹਾਂ ਤੇ ਵਗੀਆਂ ਹੰਝੂਆਂ ਦੀਆਂ ਪੈੜਾਂ ਤੋਂ ਉਸ ਦੀ ਪਤਨੀ ਨੇ ਪਹਿਲੇ ਝਟਕੇ ਹੀ ਭਾਂਪ ਲਿਆ ਕਿ ਕੁਝ ਗੜਬੜ ਹੈ।

'ਕੀ ਹੋਇਆ ? ਕਿਥੋਂ ਆਏ ?'

ਪਾਣੀ ਦਾ ਗਿਲਾਸ ਫੜਾਉਂਦਿਆਂ ਉਹ ਇਕ ਦਮ ਚਿੰਤਾ ਵਿਚ ਡੁੱਬ ਗਈ। ਬੇਸਬਰਿਆਂ ਵਾਂਗ ਪਾਣੀ ਦਾ ਗਿਲਾਸ ਚੜ੍ਹਾ ਕੇ ਉਹ ਕਾਲਜੇ ਨੂੰ ਫੜ ਬੈਠਾ। ਸਵੇਰ ਦਾ ਭੁੱਖਣ ਭਾਣਾ। ਪਾਣੀ ਦੇ ਘੁੱਟ ਉਸ ਦੇ ਕਾਲਜੇ ਬਰਛੀ ਵਾਂਗ ਜਾ ਚੁਭੇ। ਉਸਲ-ਵੱਟੇ ਭੰਨਦੇ ਵਿੰਗੇ ਟੇਡੇ ਹੋ ਕੇ ਉਸ ਨੇ ਬੜੀ ਮੁਸ਼ਿਕਲ ਆਪਣੇ ਆਪ ਨੂੰ ਸਾਵਾਂ ਕੀਤਾ।

'ਕੋਈ ਗੱਲ ਨਹੀਂ... ਰੋਟੀ ਜਲਦੀ ਲੈ ਆ।' ਉਸ ਨੇ ਉਪਰੇ ਜਿਹੇ ਲਹਿਜ਼ੇ ਵਿਚ ਪਤਨੀ ਨੂੰ ਝਟਕ ਦਿਤਾ।

'ਤੁਹਾਡੇ ਪਿਛੋਂ ਸਵੇਰੇ ਦਫ਼ਤਰ ਵਾਲਿਆ ਦਾ ਵੀ ਫੋਨ ਆਇਆ ਸੀ। ਮੈਂ ਕਿਹਾ ਚਲੇ ਗਏ ਨੇ..., ਪਰ ਜਨਾਬ! ਪਿਕਨਿਕ ਪਾਰਟੀ ਚੋਂ ਭੁੱਖੇ ਹੀ ਮੁੜ ਆਏ ...।' ਪਤਨੀ ਨੇ ਟਿੱਚਕਰ ਜਿਹੀ ਕੀਤੀ, ਪਰ ਉਸ ਦੀ ਕਰੁਣਾਮਈ ਹਾਲਤ ਦੇਖ ਕੇ ਕੁਝ ਹੋਰ ਅੱਗੇ ਬੋਲਣ ਦਾ ਜੇਰਾ ਨਾ ਜੋੜ ਸਕੀ।

ਫਿਰ ਦਰਵਾਜ਼ੇ ਦੀ ਦਸਤਕ ਨੇ ਪੰਨੇ ਨੂੰ ਪਾਣੀ-ਪਾਣੀ ਕਰ ਦਿਤਾ।

'ਕੌਣ ਹੈ? ਵੇਖ!' ਪੰਨੇ ਨੇ ਹੌਲੀ ਜਿਹੀ ਪਤਨੀ ਨੂੰ ਆਵਾਜ਼ ਮਾਰੀ।

'ਦਰਵਾਜ਼ਾ ਨਾ ਖੋਲੀਂ... ਪਹਿਲਾਂ ਚੰਗੀ ਤਰ੍ਹਾਂ ਪੁੱਛ ਲਵੀਂ..।' ਉਹ ਬਹੁਤ ਡਰਿਆ ਪਿਆ ਸੀ।

ਉਹ ਉਠ ਕੇ ਮੰਜੇ ਦੇ ਥੱਲੇ ਫਰਸ਼ 'ਤੇ ਲੰਮਾਂ ਪੈ ਕੇ ਲੁਕ ਗਿਆ।

'ਪ੍ਰੈਸ ਵਾਲੇ ਨੇ ਜੀ ਬਾਹਰ। ਸਵੇਰ ਦੇ ਉਹਨਾਂ ਤਿੰਨ ਚੱਕਰ ਲਗਾਏ ਨੇ, ਕਹਿੰਦੇ ਅਸੀਂ ਤੁਹਾਡਾ ਕੇਸ ਬੜੀ ਚੰਗੀ ਤਰਾਂ ਕਵਰ ਕੀਤਾ, ਤੁਹਾਡੀਆਂ ਫੋਟੋ ਛਾਪੀਆਂ, ਤੁਹਾਨੂੰ ਇਨਾਮ ਦਵਾਇਆ, ਸਾਡਾ ਵੀ ਕੁਝ ਖਿਆਲ ਰੱਖੋ। ਕਹਿੰਦੇ ਤੁਹਾਡੀ ਇੰਟਰਵਿਊ ਛਾਪਣੀ ਹੈ।'

'ਉਹਨਾਂ ਨੂੰ ਕਹੋ ਉਹ ਘਰ ਨਹੀਂ। ਜਦ ਆਉਣ ਗੇ ਆਪੇ ਮਿਲ ਲੈਣ ਗੇ।' ਘੱਟਾ ਝਾੜਦਾ ਪੰਨਾ ਬਾਹਰ ਨਿਕਲ ਕੇ ਹਾਰਿਆ ਹੰਭਿਆ ਮੰਜੇ 'ਤੇ ਵਿਛ ਗਿਆ।

ਹਮੇਸ਼ਾ ਵਾਂਗ ਸਮਾਂਬੱਧ ਖਾਣੇ ਦਾ ਵੇਲਾ, ਸੈਰ ਦਾ ਸਮਾਂ ਤੇ ਫਿਰ ਘਰ ਵਿਚ ਦਿਨ ਦੀ ਸਾਰੀ ਕਾਰਗੁਜ਼ਾਰੀ ਦਾ ਖੁਲਾਸਾ ਲੈਣਾ ਦੇਣਾ ਤੇ ਸਾਂਝਾ ਕਰਨਾ, ਇਸ ਸਭ ਕੁਝ ਤੋਂ ਉਲਟ ਅੱਜ ਉਹ ਜਲਦੀ-ਜਲਦੀ ਨੀਂਦ ਰਾਣੀ ਦੀ ਗੋਦ ਵਿਚ ਜਾਣ ਲਈ ਕਾਹਲਾ ਸੀ। ਉਸ ਦੀ ਨਜ਼ਰਵੱਟੂ ਵਰਗੀ ਲਟਕਦੀ ਬੂਥੀ ਨੇ ਉਸ ਦੀ ਪਤਨੀ ਨੂੰ ਗਹਿਰੀ ਉਦਾਸੀ ਵਿਚ ਗਰੱਸ ਲਿਆ।

'ਚੰਗੇ ਪਿਕਨਿਕ ਤੋਂ ਆਏ... ਸਾਰਾ ਹਾਸਾ ਹਲੂਸ ਉਥੇ ਹੀ ਛੱਡ ਆਏ...ਤੇ ਜਨਾਬ ਕੋਈ ਨਵੀਂ ਪ੍ਰੇਮਕਾ ਤੇ ਨਹੀਂ ਬਣਾ ਆਏ? ਜਿਸ ਦੀ ਯਾਦ ਵਿਚ ਘੁੱਟੇ ਜਿਹੇ ਲੱਗ ਰਹੇ ਹੋ। ਦਿਲ ਦੀ ਬਾਤ ਬਤਾ ਦੇਤਾ ਹੈ ਅਸਲੀ ਨਕਲੀ ਚਿਹਰਾ।' ਪਤਨੀ ਨੇ ਪਿਆਰਾ ਜਿਹਾ ਬੋਸਾ ਬੀਜ ਕੇ ਉਸ ਦੇ ਜ਼ਖਮੀ ਮਨ ਤੇ ਪਿਆਰ ਦੀ ਮੱਲ੍ਹਮ ਲਾਉਣ ਦੀ ਕੋਸ਼ਿਸ਼ ਕੀਤੀ।

'ਸੁੱਖ ਤਾਂ ਰਹੀ? ਕੀ ਹੋਇਆ? ਕੋਈ ਹਾਦਸਾ ਜਾਂ ਦੁਰਘਟਨਾ ਤਾਂ ਨਹੀ ਹੋਈ? ਕਿਸੇ ਨਾਲ ਲੜਾਈ ਝਗੜਾ ਕਰ ਕੇ ਆਏ?' ਪਤਨੀ ਨੇ ਚਿਹਰੇ ਦੇ ਰੰਗ ਬਦਲ ਕੇ ਕਈ ਹੋਰ ਸਵਾਲ ਢੇਰੀ ਕਰ ਦਿਤੇ।

'ਨਹੀਂ ਕੁਝ ਨਹੀਂ ਹੋਇਆ। ਇਹ ਤਾਂ ਕਿਸਮਤ ਦੀ ਹੀ ਖੇਡ ਹੈ। ਆ ਬੈਠ ਸੀਤੋ...।' ਉਸ ਨੇ ਸੀਤੋ ਦੀ ਪਿੱਠ ਤੇ ਹੱਥ ਧਰ ਕੋਲ ਖਿੱਚ ਲਿਆ।

'ਲੜਾਈ ਤਾਂ ਕੋਈ ਨਹੀਂ ਕੀਤੀ। ਹਾਦਸਾ ਵੀ ਕੋਈ ਨਹੀਂ ਹੋਇਆ। ਪਰ ਹਾਂ ... ਕਿਸਮਤ ਸਾਡੇ ਨਾਲ ਅਠਖੇਲੀਆਂ ਖੇਡ ਰਹੀ ਹੈ। ਇਹ ਵੀ ਚੰਗਾ ਹੋਇਆ, ਮੈਂ ਇਹ ਅਗਨ ਪ੍ਰੀਖਿਆ ਵੀ ਪਾਸ ਕਰ ਲਈ ਹੈ। ਹਾਂ! ਸੀਤੋ! ਹਾਂ... ਅੱਜ ਮੈਂ ਪਿਕਨਿਕ ਤੋਂ ਨਹੀਂ ਆਇਆ... ਮੈਂ ਇਕ ਇਮਤਿਹਾਨ ਤੋਂ ਆਇਆ ਹਾਂ...।'

ਕੌੜੇ ਧੂੰਏਂ ਦੇ ਮੋਤੀ ਉਸ ਦੀਆਂ ਅੱਖਾਂ ਚੋਂ ਡਲ੍ਹਕ ਪਏ।

'ਨਹੀਂ ... ਨਹੀਂ ਐਸਾ ਨਹੀ, ਸਾਰਾ ਦਿਨ ਦਿਲ ਨਹੀ ਡੁਲ੍ਹਾਇਆ... ਅੱਖ ਨਹੀਂ ਡਲ੍ਹਕੀ ਤੇ ਹੁਣ ਇਹ ਬੁਜ਼ਦਿਲੀ ਪਤਨੀ ਦੇ ਸਾਹਮਣੇ ! ਇਹ ਕਿਉਂ ।' ਉਸ ਨੇ ਆਪਣੇ ਆਪ ਨੂੰ ਫਿਟਕਾਰ ਪਾਈ। ਤੇ ਝੂਠੀ ਜਿਹੀ ਬਨਾਉਟੀ ਹਾਸੀ ਬੁੱਲ੍ਹਾਂ ਤੇ ਲਿਆ ਕੇ ਪਤਨੀ ਨੂੰ ਨਾਲ ਘੁੱਟ ਲਿਆ।

'ਕੱਲ ਅਖੰਡ ਪਾਠ ਕਰਾ! ਮੇਰੀ ਰਾਣੀ! ਮੈਂ ਅੱਗ ਦਾ ਸਾਗਰ ਤਰ ਕੇ ਆਇਆ ਹਾਂ... ਵੇਖ ਜਿਉਂਦਾ ਜਾਗਦਾ ... ਸਾਬਤ ਸਬੂਤਾ ਪੂਰੇ ਦਾ ਪੂਰਾ।'

'ਮੈਂ ਬਹੁਤ ਦੁਖੀ ਹਾਂ, ਤੁਹਾਡੀ ਇਹ ਤਰਲ ਹਾਲਤ ਮੈਥੋਂ ਜਰ ਨਹੀਂ ਹੁੰਦੀ! ਮੈਨੂੰ ਬੁਝਾਰਤਾਂ ਪਾ ਕੇ ਹੋਰ ਤੰਗ ਨਾ ਕਰੋ। ਸਾਫ-ਸਾਫ ਗੱਲ ਕਰੋ...।' ਪਤਨੀ ਫਿੱਸਦੀ-ਫਿੱਸਦੀ ਰੁਕ ਗਈ। 'ਅੱਜ ਥਾਣਾ ਵੇਖਿਆ ਮੈਂ ... ਬਤਨ ਸਿੰਘ ਦਾ ਬੁੱਚੜ-ਖਾਨਾ...।'

ਪਤਨੀ ਦੀਆਂ ਅੱਖਾਂ ਅੱਡੀਆਂ ਗਈਆਂ।

'ਕੀ ਚੋਰੀ ਡਾਕਾ ਮਾਰ ਆਏ ਜੇ ... ਕਿਹਨੂੰ ਕਤਲ ਕਰ ਆਏ ਜੇ?'

ਉਹ ਚਿੱਲਾਉਣ ਲੱਗੀ।

'ਚਿੱਲਾਓ ਮੱਤ! ਹਿਲੋ ਮੱਤ! ਬੇਗਮ ਸਾਹਿਬਾ! ਹੋਸ਼ ਕਰੋ...ਤੇ ਸੌਂ ਜਾਓ... ਸਮਝੋ ਇਕ ਸੁਪਨਾ ਸੀ... ਬੱਸ ਸੁਪਨਾ...।' ਪੰਨੇ ਨੇ ਮੀਤੋ ਨੂੰ ਵਰਚਾਉਣ ਦੀ ਕੋਸ਼ਿਸ਼ ਕੀਤੀ।

'ਤੈਨੂੰ ਪਤਾ ਨਹੀ? ਕਹਿੰਦੇ ਖੋਤੀ ਥਾਣੇ 'ਚੋਂ ਹੋ ਆਏ ਤਾਂ ਕਿਸੇ ਨਾਲ ਨਹੀ ਮਿਲਦੀ, ਘੁਮੰਡੀ ਜਾਂਦੀ ਹੈ ਤੇ ਮੈਂ ਤਾਂ ਵੱਡੇ ਬੁੱਚੜਖਾਨੇ 'ਚੋਂ ਆਇਆ ਹਾਂ, ਬਤਨ ਸਿੰਘ ਦੇ ਬੁੱਚੜਖਾਨੇ ਤੋਂ...।' ਪੰਨੇ ਨੇ ਧੁਆਂਖੇ ਮਾਹੌਲ ਨੂੰ ਹਾਸੇ ਨਾਲ ਸੁਖਾਵਾਂ ਕਰਨ ਦੀ ਕੋਸ਼ਿਸ਼ ਕੀਤੀ।

'ਮੈਂ ਨਹੀਂ ਬੋਲਣਾ ਤੁਹਾਡੇ ਨਾਲ! ਕਿਵੇਂ ਨਵੀਂ ਤੋਂ ਨਵੀਂ ਸ਼ੁਰਲੀ ਛੱਡ ਕੇ ਮੈਨੂੰ ਹੋਰ ਦੀ ਹੋਰ ਜ਼ਖਮੀ ਕਰੀ ਜਾਂਦੇ ਨੇ।' ਪਤਨੀ ਨੇ ਵੀ ਨਖਰਾ ਜਿਹਾ ਕੀਤਾ।

'ਨਹੀਂ ਮੇਰੀ ਜਾਨ! ਕੋਈ ਚਿੰਤਾ ਫਿਕਰ ਵਾਲੀ ਕੋਈ ਗੱਲ ਨਹੀ! ਰੱਬ ਸਾਡੇ 'ਤੇ ਬੜਾ ਦਿਆਲ ਹੋਇਐ... ਵੇਖ ਸਾਨੂੰ ਇਤਨਾਂ ਵੱਡਾ ਇਨਾਮ ਮਿਲਿਆ... ਸਨਮਾਨ ਮਿਲਿਆ... ਤਰੱਕੀ ਮਿਲੀ... ਤੇ ਵੱਡੇ ਘਰ ਜਿਥੇ ਕੋਈ ਕਰਮਾਂ ਵਾਲਾ ਹੀ ਜਾਂਦਾ ਹੈ... ਤੇ ਜੇ ਜਾਂਦਾ ਹੈ ਤਾਂ ਸਬੂਤਾ ਵਾਪਸ ਨਹੀ ਮੁੜਦਾ ... ਤੇ ਵੇਖ! ਹੈ ਨਾ ਕਰਾਮਾਤ। ਮੈਂ ਇਸ ਤੂਫਾਨ ਵਿਚੋਂ ਦੂਣਾ ਹੋ ਕੇ ਨਿਕਲਿਆ ਹਾਂ। ਸਾਨੂੰ ਉਪਰ ਵਾਲੇ ਨੇ ਬਹੁਤ ਰਹਿਮਤਾਂ ਬਖਸ਼ੀਆਂ ਨੇ, ਤੇ ਸਾਡਾ ਵੀ ਤਾਂ ਕੰਮ ਹੈ, ਇਹਨਾਂ ਰਹਿਮਤਾਂ ਵਿਚੋਂ ਉਸ ਦਾ ਵੀ ਦਸਵੰਧ ਕੱਢ ਕੇ ਧੰਨਵਾਦ ਕਰੀਏ।'

'ਹਾਂ...ਹਾਂ...ਕਰੋ, ਜ਼ਰੂਰ ਕਰੋ। ਮੈਂ ਤਾਂ ਉਸ ਦਿਨ ਹੀ ਪੰਜ ਸੌ ਰੁਪੈ ਕੱਢ ਕੇ ਜੁਦਾ ਰੱਖ ਲਏ ਸਨ...ਬਾਬੇ ਬੇਰਾਂ ਵਾਲੇ ਦੀ ਸੁੱਖਣਾਂ ਲਈ...।'

'ਬਹੁਤ ਹੱਛਾ! ਤਾਂ ਫਿਰ ਹੁਣ ਸੌਂਵੋਂ! ਰੱਜ ਕੇ ਸੌਂਵੋਂ...ਸਾਰੀ ਰਾਤ ਸੌਂਵੋਂ ਤੇ ਸਵੇਰੇ ਉਠ ਕੇ ਇਸ਼ਨਾਨ ਕਰਕੇ ਤਿਆਰ ਹੋ ਕੇ ਜਾਵਾਂਗੇ, ਬਾਬੇ ਬੇਰਾਂ ਵਾਲੇ ਕੋਲ ਧੰਨਵਾਦ ਕਰਨ ਵਾਸਤੇ।'

'ਅੱਛਾ ਜੀ ਬਾਬਾ ਸੁੱਖ ਰੱਖੇ...ਸਰਬੱਤ ਦਾ ਭਲਾ ਕਰੇ...।'

'ਤੇ ਹਾਂ! ਤੂੰ ਵੀ ਉਸ ਕੋਲੋ ਮੰਗ ਲਈ ਕੁਝ! ਕੋਈ ਚੰਗੀ ਚੀਜ਼! ਸੱਚੇ ਦਿਲ ਨਾਲ ਮੰਗੀ ਮੁਰਾਦ ਉਥੋਂ ਪੂਰੀ ਹੋ ਜਾਂਦੀ ਏ...।'

ਸੀਤੋ ਦੀਆਂ ਹੱਸਦੀਆਂ ਹੱਸਦੀਆਂ ਅੱਖਾਂ ਤੋਂ ਸੰਗ ਸ਼ਰਮ ਦੇ ਡੋਰੇ ਕੰਨਾਂ ਤਕ ਲਟਕ ਗਏ।

'ਤੇ ਤੁਸੀਂ ਵੀ ਤਾਂ ਮੇਰੀ ਮਦਦ ਕਰੋ ਨਾ! ਤੁਹਾਡੀ ਮਦਦ ਬਿਨਾਂ ਮੇਰੀ ਇਹ ਮੁਰਾਦ ਪੂਰੀ ਨੀਂ ਹੋਣੀ।' ਉਸ ਦੀਆਂ ਗੱਲ੍ਹਾਂ ਗੁਲਾਬ ਵਾਂਗ ਖਿੜ ਗਈਆਂ।

'ਹਾਂ ਹਾਂ, ਮੈਂ ਜ਼ਰੂਰ ਅਰਦਾਸ ਕਰਾਂਗਾ.,..ਬਾਬਾ ਜੀ ਇਸ ਬੀਬੀ ਦੀ ਝੋਲੀ ਵੀ ਮੁਰਾਦਾਂ ਨਾਲ ਭਰ ਦਿਓ...।'

'ਚਲੋ ਸ਼ਰਾਰਤੀ ਕਹੀਂ ਕੇ...।'

ੰ ੰ ੰ

## 9

ਸਵੇਰੇ ਪਹਿਲਾਂ ਨਾਲੋਂ ਕੁਝ ਸਵੱਖਤੇ ਉੱਠ ਕੇ ਇਸ਼ਨਾਨ ਪਾਣੀ ਕਰਕੇ ਦੋਵੇਂ ਤੀਵੀਂ ਆਦਮੀ ਆਪਣੀ ਸੁੱਖਣਾ ਲਾਹੁਣ ਲਈ ਤੇ ਉਸ ਪ੍ਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰੇ ਨੂੰ ਚੱਲ ਪਏ। ਦੋਵਾਂ ਦੇ ਮਨ ਵਿਚ ਬੜਾ ਚਾਅ, ਹੁਲਾਸ ਤੇ ਸ਼ਰਧਾ ਸੀ। ਦੋਵੇਂ ਖੁਸ਼ੀ ਨਾਲ ਮਦ-ਮਸਤ ਹੋਏ ਪਏ ਸਨ। ਵੱਡੇ ਦਰਸ਼ਨੀ ਦੁਆਰ 'ਤੇ ਨਿਸ਼ਾਨ ਸਾਹਬ ਦੇ ਦਰਸ਼ਨ ਹੁੰਦੇ ਹੀ ਪੰਨੇ ਨੇ ਥੋੜਾ ਜਿਹਾ ਸਕੂਟਰ ਹੌਲੀ ਕਰਕੇ ਬਰੇਕ ਲਗਾ ਕੇ ਬਾਬਿਆਂ ਨੂੰ ਸਿਜਦਾ ਕੀਤਾ, ਸਿਰ ਨਿਵਾਇਆ।

'ਧੰਨਵਾਦ, ਧੰਨ ਬਾਬਾ ਬੇਰਾਂ ਵਾਲਿਆ...ਬਾਬਾ ਬੁਢਾ ਸਾਹਿਬ, ਵੱਡੇ ਬਾਬਾ ਜੀ...ਛੋਟੇ ਬਾਬਾ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ! ਧੰਨਵਾਦ! ਬਹੁਤ ਧੰਨਵਾਦ।'

‘ਮਿਹਰ ਕਰੀਂ ਬਾਬਾ ਜੀ...ਸੁੱਖ ਰੱਖੀਂ, ਸ਼ੇਰਾਂ ਵਾਲੀ ਮਈਆ’। ਉਸ ਦੀ ਪਤਨੀ ਨੇ ਉਸ ਦੀ ਰਹਿੰਦ ਪੂਰੀ ਕਰ ਦਿੱਤੀ।

ਗੁਰਦੁਆਰੇ ਦੇ ਗੇਟ ਨੇੜੇ ਆਉਣ ਤੱਕ ਉਹਨਾਂ ਦਾ ਪਿਛਲਾ ਟਾਇਰ ਸੂੰ ਸੂੰ ਕਰਕੇ ਖੜਕਣ ਲੱਗਾ।

‘ਇਹ ਵੀ ਚੰਗਾ ਹੋਇਆ...ਬਾਬੇ ਕਿੰਨੇ ਜਾਹਰੇ ਨੇ। ਵੇਖਿਆ! ਜੇ ਰਾਹ ਵਿਚ ਹਵਾ ਨਿਕਲ ਜਾਂਦੀ ਤਾਂ ਕੀ ਬੀਤਦੀ?’ ਪੰਨੇ ਨੇ ਅੰਦਰ ਹੀ ਅੰਦਰ ਆਪਣੇ ਇਸ਼ਟ ਦਾ ਧੰਨਵਾਦ ਕੀਤਾ। ਗੇਟ ਦੇ ਸਾਹਮਣੇ ਹੀ ਮੁਰੰਮਤ ਦੀ ਦੁਕਾਨ ਕੋਲ ਜਾ ਸਕੂਟਰ ਖੜਾ ਕੀਤਾ।

‘ਇਹਨੂੰ ਪੰਚਰ ਲਗਾ ਦੇ ਉਸਤਾਦ...। ਪਰ ਦੇਰ ਨਾ ਲਾਈਂ, ਅਸੀਂ ਪੰਜ ਮਿੰਟ ਚ ਆਏ।’

ਗੇਟ ਦੇ ਬਾਹਰ ਜੁੱਤੀਆਂ ਉਤਾਰ ਕੇ ਅੰਦਰ ਵੜਦੇ ਪਾਣੀ ਵਾਲੇ ਚੁਬੱਚੇ ਚਰਨ ਗੰਗਾ ’ਚੋਂ ਦੋਹਾਂ ਤੀਵੀਂ ਆਦਮੀ ਨੇ ਚਰਨਾਮਤ ਲੈ ਕੇ ਬੁੱਲ੍ਹਾਂ ਨੂੰ ਲਾਈ, ਮੂੰਹ ਨੂੰ ਛਿੱਟੇ ਮਾਰੇ ਤੇ ਸਿਰ ਉਪਰ ਦੀ ਛਿੱਟਿਆਂ ਦਾ ਵਾਰਨਾ ਕੀਤਾ।

ਅੰਦਰ ਵੜਦੇ ਸੱਜੇ ਪਾਸੇ ਪੀਰ ਦੀ ਕਬਰ, ਹਰੀ ਚਾਦਰ ਨਾਲ ਢੱਕੀ...ਉਹਨਾਂ ਦਾ ਧਿਆਨ ਕੇਂਦਰਤ ਕਰ ਗਈ। ਉਹ ਆਪ ਮੁਹਾਰੇ ਉਸ ਦੀ ਪਰਦੱਖਣਾ ਕਰਨ ਲੱਗੇ, ਲੱਤਾਂ ਬਾਹਾਂ ਘੁੱਟਣ ਲੱਗੇ। ਆਪਣੇ ਮਨ ਦੀ ਮਨੋਕਾਮਨਾ ਦੀ ਪੂਰਤੀ ਲਈ ਅਰਦਾਸ ਕਰਨ ਲੱਗੇ। ਸਰਦਾ ਬਣਦਾ ਤਾਲੇ ਲੱਗੇ ਗੋਲਕ ਵਿਚ ਪਾ ਕੇ ਉਹ ਅੱਗੇ ਤੁਰੇ। ਸੱਜੇ ਹੱਥ ਮਾਤਾ ਦਾ ਮੰਦਰ, ਇਹ ਵੀ ਖਾਲੀ ਨਾ ਜਾਏ। ਉਹਨਾਂ ਟੱਲੀਆਂ ਖੜਕਾ ਕੇ ਊਂਘ ਰਹੇ ਪੁਜਾਰੀ ਨੂੰ ਸੋਮਨ ਕੀਤਾ। ਸਿਜਦਾ ਕੀਤਾ, ਮੱਥਾ ਟੇਕਿਆ...ਅਤੇ ਪ੍ਰਸ਼ਾਦ ਲਈ ਹੱਥ ਖੋਲ੍ਹ ਦਿਤੇ।

‘ਦੱਛਣਾਂ ਤਾਂ ਪਾਉ! ਮੱਥਾ ਟੇਕੋ ਭਗਤੋ! ਐਸੇ ਫਰੀ ਮੇਂ ਪ੍ਰਸਾਦਿ ਨਹੀਂ ਮਿਲਦਾ।’

ਪੰਡਤ ਨੇ ਫੁੱਲੀਆਂ ਟਟੋਲਦੇ ਉਹਨਾਂ ਨੂੰ ਸਿੱਖਿਆ ਦਿੱਤੀ।

‘ਸੌਰੀ ਪੰਡਤ ਜੀ...।’

ਉਹਨੇ ਦਸ ਦਸ ਦੇ ਨੋਟ ਕੱਢ ਕੇ ਪੰਡਤ ਦੇ ਪੈਰਾਂ ’ਚ ਰੱਖ ਦਿੱਤੇ। ਫੁੱਲੀਆਂ ਦਾ ਪ੍ਰਸਾਦਿ ਲੈ ਕੇ ਮੱਥੇ ਨੂੰ ਲਗਾਇਆ। ਰਸਤੇ ’ਚ ਬੈਠੇ ਮੰਗਤੇ ਤੇ ਹੋਰ ਤੂੰਬੇ ਤੋੜਦੀਆਂ ਕੰਜਕਾਂ ਉਹਨਾਂ ਦੇ ਮਨ ਦੀ ਸ਼ਾਂਤੀ ਦਾ ਸ਼ੋਸ਼ਣ ਕਰਦੀਆਂ ਰਹੀਆਂ। ਗੁਰਦੁਆਰੇ ਦੇ ਦੁਆਰ ਲਾਗੇ ਪਹੁੰਚਣ ਤੱਕ ਉਹਨਾਂ ਦਾ ਸਬਰ ਖਤਮ ਹੋਣ ਦੇ ਕੰਢੇ ਪਹੁੰਚਿਆ ਪਿਆ ਸੀ। ਇਕਾਗਰਤਾ ਭੰਗ ਹੋ ਰਹੀ ਸੀ।

ਗੁਰਦੁਆਰੇ ਦੇ ਵੱਡੇ ਹਾਲ ਚ ਸਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਤੇ ਬੈਠਾ ਭਾਈ ਸੰਤਾ ਸਿੰਘ ਚੌਰ ਝੁਲਾ ਰਿਹਾ ਸੀ। ਉਹਨਾਂ ਨੂੰ ਵੇਖ ਕੇ ਗੁਣਗੁਣਾਉਣ ਲੱਗਾ ਤੇ ਫਿਰ

ਉਸ ਦੇ ਮੂੰਹੋ ਬੋਲੇ ਸ਼ਬਦਾਂ ਦੀ ਕੁਝ ਕੁਝ ਸੁਰ ਉਹਨਾਂ ਦੇ ਕੰਨਾ ਤੱਕ ਅੱਪੜੀ, ਜਿਵੇਂ ਉਹ ਅਖੰਡ ਪਾਠ ਕਰ ਰਿਹਾ ਹੋਵੇ।

ਆਪਣਾ ਸਰਦਾ ਬਣਦਾ ਗੋਲਕ ਚ ਪਾ ਕੇ ਮੱਥਾ ਘਸਾ ਕੇ ਪ੍ਰਕਰਮਾ ਕਰਕੇ ਉਹ ਪ੍ਰਸ਼ਾਦਿ ਵਾਲੇ ਕੋਲ ਆ ਅਟਕੇ।

'ਬਾਬਾ ਜੀ ਅਸਾਂ ਅਖੰਡ ਪਾਠ ਕਰਾਉਣਾ ਹੈ...ਸੁੱਖਣਾ ਦਾ।'

'ਕਰਾਓ...ਜੰਮ ਜੰਮ ਕਰਾਓ...ਇਹ ਵੀ ਕਿਸੇ ਕਰਮਾਂ ਵਾਲੇ ਦੇ ਹੀ ਨਸੀਬ 'ਚ ਹੁੰਦਾ ਹੈ...ਸੰਤ ਜੀ।'

ਭਾਈ ਨੇ ਪ੍ਰਸ਼ਾਦਿ ਦੀ ਚੁੱਟਕੀ ਉਸਦੀ ਹਥੇਲੀ ਤੇ ਧਰਦੇ ਕਹੀ। ਨਾਲ ਹੀ ਵਹੀ ਤੇ ਕਾਪੀ ਪੈਨਸਲ ਫੜ ਬੈਠਾ।

'ਕਦੋਂ ਕਰਾਉਣਾ ਹੈ?'

'ਅਗਲੇ ਹਫਤੇ ਕਰ ਦਿਓ...।' ਉਹਨਾਂ ਹੱਥ ਜੋੜੇ।

'ਅਗਲੇ ਹਫਤੇ ਨਹੀਂ...ਸਾਡੇ ਤਾਂ ਤਿੰਨ ਮਹੀਨੇ ਪਹਿਲਾਂ ਹੀ ਬੁੱਕ ਨੇ...ਚੌਥੇ ਮਹੀਨੇ....।' ਭਾਈ ਨੇ ਡਾਇਰੀ ਦੇ ਪੰਨੇ ਪਲਟਦੇ ਕਿਹਾ।

'ਚਲੋ ਠੀਕ ਹੈ...।'

'ਲਿਆਓ...ਪੰਜ ਹਜ਼ਾਰ...।'

ਉਸ ਨੇ ਮਲਕੜੇ ਜਿਹੇ ਪੰਜ ਹਜ਼ਾਰ ਦੀ ਥੱਬੀ ਜੇਬ 'ਚੋਂ ਕੱਢ ਕੇ ਬਾਬਾ ਜੀ ਨੂੰ ਫੜਾਈ।

'ਚੰਗਾ ਜੀ ਧੰਨਵਾਦ....।'

'ਤੇ ਨਾਲੇ ਉਸ ਦਿਨ ਇਕ ਕਿਲੋ ਘਿਉ ਦੇਸੀ...ਬਦਾਮ...ਨਾਰੀਅਲ ਲਲੇਰ ਤੇ ਰੁਮਾਲਾ ਸਾਹਿਬ, ਇਹ ਵੀ ਲੈ ਆਉਣਾ ਤੇ ਜੇ ਤੁਸੀਂ ਇਹ ਆਪ ਨਹੀਂ ਲਿਆ ਸਕਦੇ ਤਾਂ 1100 ਰੁਪੈ ਹੋਰ ਦੇ ਜਾਓ....।' ਭਾਈ ਦਾ ਖੁੱਲ੍ਹਾ ਡੁੱਲ੍ਹਾ ਸਵਾਲ ਸੀ ਤੇ ਜੁਆਬ ਵੀ ਨਾਲ ਹੀ।

'ਬਾਬਾ ਜੀ ਅਸੀਂ ਲੈ ਆਵਾਂਗੇ...। ਇਹ ਅਸੀਂ ਆਪ ਹੀ ਲੈ ਲਿਆਵਾਂਗੇ...।' ਦੋਹਾਂ ਜੀਆਂ ਨੇ ਸ਼ਬਦ ਦੁਹਰਾਏ।

ਵਾਪਸ ਗੇਟ ਤੱਕ ਪਹੁੰਚਦੇ ਪਹੁੰਚਦੇ ਪੰਨੇ ਦੇ ਮਨ ਵਿੱਚ ਕਈ ਤਰ੍ਹਾਂ ਦੇ ਵਲਵਲੇ ਕਰਵਟ ਲੈਂਦੇ ਰਹੇ। ਇਹ ਵੀ ਕੈਸਾ ਚੰਗਾ ਅਦਭੁਤ ਵਲਗਣ ਹੈ, ਜਿਥੇ ਇਕ ਤਰ੍ਹਾਂ ਸਵਰਗ ਹੀ ਸਵਰਗ ਹੈ। ਜਿਸ ਵਿਚ, ਜਿਥੇ ਸਾਰੇ ਪੀਰ ਫਕੀਰ ਭਾਈ ਤੇ ਮਾਈਆਂ, ਧਾਰਮਕ ਸ਼ਕਤੀਆਂ ਇਕੱਠੀਆਂ ਕੋਲ ਕੋਲ ਸਮਾਧੀ ਲਗਾਈ ਬੈਠੀਆਂ ਹੋਈਆਂ ਹਨ। ਪਰ

ਆਪਣੇ ਮਨ ਦਾ ਇਹ ਵਿਅੰਗ ਉਹ ਵਿੱਚੇ ਵਿੱਚ ਜਜ਼ਬ ਕਰ ਗਿਆ, ਕਿਤੇ ਨਮਾਜ਼ ਬਖ਼ਸ਼ਾਉਣ ਗਏ ਰੋਜ਼ੇ ਹੀ ਨਾ ਗਲ ਪੈ ਜਾਣ। ਕੋਈ ਗੁੱਸਾ ਹੀ ਨਾ ਕਰ ਬੈਠੇ।

'ਭਾਈ ਜੀ ਤੁਸੀਂ ਅਖੰਡ ਪਾਠ ਸੁੱਖ ਕੇ ਆਏ ਜੇ?'

ਇਕ ਕਰਮਚਾਰੀ ਲਗਦੇ ਆਦਮੀ ਨੇ ਪਿਛੇ ਆ ਕੇ ਉਹਨਾਂ ਨੂੰ ਰੋਕ ਲਿਆ।

'ਹਾਂ ਜੀ...ਭਾ ਜੀ...। ਅਸੀਂ ਆਪਣਾ ਨਾਮ ਪਤਾ ਲਿਖਾ ਆਏ ਹਾਂ।

ਸੁੱਖ ਕੇ ਹੀ ਨਹੀਂ, ਅਸੀਂ ਬੁੱਕ ਕਰਾ ਕੇ ਆਏ ਹਾਂ।'

'ਤੇ ਰਾਤ ਦੀ ਸੇਵਾ?...ਮੇਰਾ ਮਤਲਬ ਹੈ ਰਾਤ ਨੂੰ ਤੁਸੀਂ ਹਾਜ਼ਰੀ ਭਰੋਗੇ...?'

'ਹਾਂ ਜੀ...ਹਾਂ ਅਸੀਂ ਆਪ ਹਾਜ਼ਰੀ ਭਰਾਂਗੇ...ਸੇਵਾ ਕਰਾਂਗੇ ਤੇ ਪਾਠ ਸੁਣਾਂਗੇ...ਆਪਣੇ ਕੰਨਾਂ ਨਾਲ...।' ਪਤਨੀ ਨੇ ਬੜੇ ਸਵੈ ਭਰੋਸੇ ਨਾਲ ਉਸ ਦਾ ਉਤਰ ਦਿੱਤਾ।

'ਚਲੋ ਠੀਕ ਹੈ...ਨਹੀਂ ਤਾਂ ਮੈਂ ਕਿਹਾ, ਜੇ ਤੁਸੀਂ ਆਪ ਨਾ ਆਣਾ ਚਾਹੋ ਤਾਂ ਅਸੀਂ ਤੁਹਾਡਾ ਇਹ ਕੰਮ ਕਰ ਦਿਆਂਗੇ...।' ਭਾਈ ਨੇ ਗੋਗੜ 'ਤੇ ਹੱਥ ਫੇਰਦੇ ਗੱਲ ਜਾਰੀ ਰੱਖੀ।

'ਉਹ ਕਿਵੇਂ?' ਦੋਵੇਂ ਜੀਅ ਹੈਰਾਨ ਸਨ।

'ਤੁਸੀਂ ਆਰਾਮ ਕਰਿਓ...ਆਪਣੇ ਘਰ, ਤੇ ਉਪਰਲੀ ਸੇਵਾ ਅਸੀਂ ਕਰ ਦਿਆਂਗੇ ...ਤੁਹਾਡਾ ਸਿਰਫ ਢਾਈ ਸੌ ਰੁਪੈ ਲੱਗੇਗਾ, ਇਕ ਰਾਤ ਦਾ ਤੇ ਦੋ ਰਾਤਾਂ ਦੇ ਸਿਰਫ ਪੰਜ ਸੌ...।' ਅੱਜ ਕੱਲ ਤਾਂ ਅਖੰਡ ਪਾਠ ਕਰੇ ਕਰਾਏ ਮਿਲ ਜਾਂਦੇ ਨੇ। ਤੁਸੀਂ ਆਰਾਮ ਨਾਲ ਭੋਗ ਵਾਲੇ ਦਿਨ ਆ ਜਾਇਉ ਤੇ ਆਪਣਾ ਸਿਰੋਪਾ ਲੈ ਜਾਇਉ....।' ਭਾਈ ਨੇ ਆਪਣੇ ਆਪ ਬੜੀ ਹਮਦਰਦਾਂ ਵਾਲੀ ਸਲਾਹ ਦਿਤੀ।

'ਨਾ ਭਾਈ ਜੀ...ਨਾ...ਅਸੀਂ ਆਪ ਸੇਵਾ ਕਰਾਂਗੇ... ਆਪ ਗੁਰਬਾਣੀ ਸੁਣਾਗੇ ਆਪਣੇ ਕੰਨਾ ਨਾਲ ਤੇ ਹਿਰਦੇ ਨੂੰ ਸ਼ੁਧ ਕਰਾਂਗੇ, ਪਵਿਤਰ ਕਰਾਂਗੇ...।' ਮੀਤੋ ਨੇ ਆਪਣੀ ਸ਼ਰਧਾ ਜਿਤਲਾਈ।

ਉਹਨਾਂ ਦੀ ਸ਼ਰਧਾ ਸੁਣ ਕੇ ਭਾਈ ਲਗਦਾ ਕਰਮਚਾਰੀ ਨਿਰਾਸ਼ ਜਿਹਾ ਹੋ ਕੇ ਪਿੱਛੇ ਮੁੜ ਪਿਆ।

ਜਲਦੀ ਜਲਦੀ ਤੇਜ਼ ਕਦਮ ਪੁੱਟਦਾ ਪੰਨਾ ਬਾਹਰ ਜੁਤੀਆਂ ਵੱਲ ਨੂੰ ਅਹੁਲਿਆ। ਆਪਣੀ ਜੁੱਤੀ ਗਾਇਬ ਦੇਖ ਕੇ ਉਹ ਭਮੰਤਰ ਗਿਆ ਤੇ ਸਿਰ ਨੂੰ ਹੱਥ ਪਾ ਕੇ ਖਲੋ ਗਿਆ।

'ਕੀ ਹੋਇਆ...ਏਦਾਂ ਖੜ ਗਏ?' ਪਤਨੀ ਵੀ ਹੈਰਾਨ ਹੋ ਗਈ।

'ਜੁੱਤੀ ਤਾਂ ਗਈ, ਮੈਂ ਕਿਹਾ ਪਗੜੀ ਵੀ ਨਾ ਉੱਡ ਜਾਏ।'

ਉਹ ਅੰਦਰੋਂ ਅਤਿਅੰਤ ਦੁਖੀ ਹੁੰਦਾ ਹੋਇਆ ਵੀ ਪ੍ਰਮਾਤਮਾ ਦਾ ਲੱਖ ਲੱਖ ਵਾਰ ਸ਼ੁਕਰ ਗੁਜ਼ਾਰ ਸੀ।

ਉਹਨਾਂ ਨੂੰ ਦੇਖ ਕੇ ਸਕੂਟਰ ਮੁਰੰਮਤ ਕਰਨ ਵਾਲਾ ਵੀ ਉਹਨਾਂ ਕੋਲ ਆ ਗਿਆ।

'ਬਾਬੂ ਜੀ! ਟਿਊਬ ਤਾਂ ਸਾਰੀ ਵੱਢੀ ਪਈ ਹੈ, ਇਹ ਠੀਕ ਨਹੀਂ ਹੋਣ ਵਾਲੀ..। ਕਈ ਪੰਚਰ ਹੋਏ ਪਏ ਨੇ...।'

'ਅੱਛਾ ਭਾਈ...ਤੇਰਾ ਕੀ ਮਤਲਬ ...ਤੂੰ ਨਵੀ ਪਾਉਣੀ ਚਾਹੁੰਦੈ?'

'ਹਾਂ ਜੀ...ਇਹ ਨਹੀਂ ਚੱਲਣੀ...।'

'ਚੱਲ ਤੂੰ ਖੁਸ਼ ਰਹਿ...ਨਵੀਂ ਹੀ ਪਾ ਦੇਹ...ਪਰ ਜਲਦੀ ਕਰ।'

ਉਹ ਪਤਨੀ ਸਾਹਮਣੇ ਆਪਣਾ ਹੌਂਸਲਾ ਜਿਉਂ ਦਾ ਤਿਉਂ ਕਾਇਮ ਰੱਖਦਾ ਰਿਹਾ। ਕਿਸਮਤ ਹਰ ਪਲ ਉਸ ਨਾਲ ਮਖੌਲ ਕਰਦੀ ਰਹੀ। ਪਾਰਲੀ ਦੁਕਾਨ ਤੋਂ ਹੋਰ ਨਵੀਂ ਚਪਲ ਲੈ ਕੇ ਉਸ ਨੇ ਸਕੂਟਰ ਨੂੰ ਕਿੱਕ ਮਾਰੀ।

'ਅੱਛਾ ਮੈਡਮ...ਤੂੰ ਰਿਕਸ਼ਾ ਲੈ ਲੈ ਹੁਣ...ਮੈਂ ਤਾਂ ਲੇਟ ਹੋ ਗਿਆ...।'

'ਓ...ਕੇ...ਬਾਈ...। ਤੁਸੀਂ ਜਾਓ...ਠੀਕ ਸਮੇਂ ਵਾਪਸ ਆ ਜਾਇਉ।' ਪਤਨੀ ਨੇ ਉਸ ਦੀ ਹਾਂ ਵਿਚ ਹਾਂ ਮਿਲਾਈ।

ਚਲਦੇ ਚਲਦੇ ਉਸਨੇ ਜੇਬ ਟੋਹੀ। ਬਰੇਕ ਲਗਾ ਕੇ ਖੱਬੇ ਪੈਰ ਦੇ ਸਹਾਰੇ ਸਕੂਟਰ ਖੜਾ ਕਰਕੇ ਜੇਬ ਦੇ ਸਾਰੇ ਕਾਗਜ਼ ਕੱਢੇ।

'ਹਾਂ...ਹਾਂ..ਹੈ...।'

ਸਰਕਾਰੀ ਚੈਕ ਨੂੰ ਟਟੋਲਦੇ ਉਸ ਦੀਆਂ ਇਕੇਰਾਂ ਫਿਰ ਭਵਾਂ ਖਿੜ ਪਈਆਂ।

ਸਿਰ ਨਿਵਾ ਕੇ ਜਾਲੀ ਵਾਲਾ ਗੇਟ ਟੱਪ ਕੇ ਅੰਦਰਲੇ ਦਰਵਾਜ਼ੇ ਰਾਹੀਂ ਬੈਂਕ ਖਿੜਕੀ ਤੇ ਪਹੁੰਚਿਆ। ਬੈਂਕ ਦੇ ਬਾਊ ਦੇ ਸਾਹਮਣੇ ਹਿੱਕ ਫੈਲਾ ਕੇ ਜਾ ਖੜਾ ਹੋਇਆ। ਜੇਬ ਚੋਂ ਕੱਢ ਕੇ ਚੈੱਕ ਦੇ ਪਿੱਛੇ ਆਪਣਾ ਖਾਤਾ ਨੰਬਰ ਲਿਖ ਕੇ ਬਾਬੂ ਨੂੰ ਪੇਸ਼ ਕੀਤਾ। ਬਾਬੂ ਚੈੱਕ ਵੱਲ ਵੇਖਿਆ, ਉਸ ਵੱਲ ਵੇਖਿਆ, ਫਿਰ ਲੈੱਜਰ ਫੋਲਿਆ, ਥੋੜ੍ਹਾ ਜਿਹਾ ਮੁਸਕਰਾ ਕੇ ਫਿਰ ਉਸ ਵੱਲ ਨਿਗਾਹ ਮਾਰੀ।

'ਮੈਨੇਜਰ ਸਾਹਬ ਨੂੰ ਮਿਲ ਲਓ।' ਉਸ ਨੇ ਇਸ਼ਾਰਾ ਕੀਤਾ।

'ਸਰ ਮੇਰਾ ਚੈੱਕ ਹੈ ਇਕ, ਇੱਕੀ ਹਜ਼ਾਰ।' ਮੈਨੇਜਰ ਦੇ ਸਾਹਮਣੇ ਪਹੁੰਚ ਕੇ ਉਹਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ।

'ਹਾਂ...ਹਾਂ.. ਲਿਆਓ ..।'

ਮੈਨੇਜਰ ਸਾਹਬ ਨੇ ਬੜੇ ਨਿੱਘੇ ਸਲੀਕੇ ਨਾਲ ਹੱਥ ਵਧਾਇਆ ਤੇ ਉਸਦੀਆਂ ਨਜ਼ਰਾਂ ਨੇ ਪੰਨ੍ਹੇ ਨੂੰ ਚੱਪਲਾਂ ਤੋਂ ਲੈ ਕੇ ਪਗੜੀ ਤੱਕ ਹਾੜ੍ਹਿਆ।

'ਬਾਬੂ ਨੂੰ ਦਿਤਾ ਸੀ ਸਰ...ਕਾਉਂਟਰ ਤੇ...।' ਮੈਨੇਜਰ ਦੀਆਂ ਨਜ਼ਰਾਂ ਦੇ ਸੁਆਲੀਏ-ਪਨ ਦੀ ਪੂਰਤੀ ਕਰ ਦਿਤੀ।

'ਤੇ ਜਾਓ ..ਲੈ ਲਓ ਫਿਰ...।' ਮੈਨੇਜਰ ਨੇ ਚੈੱਕ ਤੇ ਘੁੱਗੀ ਜਿਹੀ ਮਾਰਦੇ ਚੈੱਕ ਪੰਨੇ ਵੱਲ ਵਧਾਇਆ।

'ਸਰ ਖਾਤੇ ਵਿਚ ਬੈਲੈਂਸ ਨਹੀਂ ਹੈ..।' ਉਧਰੋਂ ਬਾਬੂ ਦੀ ਉੱਚੀ ਆਵਾਜ਼ ਦੇ ਨਾਲ ਹੀ ਚੈੱਕ ਮੈਨੇਜਰ ਨੇ ਫਿਰ ਵਾਪਸ ਮੋੜ ਲਿਆ।

'ਕਾਹਦਾ ਚੈੱਕ ਹੈ ਇਹ?' ਮੈਨੇਜਰ ਨੇ ਹੱਥ 'ਚ ਟਟੋਲਦੇ ਉਪਰ ਝਾਤੀ ਮਾਰੀ।

'ਇਹ ਜੀ ਇਨਾਮ ਹੈ...ਸਰਕਾਰ ਤੋਂ ਮਿਲਿਆ। ਜਦ ਮੈਂ ਆਪਣੀ ਜਾਨ ਤਲੀ ਤੇ ਧਰ ਕੇ ਅਗਵਾਕਾਰਾਂ ਕੋਲੋਂ ਦੋ ਬੱਚੇ ਛੁਡਾਏ ਸਨ।'

'ਸਾਬਾਸ਼ ਬਹੁਤ ਅੱਛਾ! ਇਹ ਤਾਂ ਮੈਂ ਵੀ ਪੜ੍ਹਿਆ ਸੁਣਿਆ ਸੀ, ਤੇਰੇ ਬਾਰੇ, ਪਰ ਸਰਕਾਰ ਚੈੱਕ ਤਾਂ ਦੇ ਦਿੰਦੀ ਹੈ, ਪਿਛੇ ਖਾਤੇ ਵਿਚ ਪੈਸੇ ਹੀ ਨਹੀਂ।'

ਮੈਨੇਜਰ ਨੇ ਹੱਥ ਘੁਮਾਉਂਦੇ ਸਿਰ ਫੇਰਿਆ। ਉਹ ਝੂਠਾ ਜਿਹਾ ਹੋ ਗਿਆ।

'ਚੰਗਾ ਹੀ ਹੈ ਜੇ ਤੇਰਾ ਕੰਮ ਜਲਦੀ ਹੋ ਜਾਏ, ਸਾਨੂੰ ਵੀ ਤਾਂ ਕੁਝ ਭਾਅ ਭਾੜਾ ਹੋਊ।' ਮੈਨੇਜਰ ਨੇ ਉਸ ਦਾ ਮਨ ਰੱਖਣ ਲਈ ਹਮਦਰਦੀ ਦੇ ਸ਼ਬਦ ਕਹੇ।

'ਹਾਂ ਜੀ ਸਰ! ਕਿਉਂ ਨਹੀਂ.. ਗੋਲੀ ਕੀਹਦੀ ਤੇ ਗਹਿਣੇ ਕੀਹਦੇ...?'

'ਕੋਈ ਨੀਂ। ਸੌਰੀ ਜੈਂਟਲਮੈਨ...ਫਿਰ ਟਰਾਈ ਕਰਨਾ...।' ਮੈਨੇਜਰ ਨੇ ਬੇਬਸੀ ਜਾਹਰ ਕਰਦੇ ਕਾਗਜ਼ ਦਾ ਉਹ ਟੁਕੜਾ ਵਾਪਸ ਉਸ ਦੇ ਹੱਥ ਫੜਾ ਦਿੱਤਾ।

'ਕੀਪ ਇਨ ਟੱਚ ਵਿੱਦ ਮੀ। ਜਦ ਰੋਕੜ ਆਏਗੀ, ਮੈਂ ਦੱਸ ਦਿਆਂਗਾ।'

'ਓ ਕੇ ਸਰ...ਥੈਂਕ ਯੂ...।'

ਥੋੜ੍ਹੀ ਦੇਰ ਚਲਦੇ ਚਲਦੇ ਠੰਢੀ ਹਵਾ ਦੇ ਬੁੱਲ੍ਹੇ ਸ਼ੁਰੂ ਹੋ ਗਏ। ਅਸਮਾਨ ਵਿਚ ਚਿਟੇ-ਕਾਲੇ ਤਿੱਤਰ-ਖੰਭੇ ਬੱਦਲ ਤਰਨ ਲੱਗੇ ਤੇ ਫਿਰ ਹੌਲੀ-ਹੌਲੀ ਅਸਮਾਨ ਕਾਲੇ ਬੱਦਲਾਂ ਦੇ ਝੁਰਮਟ ਨੇ ਢੱਕ ਲਿਆ। ਆਕਾਸ਼ ਗਰਜਿਆ, ਬਿਜਲੀ ਲਿਸ਼ਕੀ, ਬੂੰਦਾ ਬਾਂਦੀ ਸ਼ੁਰੂ ਹੋ ਗਈ। ਪੰਨੇ ਨੇ ਸੱਜੇ ਹੱਥ ਦੀ ਸਕੂਟਰ ਦੀ ਹੱਥੀ ਨੂੰ ਹੋਰ ਜ਼ੋਰ ਨਾਲ ਘੁਮਾ ਕੇ ਚਾਲ ਤੇਜ਼ ਕੀਤੀ। ਪਰ ਇਕਦਮ ਮੂਸਲਾਧਾਰ ਬਾਰਿਸ਼ ਨੇ ਉਸ ਦੇ ਸਕੂਟਰ ਨੂੰ ਬਰੇਕ ਲਗਾ ਦਿੱਤੀ ਤੇ ਇਕ ਦੁਕਾਨ ਦੇ ਬਰਾਂਡੇ ਵਿਚ ਖਲੋ ਗਿਆ। ਥੋੜ੍ਹੀ ਬਹੁਤ ਆਵਾਜਾਈ ਜੋ ਕਈ ਦਿਨਾਂ

ਬਾਅਦ ਕਰਫ਼ਿਊ ਢਿੱਲਾ ਹੋਣ ਕਰਕੇ ਸੜਕ ’ਤੇ ਨਿਕਲੀ ਸੀ, ਵਿਰਲੀ ਹੋ ਗਈ। ਪਾਂਧੀ ਆਸੇ ਪਾਸੇ ਦੀਆਂ ਦੁਕਾਨਾਂ, ਢਾਬਿਆਂ ਜਾਂ ਜਿਥੇ ਕਿਸੇ ਨੂੰ ਜਗ੍ਹਾ ਮਿਲੀ, ਤੇਜ਼ ਮੋਟੀਆਂ ਕਣੀਆਂ ਦੀ ਮਾਰ ਤੋਂ ਬਚਣ ਲਈ ਆਸਰਾ ਭਾਲਦੇ ਖੜੇ ਹੋ ਗਏ। ਕੁਝ ਹੋਰ ਜੋ ਆਪਣੇ ਜ਼ਰੂਰੀ ਰੁਝੇਵਿਆਂ ਦੀ ਖਿੱਚ ਕਾਰਨ ਜਿੱਦ ਕਰਦੇ ਕਰਦੇ ਚੱਲ ਰਹੇ ਸਨ, ਉਹਨਾਂ ਨੂੰ ਪੁਲਿਸ ਦੀ ਗਸ਼ਤੀ ਜੀਪ ਨੇ ਰੋਕ ਦਿੱਤਾ।

‘ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮ ਅਨੁਸਾਰ ਗਿਆਰਾਂ ਵਜੇ ਤੋਂ ਸ਼ਾਮ ਚਾਰ ਵਜੇ ਤੱਕ ਕਰਫ਼ਿਊ ਲਗਾ ਦਿੱਤਾ ਗਿਆ ਹੈ। ਉਲੰਘਣਾ ਕਰਨ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਏਗੀ।’

ਫਿਰ ਪੁਲਿਸ ਜੀਪਾਂ ਤੋਂ ਬਿਨਾਂ ਸਾਰੀ ਸੜਕ ਖਾਲੀ ਹੋ ਗਈ ਤੇ ਇਕਦਮ ਉਸ ਉੱਤੇ ਮੀਂਹ ਵਿਚ ਭਿੱਜ ਰਹੀਆਂ ਮੁਨਾਦੀ ਕਰਦੀਆਂ ਤੇਜ਼ ਤਰਾਰ ਪੁਲਿਸ ਜੀਪਾਂ ਦੀ ਗਸ਼ਤ ਹੋਰ ਵਧ ਗਈ। ਜਿਥੇ ਸਰਦ ਹਵਾਵਾਂ ਨੇ ਮੌਸਮ ਆਨੰਦਮਈ ਤੇ ਸੁਹਾਵਣਾ ਬਣਾ ਦਿੱਤਾ, ਉੱਥੇ ਜੀਪਾਂ ਦੀ ਜ਼ੋਰਦਾਰ ਘੋਸ਼ਣਾਵਾਂ ਰਾਹਗੀਰਾਂ ਦੇ ਚਿਹਰੇ ਤੇ ਚਿੰਤਾ ਤੇ ਗਮ ਬਣ ਕੇ ਚਿਪਕ ਗਈਆਂ। ਅੱਗੇ ਦਫ਼ਤਰ ਦਾ ਦ੍ਰਿਸ਼, ਉੱਥੇ ਕਰਨ ਵਾਲੇ ਕੰਮ, ਮਿਲਣ ਵਾਲੇ ਮਿੱਤਰ ਸਨੇਹੀ, ਪਿਛਲੇ ਦਿਨਾਂ ਦੀ ਕਾਰਗੁਜ਼ਾਰੀ ਦਾ ਲੇਖਾ ਜੋਖਾ, ਕੱਲ ਪਿਕਨਿਕ ਨਾ ਜਾਣ ਦਾ ਬਹਾਨਾ ਮਜਬੂਰੀ, ਸਭ ਘੜੇ ਘੜਾਏ ਪੰਨੇ ਦੇ ਮਨ ਵਿਚ ਉਲਝ ਗਏ। ਉਸ ਨੇ ਚਾਹਿਆ ਕਰਫਿਊ ਦੀ ਅਵੱਗਿਆ ਕਰਕੇ ਆਪਣੇ ਟਿਕਾਣੇ ਪਹੁੰਚ ਜਾਏ...ਪਰ! ਪਰ! ਪੁਲਸ ਦੀ ਗੋਲੀ! ਨਹੀਂ! ਨਹੀਂ...ਪੁਲਸ ਦੀ ਗੋਲੀ ਖਾਕੇ ਅਪਰਾਧੀਆਂ ਵਾਂਗ ਮਰਨ ਨਾਲੋਂ ਤਾਂ ਖਾੜਕੂਆ ਦੀ ਗੋਲੀ ਨਾਲ ਮਰਨਾ ਚੰਗਾ ਹੈ। ਉਸ ੇਨ ਫੈਸਲਾ ਮੁਲਤਵੀ ਕਰ ਦਿੱਤਾ। ਹੌਸਲਾ ਜਿਹਾ ਕਰਕੇ ਉਸ ਨੇ ਮੋਟੀ ਗੱਦੇਦਾਰ ਕੁਰਸੀ ਤੇ ਪਾਨ ਚਬਾਂਦੇ ਦੁਕਾਨ ਮਾਲਕ ਨੂੰ ਟੈਲੀਫੋਨ ਵੱਲ ਇਸ਼ਾਰਾ ਕਰਕੇ ਅੱਖਾਂ ਨਾਲ ਸੁਆਲ ਕੀਤਾ।

‘ਡੈੱਡ...ਐ ਭਈਆ...ਖ਼ਰਾਬ ਹੈ ਇਹ...।’ ਮਾਲਕ ਦੇ ਜ਼ਰਾ ਕੁ ਰੁਕ ਕੇ ਪਾਨ ਦੀ ਪਚਕਾਰੀ ਬਾਹਰ ਨਿਕਾਲਦੇ ਘੜੇ ਘੜਾਏ ਜੁਆਬ ਨੇ ਪੰਨੇ ਦੇ ਹੱਥ ਢਿੱਲੇ ਕਰ ਦਿੱਤੇ। ਉਸ ਦੇ ਸਾਰੇ ਅਰਮਾਨ ਹਉਕਾ ਬਣ ਕੇ ਅੰਦਰ ਵਿੱਸ ਘੋਲਣ ਲੱਗੇ। ਬਾਹਰ ਸਿਰ ਘੁਮਾ ਕੇ ਪੀ ਸੀ ਓ..ਦੀ ਹੋਂਦ ਬਾਰੇ ਉਸ ਨੇ ਟੋਹ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਕਿਤੇ ਨੇੜੇ ਤੇੜੇ ਆਸੇ ਪਾਸੇ ਪੀ. ਸੀ. ਓ ਦਾ ਪੀਲਾ ਬੋਰਡ ਉਸ ਨੂੰ ਦਿਖਾਈ ਨਾ ਦਿਤਾ।

‘ਕਾਫ਼ੀ ਦਾ ਕੱਪ!...।’ ਉਸ ਨੇ ਆਰਡਰ ਦੇ ਕੇ ਆਪਣਾ ਆਪ ਸਾਂਭਦੇ ਹੋਏ ਜ਼ਰਾ ਕੁ ਅੰਦਰ ਜਾ ਕੇ ਕੁਰਸੀ ਮੱਲ ਲਈ। ਕਾਫ਼ੀ ਦਾ ਹੁਕਮ ਦੇ ਕੇ ਕੁਰਸੀ ਤੇ ਬੈਠਣ ਦਾ ਹੱਕ ਉਸ ਨੇ ਹਾਸਲ ਕਰ ਲਿਆ ਸੀ, ਨਹੀਂ ਤੇ ਕੀ ਪਤਾ ਉਹੋ ਜਿਹਾ ਖਰ-ਦਿਮਾਗ ਕੁਰਸੀ ਤੇ ਵੀ ਬੈਠਣ ਤੋਂ ਨਾਂਹ ਕਰ ਦੇਵੇ।

ਕਾਫ਼ੀ ਦਾ ਕੱਪ ਪੀਂਦੇ ਪੀਂਦੇ ਟੈਲੀਫੋਨ ਦੀ ਘੰਟੀ ਵੱਜੀ।

ਮਾਲਕ ਨੇ ਇਕ ਦਮ ਉਠਾਇਆ। ਉਸ ਨੇ ਪੰਨੇ ਨਾਲ ਨਜ਼ਰਾਂ ਮਿਲਾਈਆਂ।

ਮਾਨੋ ਚੋਰੀ ਫੜੀ ਜਾਣ ਦੇ ਡਰੋਂ ਕੁਝ ਸਫਾਈ ਦੇਣਾ ਚਾਹੁੰਦਾ ਹੋਵੇ।

'ਭੈਣ ਮਰਾਉਣਾਂ! ਹਰਾਮੀ! ਮੈਂ ਕਿਹੜਾ ਮੁਫ਼ਤ ਕਰਨਾ ਸੀ! ਪੈਸੇ ਤਾਂ ਮੈਂ ਵੀ ਦੇਣੇ ਹੀ ਸਨ।' ਮਨ ਹੀ ਮਨ ਵਿਚ ਪੰਨੇ ਨੇ ਉਸ ਨੂੰ ਸਰਾਪ ਦੇਣ ਵਰਗੀ ਗਾਲ੍ਹ ਕੱਢੀ।

'ਸੇਠ ਜੀ! ਮੈਂ ਟੈਲੀਫੋਨ ਕਰਨਾ ਹੈ ਜ਼ਰੂਰੀ। ਮੈਂ ਪੈਸੇ ਦਿਆਂਗਾ...ਡਬਲ ਦੇ ਦਿਆਂਗਾ।' ਹੌਸਲਾ ਜਿਹਾ ਕਰਕੇ ਉਸਨੇ ਸੇਠ ਨੂੰ ਨਜ਼ਰਸਾਨੀ ਲਈ ਬੇਨਤੀ ਕੀਤੀ। ਉਸਦੇ ਮਨ ਮਿਹਰ ਪੈ ਗਈ। ਉਸ ਨੇ ਟੈਲੀਫੋਨ ਪੰਨੇ ਵੱਲ ਸਰਕਾ ਦਿੱਤਾ।

'ਚਾਰ...ਦੋ...ਦੋ...ਪੰਜ...ਸੱਤ...ਇਕ' ਉਸ ਨੇ ਨੰਬਰ ਘੁਮਾਏ। ਘੰਟੀ ਖੜਕਣ ਨਾਲ ਉਸ ਦਾ ਮਨ ਖਿੜ ਪਿਆ। ਪਰ ਟੂੰ ਅ ਅ ਦੀ ਆਵਾਜ਼ ਨਾਲ ਟੈਲੀਫੋਨ ਦੇ ਬੰਦ ਹੋਣ ਦੀ ਹਰਕਤ ਨੇ ਪੰਨੇ ਦੇ ਮਨ ਦੀ ਉਤੇਜਨਾ ਹੋਰ ਤੇਜ਼ ਕਰ ਦਿੱਤੀ।

ਉਸ ਨੇ ਰੀਪੀਟ ਦਾ ਬਟਨ ਦਬਾਇਆ। ਫਿਰ ਘੰਟੀ ਖੜਕੀ, ਕਿਸੇ ਨੇ ਉਠਾਇਆ।

'...' ਕੋਈ ਆਵਾਜ਼ ਨਹੀਂ ਸੀ

'ਹੈਲੋ...ਹੈਲੋ....।' ਪੰਨੇ ਨੇ ਉਚੀ ਦੇਣੀ ਕਿਹਾ।

ਪਰ ਅੱਗੋਂ ਕੋਈ ਜੁਆਬ ਨਹੀਂ ਸੀ। ਜਿਵੇਂ ਆਵਾਜ਼ ਪਛਾਣ ਕੇ ਕਿਸੇ ਨੇ ਟੈਲੀਫੋਨ ਦਾ ਚੋਗਾ ਪਾਸੇ ਰੱਖ ਦਿੱਤਾ ਹੋਵੇ।

'ਤੂੰ ਕੀ ਚੀਜ਼ ਹੁੰਦੀ ਐਂ? ਮੈਂ ਤਾਂ ਵੱਡੇ ਵੱਡੇ ਜੋਗੀਆਂ ਦੇ ਕੰਨ ਪੜ੍ਹਵਾ ਦਿਤੇ, ਉਹਨਾਂ ਨੂੰ ਪੜ੍ਹਨੇ ਪਾ ਛੱਡਿਆ, ਪਾਣੀ ਪਿਲਾ ਛੱਡਿਆ...ਉਹਨਾਂ ਦੇ ਛੱਕੇ ਛੁਡਾ ਦਿੱਤੇ...ਤੈਨੂੰ ਮੈਂ ਹੁਣੇਂ ਚਾਰਜਸ਼ੀਟ ਤੋਂ ਬਿਨਾਂ ਹੀ ਘਰ ਭੇਜ ਸਕਦਾਂ, ਰੂਲ ਫ਼ਾਈਵ ਦੇ ਅੰਡਰ। ਜਿਸ ਦੇ ਪਿਛੇ ਤੂੰ ਪੂਛ ਚੱਕੀ ਫਿਰਦੀ ਏ ਔਰ ਜਿਹੜਾ ਤੈਨੂੰ ਉਂਗਲਾਂ ਤੇ ਨਚਾ ਰਿਹਾ ਹੈ, ਮੈਂ ਉਸਨੂੰ ਵੀ ਸਬਕ ਸਿਖਾਵਾਂਗਾ ਸਬਕ! ਚੰਗੀ ਤਰ੍ਹਾਂ...।' ਟੈਲੀਫੋਨ ਦਾ ਚੋਗਾ ਪੰਨੇ ਦੇ ਹੱਥ ਚ ਕੰਬ ਉਠਿਆ। ਇਹ ਕਾਲੀਏ ਦੀ ਆਵਾਜ਼ ਸੀ। ਕਿਸ ਨੂੰ ਕਹਿ ਰਿਹਾ ਹੈ ਇਹ? ਸਿਰਫ ਇਕ ਹੀ ਤਾਂ ਹੋ ਸਕਦੀ ਹੈ...ਰੀਟਾ...ਰੀਟਾ। ਉਸ ਨੇ ਚੋਗਾ ਰੱਖਦੇ ਆਪਣੇ ਮਨ ਦੇ ਉਖੜੇ ਹਾਵ ਭਾਵ ਛੁਪਾਂਦੇ ਦੁਕਾਨ ਮਾਲਕ ਦਾ ਚਿਹਰਾ ਪੜ੍ਹਨ ਦੀ ਕੋਸ਼ਿਸ਼ ਕੀਤੀ।

'..ਆਠ ਰੁਪੈ...'..ਉਸ ਦਾ ਖੁਰਦਰਾ ਜਿਹਾ ਜੁਆਬ ਸੀ।

ਕੋਈ ਗੱਲ ਨਾ ਕਰਨ ਦੇ ਵੀ ਉਸ ਨੇ ਅੱਠ ਰੁਪੈ ਕੱਢ ਕੇ ਖੁਸ਼ੀ ਖੁਸ਼ੀ ਸੇਠ ਨੂੰ ਫੜਾ ਦਿੱਤੇ।

'ਧੰਨਵਾਦ। ਇਹ ਵੀ ਮਹਿੰਗਾ ਸੌਦਾ ਨਹੀਂ। ਬਹੁਤ ਕੁਝ ਮਿਲਿਆ ਹੈ ਅੱਠ ਰੁਪੈ ਵਿਚ। ਪਰਸੂਤ ਦੀਆਂ ਪੀੜਾਂ ਵਾਂਗ ਕਾਲੀਏ ਦੇ ਸ਼ਬਦ ਬਾਰ ਬਾਰ ਪੰਨੇ ਦੀਆਂ ਆਂਦਰਾਂ ਚ

ਖੌਰੂ ਪੌਣ ਲੱਗੇ। ਉਸ ਨੇ ਬਾਹਰ ਦੇਖਿਆ। ਅਸਮਾਨ ਅਜੇ ਉਵੇਂ ਹੀ ਕਰੋਪ ਸੀ, ਕਹਿਰ ਢਾਹ ਰਿਹਾ ਸੀ। ਹੁਣ ਉਹ ਜਲਦੀ ਤੋਂ ਜਲਦੀ ਦਫ਼ਤਰ ਪਹੁੰਚਣ ਦੀ ਕਾਹਲ ਵਿਚ ਸੀ, ਪਤਾ ਨਹੀਂ ਰੀਟਾ ਵਿਚਾਰੀ ਨਾਲ ਦੀ ਬੀਤਦੀ ਹੋਵੇਗੀ, ਪਰ ਅੱਗੇ ਕਰਫ਼ਿਊ ਵਾਲੀ ਦੀਵਾਰ! ਉਸ ਨੇ ਜੇਬ ਨੂੰ ਹੱਥ ਮਾਰਿਆ…'ਹਾਂ…ਹੈ…ਇਹ।' ਕਰਫ਼ਿਊ ਦਾ ਆਰਜ਼ੀ ਪਾਸ ਉਸ ਕੋਲ ਸੀ। ਉਸਨੇ ਫਿਰ ਨੰਬਰ ਘੁਮਾਇਆ। ਕੋਈ ਆਵਾਜ਼ ਨਹੀਂ ਸੀ। …ਟੂੰਅ…ਟੂੰਅ…ਚੋਗਾ ਜਿਵੇਂ ਅਜੇ ਵੀ ਪਾਸੇ ਪਿਆ ਹੋਵੇ। ਉਹ ਬਹੁਤ ਪਛਤਾਣ ਲੱਗਾ। ਉਸਨੇ ਟੈਲੀਫੂਨ ਬੰਦ ਕਿਉਂ ਕੀਤਾ। ਪਤਾ ਨਹੀਂ ਕੀ ਕੁਝ ਹੋਰ ਉਹ ਸੁਣ ਸਕਦਾ ਸੀ। ਦੋਬਾਰਾ ਉਸ ਦੀ ਕੋਸ਼ਿਸ਼ ਦੇ ਬਾਵਜੂਦ ਟੈਲੀਫੂਨ ਸੰਪਰਕ ਨਾ ਹੋ ਸਕਿਆ। ਸਾਰਾ ਦਿਨ ਏਂਦਾ ਹੀ ਬੀਤ ਗਿਆ। ਲਗਾਤਾਰ ਬਾਰਿਸ਼ ਤੇ ਤੂਫਾਨ ਨੇ ਇਕ ਮਿੰਟ ਵੀ ਸਾਹ ਨਹੀਂ ਲਿਆ। ਸਾਰੇ ਗਲੀਆਂ ਬਾਜ਼ਾਰ ਜਲ ਥਲ ਕਰ ਦਿੱਤੇ। ਸ਼ਹਿਰ ਦਾ ਪਾਣੀ ਨਹਿਰ ਵਾਂਗ ਸਾਹਮਣੀ ਸੜਕ ਤੇ ਵਗਣ ਲੱਗਾ। ਉਸ ਦਾ ਹੌਸਲਾ ਢਹਿ ਗਿਆ। ਕੁਦਰਤ ਬਾਰ-ਬਾਰ ਉਸ ਦੇ ਰਸਤੇ ਵਿਚ ਰੁਕਾਵਟ ਬਣ ਰਹੀ ਸੀ। ਕਦੇ ਬਲਖ ਬੁਖਾਰੇ ਦਿਖਾ ਰਹੀ ਸੀ, ਕਦੇ ਢਹਿੰਦੇ ਖੰਡਰਾਂ ਦੇ ਦਰਸ਼ਨ ਕਰਾ ਰਹੀ ਸੀ।

'ਜ਼ਰੂਰ ਕੋਈ ਕੁਦਰਤ ਦੀ ਕਰੋਪੀ ਹੈ। ਸਾਡੇ ਕੋਲੋਂ ਜ਼ਰੂਰ ਕੋਈ ਖਨਾਮੀ ਹੋਈ ਹੈ। ਇਹ ਭੈੜੇ ਭੈੜੇ ਢਾਹੂ ਅਟਕਾਅ ਤੇ ਉਲਝਣਾਂ ਬਾਰ ਬਾਰ ਮੈਨੂੰ ਕਿਉਂ ਝਟਕਾ ਰਹੀਆਂ ਨੇ।' ਉਸ ਦੇ ਜੀਵਨ ਦਾ ਹੌਸਲਾ ਜਿਵੇਂ ਪਸਤ ਹੁੰਦਾ ਜਾ ਰਿਹਾ ਸੀ। ਕਰਫ਼ਿਊ ਤਾਂ ਉਹ ਤੋੜ ਸਕਦਾ ਸੀ ਪਰ ਮੂੰਹਜ਼ੋਰ ਛਰ੍ਹਾਟੇਦਾਰ ਮੀਂਹ ਅੱਗੇ ਉਸ ਦਾ ਕੋਈ ਜ਼ੋਰ ਨਾ ਚੱਲਿਆ।

'ਜੇ ਮੈਂ ਜ਼ਬਰਦਸਤੀ ਕਰਕੇ, ਮੀਂਹ ਵਾਲੇ ਦਿਨ ਕਰਫ਼ਿਊ ਨੂੰ ਤੋੜ ਕੇ ਚੱਲ ਵੀ ਪਵਾਂ, ਤਾਂ ਇਹ ਸਕੂਟਰ ਨਾਲ ਬੇਇਨਸਾਫੀ ਹੋਵੇਗੀ। ਬਾਰਿਸ਼ ਨੇ ਤੇ ਸੜਕਾਂ ਤੇ ਵਗਦੀ ਪਾਣੀ ਦੀ ਨਹਿਰ ਨੇ ਸਕੂਟਰ ਨੂੰ ਕੜਿੰਗੜੀ ਪਾ ਲੈਣੀ ਹੈ।' ਉਹ ਇਕੇਰਾ ਫਿਰ ਹਥਿਆਰ ਸੁੱਟ ਬੈਠਾ।

'ਨਹੀਂ! ਨਹੀਂ! ਮੁਸੀਬਤਾਂ ਨਾਲ ਜੂਝਣਾ ਤੇ ਮੁਕਾਬਲਾ ਕਰਨਾ ਹੀ ਤਾਂ ਇਨਸਾਨ ਦਾ ਕੰਮ ਹੈ ਤੇ ਇਹਨਾਂ ਤੋਂ ਡਰ ਕੇ ਭੱਜਣਾ ਬੁਜ਼ਦਿਲਾਂ ਦੀ ਨਿਸ਼ਾਨੀ ਹੈ, ਮੈਂ ਬੁਜ਼ਦਿਲ ਨਹੀਂ ਕਹਾ ਸਕਦਾ। ਪਰ ਫਿਰ…ਪਤਾ ਨਹੀਂ ਦਫ਼ਤਰ ਜਾ ਕੇ ਵੀ ਕੀ ਕੀ ਕੁਝ ਸੁਣਨ ਨੂੰ ਮਿਲੇ ਅੱਜ ਲਈ ਏਨਾ ਹੀ ਕਾਫ਼ੀ, ਬਾਕੀ ਫਿਰ ਸਵੇਰੇ, ਹੋਰ ਕੁਝ ਪਚਾਉਣ ਲਈ ਉਸ ਦਾ ਹਾਜ਼ਮਾ ਬਾਕੀ ਨਹੀਂ ਸੀ ਬਚਿਆ। ਹੁਣ ਉਹ ਮੀਂਹ ਖ਼ਤਮ ਹੋਣ ਦੀ ਉਡੀਕ ਕਰਨ ਲੱਗਾ, ਤਾਂ ਜੋ ਵਾਪਸ ਆਪਣੇ ਘਰ ਜਾ ਸਕੇ।

'ਜੋ ਸੁਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ'।

ਉਸ ਦਾ ਦਿਲ ਕੀਤਾ ਅੱਜ ਉਹ ਵੀ ਘਰ ਜਾ ਕੇ ਧੰਨੇ ਭਗਤ ਵਾਂਗ ਕੋਈ ਠਾਕਰ ਜਾਂ ਪੱਥਰ...ਅੱਗੇ ਰੱਖ ਕੇ ਦੁਖ-ਨਿਵਾਰਨ ਚਿੰਤਾਮਣੀ ਦੀ ਪ੍ਰਾਪਤੀ ਲਈ ਭਗਤੀ ਕਰੇ ਤਾਂ ਜੋ ਓਪਰੀਆਂ ਕਸਰਾਂ ਤੇ ਹੋਰ ਬਦ-ਦੁਆਵਾਂ ਦੀ ਮਾਰ ਤੋਂ ਉਹ ਬਚਿਆ ਰਹੇ, ਉਸ ਦਾ ਟੱਬਰ ਬਚਿਆ ਰਹੇ, ਜੋ ਬਾਰ ਬਾਰ  ਉਸ ਦਾ ਰਸਤਾ ਕੱਟ ਰਹੀਆਂ ਹਨ।

ਬਦਕਿਸਮਤੀਆਂ ਤੇ ਬਦਸ਼ਗਨੀਆਂ ਦਾ ਭੰਨਿਆ ਹੋਇਆ ਜ਼ਿੰਦਗੀ ਦੇ ਹਰ ਮੋੜ ਤੇ ਬੋਚ ਬੋਚ ਪੈਰ ਧਰਦਾ, ਉਹ ਘਰ ਵੱਲ ਚੱਲ ਪਿਆ। ਜ਼ਿੰਦਗੀ ਦਾ ਹਰ ਮੋੜ ਉਸ ਲਈ ਅੰਨ੍ਹਾ ਮੋੜ ਸੀ। ਪਤਾ ਨਹੀਂ ਅੱਗੇ ਕੀ ਕੁਝ ਅਣਸਵਾਦਾ, ਅਣਕਿਆਸਾ  ਉਸ ਨਾਲ ਘਟਣ ਵਾਲਾ ਸੀ। ਘਰ ਦੀ ਘੰਟੀ ਵਜਾਣ ਦੀ ਲੋੜ ਨਹੀਂ ਪਈ। ਦਰਵਾਜ਼ਾ ਪਹਿਲਾਂ ਹੀ ਖੁਲ੍ਹਾ ਪਿਆ ਸੀ। ਦਹਿਲੀਜ ਟੱਪਦੇ ਟੱਪਦੇ ਉਸ ਨੇ ਸਾਹ ਸੂਤ ਕੇ ਮਹਿਸੂਸ ਕੀਤਾ। ਉਸ ਦੀ ਪਤਨੀ ਦੀ ਸਿਸਕੀਆਂ ਦੀ ਆਵਾਜ਼! ਉਹ ਪੇਟੀ ਤੇ ਮੂਧੇ ਮੂੰਹ ਭਾਰ ਪਈ ਭੁਬੀਂ ਭੁਬੀਂ ਹੋਈ ਪਈ ਸੀ। ਉਸ ਨੇ ਉਸ ਦੀ ਪਿੱਠ ’ਤੇ ਹੱਥ ਫੇਰਿਆ। ਅੱਖਾਂ ਕਹਿਰ ਨਾਲ ਭਰੀਆਂ ਰੋਹਿਲੇ ਸੁਨੇਹੇ ਦੇ ਰਹੀਆਂ ਸਨ, ਹਾਲੋਂ ਬੇਹਾਲ, ਰੋ ਰੋ ਕੇ ਬੁਰਾ ਹਾਲ ਕੀਤਾ ਪਿਆ ਸੀ। ਛੋਟੀ ਨੰਨ੍ਹੀ ਜਿਹੀ ਉਸ ਦੀ ਬੇਟੀ ਲਾਗੇ ਪਈ ਅੱਖਾਂ ਸੁਜਾਈ ਬੋਝਲ ਜਿਹੀ ਹੋਈ ਹਟਕੋਰੇ ਲੈ ਰਹੀ ਸੀ, ਜਿਵੇਂ ਕਿਸੇ ਨੇ ਬੜੇ ਨਿਰਦਈਪੁਣੇ ਨਾਲ ਕੁੱਟੀ ਹੋਵੇ। ਧੰਨੇ ਨੇ ਬੱਚੇ ਨੂੰ ਚੁੱਕ ਕੇ ਮੋਢੇ ਨਾਲ ਲਾ ਲਿਆ। ਬੱਚਾ ਡਡਿਆ ਕੇ ਚੀਕਾਂ ਚਾਂਗਰਾਂ ਮਾਰਦਾ ਪਾਪਾ ਦੇ ਨਾਲ ਡੱਡੀ ਵਾਂਗ ਚਿੰਬੜ ਗਿਆ।

‘ਕੀ ਹੋਇਆ ਮੇਰੇ ਸੁਹਣੇ ਜਿਹੇ ਬੇਟੇ ਨੂੰ...?  ਆਉ...ਮੈਨੂੰ ਦੱਸੋ।’ ਧੰਨੇ ਨੇ ਬੱਚੇ ਦੇ ਸਿਰ ਨੂੰ ਪਲੋਸਿਆ, ਪਿਆਰ ਕੀਤਾ।

ਬੱਚੀ ਨੇ ਸਿਰ ਉੱਪਰ ਚੁਕਿਆ ਤੇ, ‘ਮੰਮੀ ਨੇ...।’ ਉਧਰ ਉਂਗਲ ਕੀਤੀ।

‘ਲਿਆ ਖਾਂ, ਮੈਂ ਮਾਰਦਾਂ ਇਹਨੂੰ...ਹੈਂਅ...ਹੈਂਅ...।’ ਉਸ ਨੇ ਝੂਠੀ ਮੂਠੀ ਦਾ ਵਾਰ ਪਤਨੀ ਵੱਲ ਕੀਤਾ। ਬੱਚੀ ਹੱਸ ਕੇ ਚੁਸਤ ਹੁਸ਼ਿਆਰ ਹੋ ਕੇ ਉੱਠ ਖੜੀ ਹੋਈ।

‘ਕੀ ਵਿਗਾੜਿਆ ਇਹਨੇ ਤੇਰਾ? ਕਿਉਂ ਕੁੱਟਿਆ ਇਹਨੂੰ ਬੇਜ਼ੁਬਾਨ ਨੂੰ?’ ਉਸ ਦਾ ਗਲਾ ਭਰ ਆਇਆ।

‘ਇਹਨੇ ਨਹੀਂ! ਤੂੰ ਵਿਗਾੜਿਆ ਮੇਰਾ! ਮੇਰਾ ਸਭ ਕੁਝ...।’ ਉਹ ਉਸ ਤੋਂ ਵੀ ਵੱਧ ਭਰੀ ਪੀਤੀ ਪਈ ਸੀ।

‘ਸਾਂਭੋ ਇਹ ਆਪਣਾ ਘਰ! ਮੈਂ ਚੱਲੀ।’ ਧੰਨੇ ਦੇ ਹੱਥਾਂ ਦੀਆਂ ਛੁੱਟ ਗਈਆਂ।

‘ਕੀ ਹੋਇਆ...?’ ਉਹ ਵੀ ਰੋਣ ਹਾਕਾ ਹੋ ਗਿਆ।

'ਤੁਹਾਨੂੰ ਨੀ ਪਤਾ? ਪਿਕਨਿਕਾਂ ਦੇਖਦੇ ਫਿਰਦੇ ਓ ..ਉਸ ਹਰਾਮਣ ਨੂੰ ਕਿਥੇ ਛੱਡ ਆਏ ਜੇ?...ਕਦੇ ਕਹਿੰਦੇ ਪਿਕਨਿਕ ਜਾਣਾ...ਕਦੇ ਕਹਿੰਦੇ ਤਸੀਹਾ ਘਰ ਦੇਖ ਕੇ ਆਇਆ,...ਤੇ ਫਿਰਦੇ ਨੇ ਰੰਗ ਰਲੀਆਂ ਮਨਾਉਂਦੇ ਉਸ ਪੰਜਫੂਲਾ ਰਾਣੀ ਨਾਲ, ਖੇਹ ਖਾਂਦੇ ਫਿਰਦੇ...।'

'ਓ ਸਰ ਜੀ! ਕੀ ਹੋ ਗਿਐ ਤੁਹਾਨੂੰ! ਕਿਦਾਂ ਦੀਆਂ ਯਬਲੀਆਂ ਮਾਰ ਰਹੇ ਓ...।' ਉਹ ਤਿਲਮਿਲਾ ਉਠਿਆ।

'ਦਫ਼ਤਰੋਂ ਚਾਰ ਟੈਲੀਫੋਨ ਆ ਚੁੱਕੇ ਨੇ ਤੁਹਾਡੇ ਸਵੇਰ ਦੇ...ਰੀਟਾ ਤੇ ਪੰਨਾ ਦੋਨੋਂ ਦਫ਼ਤਰੋਂ ਗੈਰ ਹਾਜ਼ਰ ਨੇ ਕੱਲ੍ਹ ਦੇ..।' ਉਹ ਸ਼ੀਹਣੀ ਵਾਂਗ ਗਰਜ ਰਹੀ ਸੀ।

ਪੰਨੇ ਨੂੰ ਇਕੇਰਾਂ ਫਿਰ ਸਮੇਂ ਦਾ ਉਲਟਾ ਗੇੜ ਚੱਲਦਾ ਦਿਸਿਆ।

'ਮੇਰੇ ਤੇ ਏਨਾ ਕੁਫ਼ਰ ਇਲਜ਼ਾਮ ਨਾ ਲਗਾ ਪਿਆਰੀ...ਮੈਂ ਅਜਿਹਾ ਨੀਚ ਕਮੀਨਾ ਕੰਮ ਨਹੀਂ ਕਰ ਸਕਦਾ।' ਹੋਰ ਕਈ ਕੁਝ ਅਣਕਹਿਆ ਉਸ ਦੇ ਸੰਘ 'ਚ ਹੀ ਅੜ ਗਿਆ।

'ਦਫ਼ਤਰ ਦੇ ਭੇੜ ਹੁਣ ਘਰ ਪਹੁੰਚਾ ਦਿਤੇ ਨੇ ਵੈਰੀਆਂ ਨੇ, ਕਿੰਨੇ ਕੰਬਖਤ ਨੇ ਇਹ...।' ਉਸ ਦੇ ਮਨ ਚੋਂ ਹੂਕ ਉਠੀ।

'ਮੈਨੂੰ ਪਤੈ ਸਭ ਤੁਹਾਡੇ ਦਫ਼ਤਰ ਦੇ ਚਿੱਠੇ ਭਰੇ ਪਏ ਨੇ। ਪਹਿਲਾਂ ਵੀ ਕਹਿੰਦੇ, ਤੇਰਾ ਹੀ ਪਾਪ ਲੈ ਕੇ ਮਰੀ ਸੀ ਉਹ ਸ਼ੀਲਾ ਵੀ...।' ਮੀਤੋ ਤੋਤੇ ਵਾਂਗ ਜਿਵੇਂ ਰਟੀ ਰਟਾਈ ਮੁਹਾਰਨੀ ਬੋਲ ਰਹੀ ਸੀ।

'ਮੈਨੂੰ ਪਤਾ ਹੁੰਦਾ, ਮੈਂ ਵੀ ਕੱਲ੍ਹ ਦੀ ਹੀ ਪੱਤਰਾ ਵਾਚ ਜਾਂਦੀ। ਮੈਂ ਹੁਣ ਇਸ ਘਰ ਵਿਚ ਨਹੀਂ ਰਹਿ ਸਕਦੀ, ਜਿਥੇ ਤੇਰੇ ਕੱਪੜਿਆਂ ਵਿਚੋਂ ਬਿਗਾਨੀਆਂ ਦੀ ਬਦਬੂ ਆਉਣ ਲੱਗੀ ਹੈ, ਤੂੰ ਆਪਣੇ ਚਾਅ ਪੂਰੇ ਕਰ ਲੈ। ਮੈਂ ਵੀ ਇਹ ਸ਼ੌਂਕ ਪੂਰੇ ਕਰ ਕੇ ਵੇਖ ਲਵਾਂ।'

ਕੱਪੜਿਆਂ ਦੀ ਸੰਦੂਕੜੀ ਸੰਭਾਲਣ ਲੱਗੀ। ਉਹ ਇਕ ਪਲ ਦੌੜ ਕੇ ਰਸੋਈ ਵਿਚ ਜਾਂਦੀ, ਭਾਂਡੇ ਭੰਨਦੀ ਤੇ ਅਗਲੇ ਪਲ ਫਿਰ ਆ ਕੇ ਕੱਪੜਿਆਂ ਨੂੰ ਭੁਆਂ ਭੁਆਂ ਕੇ ਸੁੱਟਦੀ, ਕਦੇ ਅਟੈਚੀ ਚ ਪਾਉਂਦੀ ਕਦੇ ਬਾਹਰ ਕੱਢ ਕੇ ਖਿਲਾਰ ਦਿੰਦੀ। ਕਿੰਨੇ ਸਾਰੇ ਕੱਪ ਪਲੇਟਾਂ ਅਪੰਗ ਕਰ ਦਿੱਤੇ ਉਸਨੇ।

'ਮੀਤੋ ਪਲੀਜ਼! ਮੇਰੇ ਪਹਿਲਾਂ ਹੀ ਕਾਲਜੇ ਪੱਛੇ ਹੋਏ 'ਨੇ...ਇਹਨਾਂ ਤੇ ਲੂਣ ਨਾ ਛਿੜਕ। ਤੂੰ ਮੇਰੀ ਜੀਵਨ ਸਾਥਣ ਹੈ। ਮੈਨੂੰ ਸਮਝਣ ਦੀ ਕੋਸ਼ਿਸ਼ ਕਰ। ਜਦ ਕਿਸਮਤ ਦਾ ਪੁੱਠਾ ਗੇੜ ਚਲਦਾ ਹੈ, ਜਦ ਇਨਸਾਨ ਦੇ ਬੁਰੇ ਦਿਨ ਆਉਂਦੇ ਨੇ, ਥਾਲੀ 'ਚ ਪਈ ਰੋਟੀ ਹੱਥੋਂ ਨਿਕਲ ਜਾਂਦੀ ਹੈ । ਭੁੱਜੀ ਮਛਲੀ ਭੁੜਕ ਕੇ ਪਾਣੀ ਵਿਚ ਜਾ ਡਿੱਗਦੀ ਹੈ, ਕਿੱਲੀ ਤੇ

ਪਿਆ ਰਾਣੀ ਹਾਰ ਕਿੱਲੀ ਖਾ ਲੈਂਦੀ ਹੈ। ਹੋਸ਼ ਕਰ। ਇਹ ਵੀ ਕੋਈ ਮਾਇਆ ਜਾਲ ਹੈ, ਕੁਦਰਤ ਨੇ ਵਿਛਾਇਆ ਹੈ ਜਾਂ ਮੇਰੇ ਦੁਸ਼ਮਣਾਂ ਨੇ...।'

'ਮੈਨੂੰ ਏਹੋ ਜਿਹੀਆ ਸਿਪਲੀਆਂ ਸੁਣਾ ਕੇ ਮੇਰਾ ਵਿਸ਼ਵਾਸ ਤੁਸੀਂ ਨਹੀਂ ਤੋੜ ਸਕਦੇ। ਮੇਰੀ ਇਹ ਗ਼ਲਤ ਫਹਿਮੀ ਨਹੀਂ।' ਮੀਤੋ ਅਜੇ ਵੀ ਅੜੀਅਲ ਘੋੜੇ ਵਾਂਗ ਆਪਣੀ ਅੜੀ ਤੇ ਕਾਇਮ ਸੀ। ਉਹ ਲੋਹੇ ਦੀ ਲੱਠ ਵਾਂਗ ਅਡੋਲ ਖੜੀ ਸੀ।

'ਤੂੰ ਹੌਸਲਾ ਕਰ! ਹਮੇਸ਼ਾਂ ਇਹ ਭੈੜੇ ਦਿਨ ਨਹੀਂ ਰਹਿਣੇ। ਮੈਂ ਯਕੀਨ ਦਿਵਾਂਦਾ ਹਾਂ ਤੈਨੂੰ। ਦਿਨ ਫਿਰਨ ਵਾਲੇ ਨੇ, ਚੰਗੇ ਦਿਨ ਆਉਣ ਵਾਲੇ ਨੇ, ਜਦ ਉਹੋ ਭੁੱਜੀ ਮਛਲੀ ਪਾਣੀ 'ਚੋਂ ਨਿਕਲ ਤੇ ਤੁਹਾਡੀ ਪੇਟ ਪੂਜਾ ਕਰਨ ਲਈ ਤਰਲੋ ਮੱਛੀ ਹੋਵੇਗੀ, ਜਦ ਪਰੋਸੀ ਹੋਈ ਰੋਟੀ ਦੀ ਬੁਰਕੀ ਆਪਣੇ ਆਪ ਤੇਰੇ ਮੂੰਹ ਨੂੰ ਆਏਗੀ। ਕਿੱਲੀ ਖਾਧਾ ਹੋਇਆ ਰਾਣੀ ਹਾਰ ਵਾਪਸ ਦੇ ਦੇਵੇਗੀ। ਮੈਨੂੰ ਯਕੀਨ ਹੈ ਮੀਤੋ! ਯਕੀਨ ਹੈ। ਹੋਸ਼ ਕਰ...।' ਮੀਤੋ ਕੁਝ ਕੁਝ ਆਪਣੇ ਆਪ ਚ ਪਰਤਣ ਲੱਗੀ।

'ਟੈਲੀਫੋਨ ਮਿਲਾ ਰੀਟਾ ਨੂੰ...ਉਹਨੂੰ ਪੁੱਛਾਂ ਮੈਂ, ਕਿਉਂ ਹਰਾਮਦੀ ਹੋਰਾਂ ਨੂੰ ਲਬੇੜਦੀ ਫਿਰਦੀ ਹੈ। ਨਹੀਂ...ਨਹੀਂ ਪਰ ਉਹ ਐਸੀ ਲੜਕੀ ਨਹੀਂ। ਉਹ ਕਿਤੇ ਨਹੀਂ ਜਾ ਸਕਦੀ। ਕਿਸੇ ਨਾਲ ਨਹੀਂ ਜਾ ਸਕਦੀ। ਉਹ ਬਹੁਤ ਸ਼ਰੀਫ਼ ਲੜਕੀ ਹੈ। ਕਿਥੇ ਗਈ ਉਹ?'

'ਤੁਸੀਂ ਵੀ ਬੜੇ ਭੋਲੇ ਬਣਦੇ ਓਂ-ਲੜਕੀ ਹੋਣਾ ਇਕ ਅਲੱਗ ਚੀਜ਼ ਹੈ...ਨੌਜਵਾਨ ਹੋਣਾ ਅਲੱਗ ਤੇ ਸ਼ਰੀਫ ਹੋਣਾ ਬਿਲਕੁਲ ਹੀ ਅਲੱਗ। ਇਹਨਾਂ ਦਾ ਆਪੋ ਵਿਚ ਕੋਈ ਮੇਲ ਨਹੀਂ। ਜਵਾਨੀ ਵਿਚ ਅੱਗ ਮੱਚਦੀ ਹੈ, ਚਾਹੇ ਉਹ ਸ਼ਰੀਫ ਹੋਵੇ ਜਾਂ ਨਾ... ਗ਼ਰੀਬ ਹੋਵੇ ਜਾਂ ਅਮੀਰ, ਇਹ ਅੱਗ ਇਕੋ ਜਿਹੀ ਹੁੰਦੀ ਹੈ।' ਮੀਤੋ ਗੁੱਸਾ ਛੱਡ ਕੇ ਵਿਖਿਆਣ ਤੇ ਉਤਰ ਆਈ ਸੀ।

'ਚੱਲ! ਆਰਾਮ ਕਰ! ਐਵੇਂ ਕਿਸੇ ਦੀ ਧੀ ਭੈਣ ਬਾਰੇ ਅਜਿਹਾ ਨਹੀਂ ਸੋਚੀਦਾ...।'

'ਇਹ ਅੱਗ ਸੁੱਤੀ ਰਹਿੰਦੀ ਹੈ...ਘੂਕ ਸੌਂਦੀ ਹੈ...ਤੇ ਜਦ ਕੋਈ ਫੂਕ ਵੱਜ ਜਾਵੇ...ਇਹ ਧੁਖਦੀ ਹੈ, ਤੇ ਕਦੇ ਭੜਾਕਾ ਬਣ ਜਾਂਦੀ ਹੈ। ਬੱਸ ਇਕ ਫੂਕ ਦਾ ਬਹਾਨਾ ਟੋਲਦੀ ਹੈ।' ਮੀਤੋ ਦੇਵੀਆਂ ਵਾਂਗ ਪ੍ਰਵਚਨ ਕਰਦੀ ਰਹੀ।

'ਪਰ ਕੱਲ੍ਹ ਤਾਂ ਉਹ ਤੁਹਾਡੇ ਨਾਲ ਹੀ ਸੀ, ਤੁਸੀਂ ਮੇਰੀ ਸ਼ਰਾਫਤ ਦਾ ਨਜਾਇਜ਼ ਫਾਇਦਾ ਉਠਾਇਆ।' ਮੀਤੋ ਅਟਾਕੂਟ ਇਹੀ ਰੱਟ ਲਗਾ ਰਹੀ ਸੀ।

'ਮੈਨੂੰ ਤੇਰੀ ਸੌਂਹ ਮੀਤੋ! ਮੈਨੂੰ ਮੇਰੀ ਬੇਟੀ ਦੀ ਕਸਮ! ਜੇ ਮੇਰੇ ਨਾਲ ਤਾਂ ਕੀ ਮੈਨੂੰ ਉਸ ਦੀ ਹਰਕਤਾਂ ਬਾਰੇ ਕੋਈ ਸੂਹ ਵੀ ਹੋਵੇ ਤਾਂ।'

'ਹੁਣੇ ਪੁਲਸ ਆਏਗੀ...ਤੁਹਾਨੂੰ ਪਕੜੇਗੀ। ਸਾਰੇ ਦਫ਼ਤਰ ਵਾਲੇ ਤੁਹਾਡੇ ਵੱਲ ਉਂਗਲਾਂ ਉਠਾ ਰਹੇ ਨੇ...। ਬਾਰ-ਬਾਰ ਟੈਲੀਫੋਨ ਮੇਰੀ ਜਾਨ ਤੋੜ ਰਹੇ ਨੇ।'

ਪੁਲਸ ਦਾ ਨਾਮ ਸੁਣਕੇ ਇਕੇਰਾਂ ਫਿਰ ਉਸ ਦੇ ਸਾਹਮਣੇ ਪਿਛਲੇ ਦਿਨੀਂ ਲੰਘੇ ਚਮਗਾਧੜਾਂ ਵਰਗੇ ਡਰਾਉਣੇ ਸੀਨ ਉਸ ਦੇ ਸਾਹਮਣੇ ਲਟਕਣ ਲੱਗੇ।

'ਕਿੰਨਾ ਅਨਰਥ ਹੋਵੇਗਾ ਇਹ। ਮੀਤੋ ਰੋਕ ਲੈ। ਕੀ ਪੁਲਸ ਮੈਨੂੰ ਇਕ ਨੌਜਵਾਨ ਲੜਕੀ ਨੂੰ ਅਗਵਾ ਕਰਨ ਦੇ ਜ਼ੁਰਮ ਵਿਚ ਪਕੜਨ ਲਈ ਆਏਗੀ? ਨਹੀਂ...ਨਹੀਂ...ਮੀਤੋ...ਮੈਂ ਹੋਰ ਏਨਾਂ ਕੁਝ ਸਹਾਰ ਲਿਆ...ਇਹ ਏਨਾ ਵੱਡਾ ਝੂਠਾ ਪਾਪ ਮੈਂ ਮੋਢਿਆਂ ਤੇ ਨਹੀਂ ਚੁਕ ਸਕਦਾ...ਮੈਂ ਗਰਕ ਹੋ ਜਾਵਾਂਗਾ...।' ਉਸ ਦੀ ਹਾਲਤ ਹੋਰ ਦੀ ਹੋਰ ਨਾਜ਼ਕ ਤੇ ਪਤਲੀ ਹੁੰਦੀ ਵੇਖ ਕੇ ਮੀਤੋ ਘਬਰਾ ਗਈ।

'ਦੋ...ਚਾਰ...ਤਿੰਨ...ਦੋ...ਪੰਜ... ਹੈਲੋ...ਹੈਲੋ..., ਲਉ...ਮਿਲ ਗਿਆ ਨੰਬਰ ਰੀਟਾ ਦਾ...।' ਪੰਨੇ ਨੇ ਡਰਦੇ ਡਰਦੇ ਕੰਬਦੇ ਹੱਥਾਂ ਨਾਲ ਟੈਲੀਫੋਨ ਫੜਿਆ।

'ਹੈਲੋ...ਹੈਲੋ...ਭਾ ਜੀ ਤੁਹਾਡੇ ਲਾਗੇ ਰੀਟਾ ਮੈਡਮ ਹੈ...।'

'...'

'ਜ਼ਰਾ ਉਸ ਨੂੰ ਮਿਲਾ ਦਿਉ...।'

'...'

'ਕੀ ਕਿਹਾ ਉਹ ਕੱਲ੍ਹ ਦੀ ਦੇਖੀ ਨਹੀਂ...? ਨਹੀਂ ਨਹੀਂ ਅੱਜ ਤਾਂ ਉਹ ਹੈ...ਜ਼ਰਾ ਦੇਖਣਾ ਪਲੀਜ਼! ਜ਼ਰੂਰੀ ਕੰਮ ਹੈ।'

'...'

'ਜੀ ਹਾਂ!... ਘਰ ਹੀ ਹੈ...? ਧੰਨਵਾਦ।' ਪੰਨੇ ਦਾ ਸਾਹ ਸੌਖਾ ਹੋਇਆ। ਧਰਤੀ ਤੇ ਲੰਮਾ ਪੈ ਕੇ ਡੰਡਉਤ ਬੰਦਨਾ ਕਰਨ ਵਾਂਗ ਪ੍ਰਮਾਤਮਾ ਦਾ ਲੱਖ ਲੱਖ ਵਾਰ ਸ਼ੁਕਰ ਕੀਤਾ। ਉਹ ਆ ਤਾਂ ਗਈ ਹੈ, ਕਿਥੋਂ ਆਈ ਹੈ, ਇਹ ਵੀ ਪਤਾ ਚੱਲ ਜਾਏਗਾ। ਨਾ ਆਉਂਦੀ ਤਾਂ ਇਹ ਮੇਰੇ ਨਾਮ ਹੀ ਲੱਗ ਜਾਣੀ ਸੀ। ਬੁਰਾਈ ਤਾਂ ਉਡ ਕੇ ਚੰਬੜਦੀ ਹੈ ਮੈਨੂੰ ਸੱਤਾ ਕੋਹਾਂ ਤੋਂ।' ਮਸੀਂ ਮਸੀਂ ਉਸ ਦੀ ਮਾਨਸਿਕਤਾ ਸੰਤੁਲਿਤ ਹੋਈ।

'ਚਲੋ ਮੀਤਾਂ...ਚਲੋ ਉਸ ਦੇ ਘਰ...।'

'ਨਹੀਂ। ਅਸੀਂ ਕੀ ਕਰਨੈ ਉਸ ਦੇ ਘਰ! ਐਸ ਵੇਲੇ?'

'ਨਹੀਂ ਚਲੋ, ਜਾਣਾ ਪਵੇਗਾ...।'

ਛੋਟੀਆਂ ਭੀੜੀਆਂ ਗਲੀਆਂ ਦਾ ਚਿੱਕੜ ਗਾਰਾ ਲੰਘਦੇ ਉਹ ਇਕ ਸਲਮ ਵਰਗੇ ਮਹੱਲੇ ਵਿਚ ਅਧ-ਪੱਕੇ ਮਕਾਨ ਵਿਚ ਪਹੁੰਚੇ। ਮੀਂਹ ਨਾਲ ਭਿੱਜੇ ਬਾਲਣ ਨਾਲ, ਰਸੋਈ

ਵਿਚੋਂ ਧੂਆਂ ਨਿਕਲ ਕੇ ਸਾਰਾ ਵਿਹੜਾ ਧੂੰਆਂ ਧਾਰ ਹੋਇਆ ਪਿਆ ਸੀ। ਜਹਾਲਤ ਭਰਿਆ ਸਲ੍ਹਾਭਿਆ ਵਾਤਾਵਰਣ ਵੇਖ ਕੇ ਪਹਿਲਾਂ ਤਾਂ ਉਹ ਡਰ ਗਿਆ।

ਪਰ ਰੀਟਾ ਨੂੰ ਸਾਹਮਣੇ ਦੇਖ ਕੇ ਉਸ ਦੇ ਸਾਰੇ ਦੁੱਖ ਦੂਰ ਹੋ ਗਏ।

'ਈਦਾਂ ਖ਼ੂਬ ਮਨਾਉਂਦੇ ਨੇ ਉਹ ਮੈਥੋਂ ਚੋਰੀ ਚੋਰੀ।' ਉਹ ਗੁਣਗੁਣਾਉਣ ਲੱਗਾ।

'ਲੈ ਪੁੱਛ ਲੈ ਇਹਨੂੰ ਹੁਣ ਕਿੱਥੇ ਗਈ ਸੀ, ਕੀਹਦੇ ਨਾਲ ਗਈ ਸੀ, ਕਿੱਥੇ ਰਹੀ ਸੀ...।' ਉਸ ਨੇ ਮੀਤੋ ਦਾ ਹੱਥ ਘੁੱਟ ਕੇ ਆਪਣੇ ਦਿੱਤੇ ਹੋਏ ਬਿਆਨਾਂ ਦੀ ਤਸਦੀਕ ਕਰਨ ਲਈ ਜੋਰ ਪਾਇਆ।

'ਮੈਂ ਨਹੀਂ ਕਹਿਣਾ ਕੁਝ ਵੀਂ।' ਪਤਨੀ ਸੁੰਗੜ ਜਿਹੀ ਗਈ।

'ਨਮਸਤੇ...।' ਝਕਦੀ ਸੰਗਦੀ ਰੀਟਾ ਸਾਹਮਣੇ ਆਈ।

'ਆਓ...ਧੰਨਭਾਗ...ਜੀ ਆਇਆਂ ਨੂੰ...।'

ਨਵੇਂ ਪਾਏ ਗਜਰੇ ਤੇ ਚੂੜੀਆਂ ਨੂੰ ਦੁਪੱਟੇ ਨਾਲ ਛੁਪਾਉਣ ਦੀ ਘਬਰਾਹਟ ਵਿਚ ਉਸ ਨੇ ਕਿਹਾ।

ਉਹ ਇਸ਼ਾਰਾ ਕਰਕੇ ਇਕ ਵੱਡੇ ਸੁਫ਼ੇ ਵਿਚ ਲੈ ਗਈ।

'ਬੈਠੋ...ਆਓ ਭਾਬੀ ਜੀ! ਤੁਸੀਂ ਇਧਰ ਬੈਠੋ।'

ਬੇਬੀ ਨੂੰ ਆਪਣੇ ਕੁੱਛੜ ਚੁੱਕ ਕੇ ਉਸ ਨੇ ਆਓ ਭਗਤ ਕੀਤੀ।

'ਪਿਕਨਿਕ ਖ਼ੂਬ ਮਨਾਈ ਕਿਥੇ ਰੀਟਾ ਨੇ ? ਸਾਰੀ ਰਾਤ ਬਿਤਾਈ ਕਿਥੇ ਰੀਟਾ ਨੇ?' ਪੰਨੇ ਨੇ ਟੁੱਟੀ ਫੁੱਟੀ ਤੁਕਬੰਦੀ ਕਰਕੇ ਚੁੱਪ ਤੋੜੀ।

'..........'

ਰੀਟਾ ਸੁਮਕ ਸੁਮਕ ਕਰਦੀ ਫਿੱਸ ਪਈ।

'ਕੀ ਦੇਖਿਆ ਫਿਰ ਰੀਟਾ...ਤੂੰ ਤਾਂ ਚੰਗੀ ਛੁਪੀ ਰੁਸਤਮ ਨਿਕਲੀ...ਜਾਂਦੀ ਜਾਂਦੀ, ਹੋਰ ਕਿਸੇ ਨੂੰ ਨਹੀਂ, ਤਾਂ ਮੈਨੂੰ ਹੀ ਦੱਸ ਜਾਂਦੀ...ਟੈਲੀਫੋਨ ਕਰ ਜਾਂਦੀ।' ਸ਼ਰਮ ਤੇ ਹੀਣ-ਭਾਵਨਾ ਦੀ ਗ੍ਰੱਸੀ ਰੀਟਾ ਅੱਖਾਂ ਉੱਪਰ ਨਹੀਂ ਸੀ ਚੁੱਕ ਰਹੀ।

'ਭਾਜੀ ਮੈਂ ਕੋਸ਼ਿਸ਼ ਕੀਤੀ ਸੀ। ਪਰ ਉਹਨੇ ਕਿਹਾ ਜਲਦੀ ਕਰੋ, ਲੇਟ ਹੋ ਰਹੇ ਹਾਂ। ਸਾਰੇ ਉਥੇ ਹੀ ਮਿਲ ਜਾਣਗੇ।' ਉਹ ਡੁਸਕਣ ਲੱਗੀ।

'ਤੇ ਫਿਰ ਅੱਗੇ....?' ਤਫਤੀਸ਼ੀ ਹੌਲਦਾਰ ਵਾਂਗ ਪੰਨੇ ਨੇ ਰੋਹਬ ਜਿਹਾ ਝਾੜਿਆ।

'ਮੈਨੂੰ ਤਾਂ ਪਤਾ ਨਹੀਂ ਵੀਰ ਜੀ!...ਕਾਰ ਕਿੰਨੀ ਦੂਰ ਦੌੜਦੀ ਰਹੀ, ਚਲਦੀ ਰਹੀ...। ਮੈਂ ਹਰ ਪਲ ਉਸ ਸਮੇਂ ਦੀ ਉਡੀਕ ਕਰਦੀ ਰਹੀ, ਜਦੋਂ ਕਾਰ ਰੁਕੇ ਗੀ, ਉਹ ਦੂਸਰੇ

ਸਟਾਫ ਕੋਲ ਪਹੁੰਚ ਜਾਏਗਾ ਤੇ ਮੈਨੂੰ ਸਭ ਨੂੰ ਮਿਲਾ ਦੇਵੇਗਾ, ਪਰ ਉਹ ਉਚੇ ਜਿਹੇ ਪਹਾੜੀ ਇਲਾਕੇ ਦੇ ਹੋਟਲ ਵਿਚ ਲੈ ਗਿਆ...।'

'ਤੂੰ ਪੜ੍ਹੀ ਲਿਖੀ ਬੇਵਕੂਫ ਬਣ ਗਈ...।' ਪੰਨਾ ਗੁੱਸੇ ਵਿਚ ਸੀ।

'ਰੀਟਾ ਤੈਨੂੰ ਆਪਣੀ ਮਾਂ 'ਤੇ ਤਰਸ ਨਾ ਆਇਆ? ਉਸ ਨੂੰ ਹੀ ਦੱਸ ਦਿੰਦੀ। ਉਹਨੇ ਕਿਦਾਂ ਰਾਤ ਦਿਨ ਤੈਨੂੰ ਲੱਭਦੇ ਉਡੀਕਦੇ ਆਪਣੇ ਦੀਦੇ ਗਾਲ ਲਏ ਨੇ...। ਰੋ ਕੇ ਸੱਚਿਆਂ ਹੋਣਾ ਲੜਕੀਆਂ ਕੋਲ ਇਕੋ ਹੀ ਹਥਿਆਰ ਹੁੰਦਾ ਹੈ...ਹੁਣ ਤੂੰ ਰੋਈ ਜਾ...ਪਰ ਮੈਂ ਸੱਚੋ ਸੱਚ ਪੁੱਛ ਲੈਣਾ ਹੈ...ਆਪੇ ਹੀ ਦੱਸ ਦੇਹ।'

'ਨਹੀਂ ਵੀਰ ਜੀ! ਮੈਂ ਸੱਚ ਕਹਿੰਦੀ ਹਾਂ, ਪਾਲ ਬੜਾ ਧੋਖੇਬਾਜ਼ ਨਿਕਲਿਆ। ਕਹਿੰਦਾ ਦੂਸਰੇ ਸਾਥੀ ਵੀ ਉਥੇ ਹੀ ਪਹੁੰਚਣ ਵਾਲੇ ਨੇ।

ਜਾਂਦੀ ਸਾਰ ਚਾਹ ਮੰਗਾਈ। ਆਪਣੀ ਅਟੈਚੀ ਚੋਂ ਕੱਢ ਕੇ ਟੀ. ਵੀ. ਲਾ ਲਿਆ।

'ਛੀ...ਛੀ...ਗੰਦੇ ਗੰਦੇ ਸੀਨ...। ਮੈਂ ਬੜਾ ਪਛਤਾਈ, ਬੜਾ ਰੋਈ...। ਕਹਿੰਦਾ ਨਹਾ ਲੈ....... ਮੈਂ ਕਿਹਾ, ਮੈਂ ਠਹਿਰ ਕੇ ਨਹਾਵਾਂਗੀ...। ਕਹਿੰਦਾ ਚੰਗਾ ਮੌਜ ਲੈ, ਦੇਖ ਕਿੰਨੇ ਸੁਹਣੇ ਸੁਹਣੇ ਸੁੰਦਰ ਫਿਲਮੀ ਨਜ਼ਾਰੇ...। ਤੂੰ ਵੇਖ, ਮੈਂ ਨਹਾ ਲਵਾਂ। ਉਹ ਅੰਦਰ ਵੜਿਆ ਤੇ ਮੈਂ ਮੌਕਾ ਤਾੜ ਕੇ ਬਾਹਰੋਂ ਕੁੰਡਾ ਲਗਾ ਕੇ ਸੜਕ ਤੇ ਦੌੜ ਪਈ। ਕਹਿੰਦਾ ਸੀ ਤੇਰਾ ਸਾਹਬ, ਕਾਲੀਆ ਮੇਰਾ ਦੋਸਤ ਹੈ...ਤੇਰੀ ਤਰੱਕੀ ਕਰਾ ਦਿਆਂਗਾ।'

'ਹੂੰਅ...ਤਾਂ ਇਹ ਗੱਲ ਹੈ...ਮੇਰੇ ਸਿੱਝਣ ਵਾਲੇ ਤਾਂ ਅੱਗੇ ਹੀ ਕਈ ਹੋਰ ਹਨ, ਇਹ ਇਕ ਹੋਰ ਉਹਨਾਂ ਵਿਚ ਜਮ੍ਹਾ ਹੋ ਗਿਆ...।' ਪੰਨੇ ਨੇ ਕਮੀਜ਼ ਦੀਆਂ ਬਾਹਾਂ ਉਪਰ ਟੰਗਦੇ ਕਚੀਚੀ ਜਿਹੀ ਵੱਟੀ।

'ਮੈਂ ਖਾ ਜਾਵਾਂਗਾ, ਅਜਿਹੇ ਬਦਮਾਸ਼ਾਂ ਨੂੰ, ਜੋ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਦਾ ਖਿਲਵਾੜ ਕਰਦੇ ਨੇ।'

'ਨਾ ਵੇ ਨਾ ਪੁੱਤ। ਤੂੰ ਏਨਾ ਰੋਹ ਨਾ ਚੜ੍ਹਾ। ਵੱਡਿਆਂ ਦਾ ਕੁਝ ਵਿਗੜਨਾ ਨਹੀਂ, ਤੇ ਸਾਡਾ ਕੁਝ ਰਹਿਣਾ ਨਹੀਂ। ਮਰਦ ਤੇ ਘੋੜਾ ਤਾਂ ਧੋਤੇ ਦਾ ਧੋਤਾ, ਉਹੋ ਜਿਹਾ ਦੁੱਧ ਧੋਤਾ। ਸਾਡੀ ਕੁੜੀ ਤਾਂ ਬੱਜੀ ਹੋ ਜੂ ਸਾਰੀ ਉਮਰ ਲਈ।' ਰੀਟਾ ਦੀ ਮਾਂ ਹੱਥ ਜੋੜਦੀ ਪੰਨੇ ਦੇ ਅੱਗੇ ਆ ਖੜੀ ਹੋਈ।

'ਸੁਣ ਧੀਏ...। ਸੁਣ ਪੁੱਤ! ਸਗੋਂ ਇਸ ਗੱਲ ਨੂੰ ਇਥੇ ਹੀ ਮਿੱਟੀ ਪਾਓ...। ਮੇਰੀ ਕੁੜੀ ਨੂੰ ਤਾਂ ਲੋਕਾਂ ਉਂਗਲਾਂ ਵਾਲਿਆਂ ਨੇ ਹੀ ਨਹੀਂ ਛੱਡਣਾ...।' ਬੁੜੀ ਮਾਂ ਬੁੱਸ ਬੁੱਸ ਕਰਦੀ ਗਲੇਡੂ ਪੂੰਝਦੀ ਅੰਦਰ ਚਲੀ ਗਈ।

ਰਸੋਈ ’ਚੋਂ ਧੂੰਆਂ ਜ਼ਰਾ ਮੱਧਮ ਹੋਇਆ। ਚਾਹ ਪੱਤੀ ਇਲੈਚੀ ਦੀ ਖੁਸ਼ਬੂ ਫੈਲੀ, ਤੇ ਥੋੜ੍ਹੀ ਦੇਰ ਵਿਚ ਮਾਂ ਚਾਹ ਦਾ ਪਤੀਲਾ ਦੁਪੱਟੇ ਦੀਆਂ ਦੋਵਾਂ ਕੰਨੀਆਂ ਨਾਲ ਚੁੱਕੀ ਅੰਦਰ ਲੈ ਆਈ।

‘ਵੇ ਪੁੱਤ ਉਹ ਤਾਂ ਬਹੁਤ ਵੱਡਾ ਆਦਮੀ ਹੈ ਤੇ ਅਸੀ ਗ਼ਰੀਬ ਜ਼ਾਤ। ਉਹਦਾ ਸਾਡਾ ਕੀ ਮੇਲ..?’  ਡੋਹਰੀ ਨਾਲ ਚਾਹ ਕੱਪਾਂ ’ਚ ਪਾਂਦੇ ਬੁੜੀ ਨੇ ਗੱਲ ਜਾਰੀ ਰੱਖੀ।

‘ਪਰ ਮਾਤਾ ਜੀ ਉਸਨੇ ਏਨਾ ਵੱਡਾ ਫਰੇਬ ਕੀਤਾ...ਮੈਂ ਸਮਝਾਊਂ  ਉਸ ਨੂੰ ਕਿ ਇਹ ਮੇਲ ਕਿੱਦਾਂ ਹੋ ਸਕਦਾ ਹੈ। ਤੁਸੀਂ ਕਾਇਮ ਰਹਿਓ ਹੁਣ। ਦੇਸੀ ਲਾੜੀ, ਵਲੈਤੀ ਦੁਲਹਾ...। ਵਾਹ ਕਿੰਨਾ ਮੇਲ ਸਜੇਗਾ।’

‘ਵੇ ਨਾ ਪੁੱਤ! ਕੁਝ ਨੀ ਬਣਨੀ...ਸਾਡੀ ਰਹਿੰਦੀ ਖੂੰਹਦੀ ਵੀ ਪੱਟੀ ਜਾਊ...।’

ਬੁੜੀ ਮਾਂ ਦੀ ਗ਼ਰੀਬੀ ਤੇ ਫਿਰ ਗ਼ਰੀਬੀ ਤੋਂ ਨਿਕਲੀ ਮਜਬੂਰੀ, ਏਨਾ ਵੱਡਾ ਅਨਰਥ! ਗੁਨਾਹ ਪੀ ਜਾਣ ਲਈ ਤਰਲੇ ਕਰ ਰਹੀਆਂ ਸਨ। ਚਾਹ ਪੰਨੇ ਨੂੰ ਬੜੀ ਸਵਾਦ ਲੱਗੀ, ਬੜੀ  ਸੰਘਣੀ, ਬੜੀ ਕਰਾਰੀ, ਕਾਨੇ-ਗੱਡ ਚਾਹ, ਜਿਵੇਂ ਗੁੜ ਦੀ ਬਣਾਈ ਹੋਵੇ। ਪਰ ਇਕ ਏਨਾ ਵੱਡਾ ਇਲਜ਼ਾਮ ਸਿਰ ਤੋਂ ਪਾਸੇ ਲੱਥਣ ਕਰਕੇ ਉਹ ਆਪਣੇ ਆਪ ਵਿਚ ਹੌਲਾ ਫੁੱਲ ਹੋਇਆ ਪਿਆ ਸੀ ਤੇ ਖਾਸ ਕਰਕੇ ਘਰ ਵਾਲੀ ਦੇ ਸਾਹਮਣੇ ਵੀ ਇਹ ਸ਼ਰੇਆਮ ਸੱਚਾ-ਸੁੱਚਾ ਪ੍ਰਤੱਖ ਹੋਣ ਕਰਕੇ ਹੋਰ ਦੂਣਾ ਚੌਣਾ ਹੋ ਗਿਆ ਸੀ।

ਘਰ ਆਉਣ ਤੱਕ ਦੋਵੇਂ ਤੀਵੀਂ ਆਦਮੀ ਨਾਕਾਰਮਿਕ ਸ਼ਕਤੀਆਂ ਤੋਂ ਬਚਣ ਦੇ ਸਿੱਟੇ ਵਜੋਂ ਇਕ ਜੁੱਟ ਸੁਰਖਿਅਤ ਮਹਿਸੂਸ ਕਰ ਰਹੇ ਸਨ।

‘ਹਾਏ ਮੈਂ ਮਰ ਜਾਂ...ਮੈਂ ਐਵੇਂ ਆਪਣੇ ਚੰਨ ਵਰਗੇ ਸਾਥੀ ਨਾਲ ਫੋਨਾਂ ਦੇ ਕਹੇ ਕਹਾਏ ਤੇ ਸੁਣੇ ਸੁਣਾਏ ਏਨੇ ਅਪਸ਼ਬਦ ਕੱਢ ਬੈਠੀ। ਮਾਫ ਕਰੀਂ ਚੰਨਾ...।’ ਉਸ ਨੇ ਪੰਨੇ ਦੇ ਮੱਥੇ ਤੇ ਬੜਾ ਪਿਆਰਾ ਜਿਹਾ ਭਿੱਜਾ ਜਿਹਾ ਬੋਸਾ ਬੀਜ ਕੇ ਮੁਆਫ਼ੀ ਮੰਗੀ।

‘ਪਰ ਤੁਹਾਡੀ ਉਹ ਮਛਲੀ ਦੀ ਤੇ ਹਾਰ ਦੀ ਗੱਲ ਮੇਰੇ ਪੱਲੇ ਨਹੀਂ ਪਈ। ਮੈਂ ਕਿਹਾ ਐਵੇਂ ਮੇਰਾ ਧਿਆਨ ਪਾਸੇ ਮੋੜਨ ਲਈ ਮੈਨੂੰ ਬੁੱਧੂ ਬਣਾ ਰਹੇ ਨੇ।’ ਮੀਤੋ ਹੱਸ ਰਹੀ ਸੀ।

‘ਇਹ ਵੀ ਤਾਂ ਗਾਥਾ ਹੈ...ਕਿਸਮਤ ਦੇ  ਭੰਨੇ, ਸਤਾਏ, ਦੁਰਕਾਰੇ, ਕਿਸੇ ਰਾਜੇ ਰਾਣੀ ਦੀ, ਜਿਸ ਦੇ ਰਾਜ ਵਿਚ ਕਾਲ ਪੈ ਗਿਆ। ਨਜੂਮੀਆਂ ਨੇ ਕਿਹਾ, ਜਿੰਨਾ ਚਿਰ ਇਹ ਰਾਜਾ ਰਾਣੀ ਰਾਜ ਦੀ ਹਦੂਦ ਤੋਂ ਬਾਹਰ ਨਹੀਂ ਜਾਂਦੇ, ਬਾਰਿਸ਼ ਨਹੀਂ ਹੋਵੇਗੀ। ਉਹ ਪਰਜਾ ਦੇ ਭਲੇ ਦੀ ਖਾਤਰ ਬਾਹਰ ਨਿਕਲ ਤੁਰੇ। ਰਸਤੇ ਵਿਚ ਕਿਸੇ ਦੋਸਤ ਦੇ ਘਰ ਠਹਿਰੇ। ਕਿੱਲੀ ਤੇ ਟੰਗਿਆ ਮੇਜ਼ਬਾਨ ਦਾ ਨੌ ਲੱਖਾ ਹਾਰ ਗਾਇਬ ਵੇਖ ਕੇ ਮੇਜਬਾਨ ਨੇ ਇਹਨਾਂ ਨੂੰ ਭੁਖੇ ਤਿਹਾਏ ਘਰੋਂ ਕੱਢ ਦਿਤਾ। ਨਦੀ ਕਿਨਾਰੇ ਮਛਲੀ ਫੜ ਕੇ ਭੁੰਨੀ, ਖਾਣ ਲੱਗੇ ਤਾਂ ਭੁੰਨੀ

ਮੱਛੀ ਭੁੜਕ ਕੇ ਪਾਣੀ ਵਿਚ ਜਾ ਡਿੱਗੀ।...ਤੇ ਫਿਰ ਜਦ ਦਿਨ ਪੱਧਰੇ ਹੋਏ, ਕਿਸਮਤ ਫਿਰੀ, ਦਿਨ ਫਿਰੇ, ਉਸ ਦੀ ਰਿਆਇਆ ਨੇ ਉਹਨਾ ਨੂੰ ਵਾਪਸ ਬੁਲਾਵਾ ਭੇਜਿਆ। ਵਾਪਸੀ ਤੇ ਉਹੀ ਭੁੱਜੀ ਮੱਛੀ ਫਿਰ ਉਹਨਾਂ ਦੇ ਅੱਗੇ ਆ ਡਿੱਗੀ। ਉਸੇ ਦੋਸਤ ਦੇ ਘਰ ਵਾਪਸ ਠਹਿਰੇ ਤੇ ਉਹਨਾਂ ਦੇ ਦੇਖਦੇ ਦੇਖਦੇ ਹਾਰ ਕਿੱਲੀ ਵਿਚੋਂ ਬਾਹਰ ਲਮਕਣ ਲੱਗ ਪਿਆ। ਲੋਕਾਂ ਨੇ ਜੀ ਆਇਆ ਕਿਹਾ। ਉਹਨਾਂ ਨੂੰ ਬੜੇ ਆਦਰ ਮਾਣ ਨਾਲ ਰਾਜ ਗੱਦੀ ਦੋਬਾਰਾ ਸੌਂਪੀ। ਦਿਨ ਹੋਣ ਪੱਧਰੇ ਤਾਂ ਭੁੱਜੇ ਉਗਣ ਮੋਠ। ਇਹ ਕਹਾਣੀ ਸੀ, ਜੋ ਛੋਟੇ ਹੁੰਦੇ ਮੇਰੀ ਦਾਦੀ ਮੈਨੂੰ ਸੁਣਾਇਆ ਕਰਦੀ ਸੀ...।'

ਪੰਨੇ ਨੇ ਅੱਖਾਂ ਵਿਚੋਂ ਪਿਆਰਾਂ ਦੇ ਸੋਮੇ ਬਰਸਾਉਂਦੇ ਮੀਤੋ ਨੂੰ ਵਿਸਮਾਦ ਵਿਸਮਾਦ ਕਰ ਦਿਤਾ। ਮੀਤੋ ਨੇ ਉਸ ਦੀ ਛਾਤੀ ਤੇ ਸਿਰ ਰੱਖਿਆ ਤੇ ਫਿਰ ਘੁੱਟ ਕੇ ਨਾਲ ਲੱਗ ਪਈ। ਦੋਵੇਂ ਸਾਰੀ ਰਾਤ ਬਿਨਫਿਕਰੀ ਨੀਂਦ ਸੁੱਤੇ ਇਕ ਦੂਸਰੇ ਦਾ ਸਰਹਾਣਾ ਬਣਾ ਕੇ।

ਕੁੱਕੜ ਦੀ ਬਾਂਗ, ਮੋਰਾਂ ਦੀਆਂ ਕੂਕਾਂ ਤੇ ਫਿਰ ਭਾਈ ਦੇ ਉਚੇ ਸਪੀਕਰ ਨੇ ਦਿਨ ਦੇ ਚੜ੍ਹਾ ਦਾ ਸੁਨੇਹਾ ਦੇ ਦਿੱਤਾ। ਉਹ ਉਠਿਆ, ਅਸਮਾਨ ਸਾਫ਼ ਸੀ। ਕਿੰਨੇ ਦਿਨਾਂ ਦੀ ਭੜਾਸ ਤੇ ਬੱਦਲਵਾਈ ਤੋਂ ਬਾਦ ਮੌਸਮ ਨਿਰਮਲ ਤੇ ਨਿੱਤਰਿਆ ਹੋਇਆ ਵੇਖ ਕੇ ਉਸ ਦਾ ਮਨ ਤਰੋਤਾਜ਼ਾ ਉਮਾਹ ਨਾਲ ਭਰ ਗਿਆ। ਆਪੇ ਰਸੋਈ ਵਿਚ ਜਾ ਕੇ ਚਾਹ ਦੇ ਦੋ ਕੱਪ ਬਣਾਏ। ਇਕ ਪੋਲੀ ਜਿਹੀ ਥਪਕੀ ਦੇ ਕੇ ਮੀਤਾਂ ਨੂੰ ਜਗਾਇਆ, ਸੋਮਨ ਕੀਤਾ, ਤੇ ਉਠਾਇਆ। ਚਾਹ ਦਾ ਕੱਪ ਉਸ ਦੇ ਬੁਲ੍ਹਾਂ ਨੂੰ ਛੁਹਾਇਆ। ਇਕੱਠੇ ਬੈਠ ਕੇ ਦੋਵਾਂ ਬੜੇ ਪਿਆਰ ਨਾਲ ਟੁੱਟੀਆਂ ਡੰਡੀਆਂ ਵਾਲੇ ਕੱਪਾਂ ਵਿਚ ਚਾਹ ਦੀਆਂ ਚੁਸਕੀਆਂ ਭਰਦੇ ਕੱਲ੍ਹ ਦੇ ਮਨਹੂਸ ਅਨਹੋਣੇ ਵਾਰਤਾਲਾਪ... ਤੂੰ ਤੂੰ ਮੈਂ ਮੈਂ ਦਾ ਜ਼ਿਕਰ ਛੇੜਿਆ ਤੇ ਪਸ਼ਚਾਤਾਪ ਕੀਤਾ।

'ਹੋ ਗਏ ਸੁਹਣੇ ਦੇ ਹੁਣ ਦਰਸ਼ਨ ਤੇ ਦਿਨ ਚੰਗਾ ਲੰਘੇਗਾ...।'

ਉਸ ਨੇ ਮੀਤੋ ਨੂੰ ਜਲੂਣ ਜਿਹੀ ਕੀਤੀ। ਉਹ ਸ਼ਰਮਾਂਦੀ ਹੋਈ ਚਾਹ ਦੇ ਖਾਲੀ ਕੱਪ ਲੈ ਕੇ ਰਸੋਈ ਵੱਲ ਚਲੀ ਗਈ। ਉਹ ਉਠ ਕੇ ਬਾਥਰੂਮ ਵਿਚ ਵੜ ਗਿਆ। ਨਹਾਇਆ, ਪਾਠ ਗੁਣਗੁਣਾਇਆ ਤੇ ਕੰਘੀ ਪੱਟੀ ਕਰਕੇ ਤਿਆਰ ਹੋ ਗਿਆ। ਸਾਫ਼ ਉਨਾਬੀ ਪੇਚਾਂ ਵਾਲੀ ਪਗੜੀ, ਚਿੱਟੀ ਉਨਾਬੀ ਤੇ ਸਲੇਟੀ ਰੰਗੀ ਟਾਈ ਬੰਨ ਕੇ ਉਹ ਅੱਜ ਬਹੁਤ ਹੀ ਆਕ੍ਰਸ਼ਕ ਚੁਸਤ ਚਲਾਕ ਤੇ ਮਨਮੋਹਣੀ ਸ਼ਖਸ਼ੀਅਤ ਲੱਗ ਰਿਹਾ ਸੀ। ਮੱਖਣੀ ਨਾਲ ਕੁੱਟੀ ਪਰਾਉਂਠੀ ਦੀ ਬੁਰਕੀ ਮੀਤੋ ਨੇ ਉਸ ਦੇ ਮੂੰਹ ਨੂੰ ਛੁਹਾਉਂਦੇ, ਉਸ ਦੇ ਨਾਸ਼ਤੇ ਦਾ ਉਦਘਾਟਨ ਕੀਤਾ ਤੇ ਸਾਰੇ ਦਿਨ ਦੀ ਸੁਖ ਸਲਾਮਤ ਵਾਸਤੇ ਪ੍ਰਾਰਥਨਾ ਕੀਤੀ।

ਂ ਂ ਂ

ਕਾਲੀਆ ਸਾਹਬ ਦਾ ਅੱਜ ਆਖਰੀ ਦਿਨ ਸੀ, ਤੇ ਪੰਨਾ ਉਸ ਦਿਨ ਤੋਂ ਬਾਅਦ ਉਹਨਾਂ ਨੂੰ ਮਿਲ ਨਹੀਂ ਸੀ ਸਕਿਆ।

'ਅੱਜ ਤਾਂ ਜ਼ਰੂਰ ਹੀ ਮਿਲਣਾ ਚਾਹੀਦਾ ਹੈ। ਦੂਜੀ ਧਿਰ ਦੇ ਕੀਤੇ ਕਰਾਏ 'ਤੇ ਸੁਹਾਗਾ ਫੇਰਿਆ ਜਾਏ...।' ਇਹ ਗੰਭੀਰ ਮਸਲੇ ਉਸ ਨੇ ਸਹਿਜ ਸੁਭਾ ਸਰਸਰੀ ਜਿਹੇ ਆਪਣੇ ਮਨ 'ਚੋਂ ਗੁਜ਼ਾਰੇ ਤੇ ਰੈਸਟ ਹਾਊਸ ਦਾ ਦਰਵਾਜ਼ਾ ਜਾ ਖੜਕਾਇਆ।

'ਗੁਡ ਮਾਰਨਿੰਗ ਸਰ।'

'ਆਓ! ਵੈਰੀ ਗੁੱਡ ਮਾਰਨਿੰਗ, ਵੈਲੱਕਮ।' ਕਾਲੀਏ ਨੇ ਬੜੀ ਗਰਮਜੋਸ਼ੀ ਨਾਲ ਪੰਨੇ ਨੂੰ ਛਾਤੀ ਨਾਲ ਘੁੱਟ ਕੇ ਉਸ ਦੇ ਸਦੀਆਂ ਤੋਂ ਬਲਦੇ ਅੰਦਰਲੇ ਭਾਬੜ ਸ਼ਾਂਤ ਕਰ ਦਿੱਤੇ। ਕਾਲੀਆ ਸਾਹਬ ਦੇ ਮੱਥੇ ਤੇ ਹੰਸੂ ਹੰਸੂ ਕਰਦਾ ਜਲੌਅ ਦੇਖ ਕੇ ਪੰਨਾ ਬਹੁਤ ਉਤਸ਼ਾਹਤ ਹੋਇਆ।

'ਸੌਰੀ ਸਰ! ਮੈਂ ਤੁਹਾਨੂੰ ਅਟੈਂਡ ਨਹੀਂ ਕਰ ਸਕਿਆ। ਮੇਰੀ ਬਦਕਿਸਮਤੀ ਹੈ, ਮੈਂ ਤੁਹਾਡੀ ਸੇਵਾ ਕਰਨ ਦਾ ਮੌਕਾ ਖੁੰਝਾ ਦਿੱਤਾ।'

'ਨੋ ਮੈਟਰ, ਜੈਂਟਲਮੈਨ! ਤੂੰ ਮੇਰੀ ਨਹੀਂ ਤਾਂ ਕੋਈ ਗੱਲ ਨਹੀਂ, ਪਰ ਪੂਰੀ ਮਨੁੱਖਤਾ ਦੀ ਸੇਵਾ ਤੂੰ ਕਰ ਰਿਹੈ, ਕੁੱਲ ਦੁਨੀਆਂ ਦੇ ਦੁੱਖ ਤਕਲੀਫ਼ ਤੂੰ ਅਪੁਣੀ ਝੋਲੀ 'ਚ ਪੁਆ ਰਿਹੈਂ। ਆਈ ਐਮ ਵੈਰੀ ਪਰਾਊਡ ਆਫ ਯੂ ਮਾਈ ਡੀਅਰ। ਉਸ ਦਿਨ ਪਿਕਨਿਕ ਦਾ ਆਨੰਦ ਆਪ ਕੇ ਬਗੈਰ ਫੀਕਾ ਫੀਕਾ ਰਹਾ। ਕੋਈ ਨਾ, ਹਮ ਨੇ ਕਹਾ ਕੋਈ ਅੱਛਾ ਕਾਮ ਹੀ ਕਰਤਾ ਹੋਗਾ।' ਕਾਲੀਏ ਨੇ ਬੜੇ ਨਿੱਘੇ ਪਿਆਰ ਨਾਲ ਉਸ ਦੀ ਖ਼ਾਨਾ-ਪੂਰਤੀ ਕਰ ਦਿਤੀ।

'ਤੈਨੂੰ ਮੁਬਾਰਕ! ਮੇਰੇ ਬੇਟੇ!...ਮੈਨੂੰ ਰਾਤੀਂ ਹੀ ਖ਼ਬਰ ਆਈ ਹੈ ਦਿੱਲੀ ਤੋਂ, ਕਿ ਤੇਰੀ ਪਦ-ਉਨਤੀ ਹੋ ਗਈ ਹੈ ਤੇ ਤੈਨੂੰ ਏਥੇ ਹੀ ਲਗਾਇਆ ਗਿਆ ਹੈ... ਲਾਲ ਜੀ ਦੀ ਬਦਲੀ ਉਹਨਾਂ ਦੇ ਘਰ ਹੋ ਗਈ ਹੈ ਜੰਮੂ..।'

'ਧੰਨਵਾਦ ਸਰ! ਥੈਂਕ ਯੂ..। ਜਦ ਆਪ ਜੈਸੇ ਮਿਹਰਬਾਨ ਸਮਾਜਵਾਦੀ ਸੋਚ ਵਾਲੇ ਅਫਸਰ ਹੋਣ ਤਾਂ ਚੰਗੇ ਵਰਕਰਾਂ ਦੀ ਕਦਰ ਤਾਂ ਹੀ ਹੁੰਦੀ ਹੈ, ਨਹੀਂ ਤਾਂ ਮਾੜੇ ਤੇ ਕਮਜ਼ੋਰ ਅਫਸਰਾਂ ਦੇ ਸਾਹਮਣੇ ਤਾਂ ਅਜਿਹੀ ਚੰਡਾਲ ਚੌਕੜੀ ਉਹਨਾਂ ਦੇ ਸਾਹਮਣੇ ਹਾਥੀ ਨੂੰ ਚੂਹਾ ਦੱਸ ਕੇ ਮੂਰਖ ਬਣਾਈ ਰੱਖਦੀ ਹੈ, ਪਤਾ ਜੇ ਕਹਾਣੀ ਦਾ....?'

'ਹਾਂ...ਹਾਂ...ਮੈਨੂੰ ਸਭ ਪਤੈ, ਪਰ ਹਾਥੀ ਤਾਂ ਹਾਥੀ ਹੀ ਰਹਿਣੈ।' ਦੋਵਾਂ ਦਾ ਕਹਿਕਹਾ ਸੁਣਾਈ ਦਿੰਦਾ ਹੈ।

'ਚੰਗਾ ਕਰੋ, ਚੰਗਾ ਸੋਚੋ, ਚੰਗੇ ਦੀ ਉਮੀਦ ਰੱਖੋ...। ਉਪਰ ਵਾਲੇ ਦੇ ਘਰ ਦੇਰ ਹੈ, ਅੰਧੇਰ ਨਹੀਂ...ਆਖਰਕਾਰ ਸੱਚ ਨੇ ਸੱਚ ਹੀ ਰਹਿਣਾ ਹੈ। ਸੱਚੇ ਨੇ ਸੱਚ ਹੀ ਕਹਿਣਾ ਹੈ, ਚਾਹੇ ਕਿਸੇ ਦੇ ਗੋਡੇ ਲੱਗੇ ਚਾਹੇ ਗਿੱਟੇ...।'

'ਪਰ ਸਰ! ਮੈਨੂੰ ਆਪਣੀ ਕਿਸਮਤ ਤੇ ਬੜਾ ਗਿਲਾ ਹੈ। ਮੈਂ ਜ਼ਿੰਦਗੀ ਵਿਚ ਕਿਸੇ ਨਾਲ ਬੁਰਾ ਨਹੀਂ ਕੀਤਾ, ਬੁਰਾ ਨਹੀਂ ਸੋਚਿਆ, ਪਰ ਮੇਰੇ ਪੱਲੇ ਹਰ ਪਾਸਿਉਂ ਬੁਰਾਈ ਹੀ ਪਈ ਹੈ, ਭਲੇ ਕੰਮ ਲਈ ਵੀ ਊਝਾਂ ਹੀ ਲੱਗੀਆਂ ਹਨ। ਇਹ ਦੋ ਚਾਰ ਬੰਦੇ ਇੱਕਠੇ ਹੋ ਕੇ ਹੱਥ ਧੋ ਕੇ ਮੇਰੇ ਪਿੱਛੇ ਪਏ ਹੋਏ ਹਨ।'

'ਪਰ ਉਹ ਤੇਰਾ ਕੁਝ ਨਹੀਂ ਵਿਗਾੜ ਸਕੇ...ਨਾ ਹੀ ਵਿਗਾੜ ਸਕਦੇ ਹਨ। ਮੈਨੂੰ ਤੇਰੇ ਯਕੀਨ ਲਈ ਇਕ ਪੁਰਾਣੀ ਕਹਾਣੀ ਯਾਦ ਆਉਂਦੀ ਹੈ, ਜੋ ਤੇਰੇ ਲਈ ਬੜੀ ਢੁਕਵੀਂ ਹੈ।'

'ਹਾਂ ਜੀ ਸਰ! ਮੈਨੂੰ ਪਤੈ, ਤੁਹਾਡੀ ਮੇਰੇ ਪ੍ਰਤੀ ਵੀ ਹਮਦਰਦੀ ਹੈ ਤੇ ਉਹਨਾਂ ਨਾਲ ਵੀ ਦਿਲੀ ਪਿਆਰ। ਰੱਖੋ! ਪਰ ਮੇਰੀ ਕੀਮਤ ਤੇ ਨਹੀਂ... ਏਨੀ ਕੁ ਮਿਹਰਬਾਨੀ ਰੱਖਿਉ ਮੇਰੇ ਤੇ...।'

'ਹਾਂਅ ਤੇ ਸੁਣ... ਉਹ ਕਹਾਣੀ ਕੁਝ ਇਸ ਤਰ੍ਹਾਂ ਹੈ...।

ਕਿਸੇ ਨੱਗਰ ਦੇ ਚਾਰ ਭਰਾਵਾਂ ਵਿਚੋਂ ਇਕ ਦੀ ਰਗ ਦੂਜਿਆਂ ਤੋਂ ਕੁਝ-ਕੁਝ ਵੱਖਰੀ ਸੀ। ਉਹ ਕੁਝ ਕਰਦਾ, ਦੂਸਰੇ ਕੁਝ ਹੋਰ। ਉਹ ਕੁਝ ਹੋਰ ਕਹਿੰਦੇ ਉਹ ਕੁਝ ਹੋਰ। ਇਕ ਦਿਨ ਤੰਗ ਆ ਕੇ ਉਨ੍ਹਾਂ ਉਸ ਨੂੰ ਇਕ ਕਾਣੀ ਖੋਤੀ ਦੇ ਕੇ ਇਕ ਕੱਚੇ ਕੋਠੇ ਵਿਚ ਅੱਡ ਕਰ ਦਿਤਾ। ਜਦ ਉਸ ਦੇ ਆਪਣੇ ਸਿਰ ਪਈ ਤਾਂ ਉਹ ਬਾਹਰ ਨਿਕਲਿਆ, ਰੁਜ਼ਗਾਰ ਦੀ ਤਲਾਸ਼ ਵਿਚ। ਚਲਦਾ-ਚਲਦਾ ਦੂਰ ਕਿਸੇ ਵੱਡੇ ਸਾਰੇ ਮਹੱਲ ਵਿਚ ਅੱਪੜ ਗਿਆ। ਨੌਕਰੀ ਲਈ ਪਹੁੰਚ ਕੀਤੀ ਤੇ ਉਸ ਦਾ ਕੰਮ ਬਣ ਗਿਆ। ਉਹ ਦਿਨੇ ਰਾਤ ਮਿਹਨਤ ਕਰਕੇ ਆਪਣੇ ਮਾਲਕ ਦਾ ਕੰਮ ਕਰਦਾ ਨੇਕ ਨੀਤੀ ਨਾਲ ਤੇ ਆਸੇ ਪਾਸੇ ਵਿਚ ਵੀ ਉਹ ਚੰਗਾ ਕਰਕੇ ਜਾਣਿਆ ਜਾਣ ਲੱਗਾ। ਆਪਣੀ ਤਨਖਾਹ ਦੇ ਨਾਲ ਕੁਝ ਨਾ ਕੁਝ ਹੋਰ ਸਿੱਕੇ ਇਕੱਠੇ ਕਰਦਾ ਤੇ ਬਚਾ ਕੇ ਆਟੇ ਦੇ ਪੇੜੇ ਵਿਚ ਆਪਣੀ ਖੋਤੀ ਨੂੰ ਖੁਆ ਦਿੰਦਾ। ਇਸ ਤਰ੍ਹਾਂ ਕਈ ਮਹੀਨੇ ਲੰਘ ਗਏ। ਉਸਨੂੰ ਆਪਣੇ ਪਿਛਲੇ ਅਕ੍ਰਿਤਘਣ ਤੇ ਜ਼ਾਲਮ ਭਰਾਵਾਂ ਦੀ ਯਾਦ ਆਣ ਲੱਗੀ। ਉਹ ਉਚਾਟ ਹੋ ਗਿਆ ਤੇ ਅਖੀਰ ਖੋਤੀ 'ਤੇ ਪਲਾਕੀ ਮਾਰ ਕੇ ਕਿਸੇ ਰਾਤ ਬਰਾਤੇ ਵਾਪਸ ਘਰ ਪਹੁੰਚ ਗਿਆ। ਦਿਨੇ ਉਸ ਦੇ ਆਪਣੇ ਭਰਾ ਇਕੱਠੇ ਹੋ ਗਏ। ਉਹ ਇਕ ਲੋਹੇ ਦੀ ਮੂੰਗਲੀ ਨਾਲ ਖੋਤੀ ਨੂੰ ਕੁੱਟਣ ਲੱਗਾ। ਜਿੰਨੀ ਵੇਰਾਂ ਮਾਰੇ ਖੋਤੀ ਦੀ ਪੂਛ ਵਿਚੋਂ ਸਿੱਕੇ ਕਿਰ-ਕਿਰ ਜਾਣ। ਇਸ ਤਰ੍ਹਾਂ ਉਸ ਦੇ ਭਰਾ ਉਸ ਨਾਲ ਹੋਰ ਈਰਖਾ ਕਰਨ ਲੱਗੇ। ਉਹਨਾਂ ਉਸ ਦੀ ਮੂੰਗਲੀ ਚੋਰੀ ਕਰ ਲਈ ਤੇ ਅਪਣੇ ਡੰਗਰਾਂ ਤੇ

ਅਜ਼ਮਾ ਕੇ ਆਪਣੇ ਪਸ਼ੂ ਅੱਧਵਰਿਤੇ ਬੱਜੀ ਕਰ ਲਏ। ਕਿਸੇ ਦੀ ਕੰਡ ਤੋੜ ਦਿਤੀ, ਕਿਸੇ ਦੇ ਜ਼ਖਮ ਕਰ ਦਿਤੇ, ਪਰ ਉਹਨਾਂ ਨੂੰ ਸਿੱਕੇ ਨਾ ਮਿਲੇ।

ਗੁੱਸੇ ਵਿਚ ਆ ਕੇ ਉਹਨਾਂ ਉਸ ਦੇ ਕੋਠੇ ਨੂੰ ਅੱਗ ਲਗਾ ਦਿੱਤੀ। ਜੀ-ਭਿਆਣੇ ਨੇ ਫਿਰ ਉਹ ਲੱਕੜਾਂ ਦੀ ਸਵਾਹ ਇਕੱਠੀ ਕੀਤੀ ਤੇ ਛੱਟ ਵਿਚ ਪਾ ਕੇ, ਖੋਤੀ ਤੇ ਲੱਦ ਕੇ ਬਾਹਰ ਲੈ ਤੁਰਿਆ। ਥੋੜੀ ਦੂਰ ਜਾਂਦੇ ਇਕ ਬੁੱਢੀ ਮਾਈ ਜੋ ਆਪਣੇ ਦੋਹਤਰੇ ਤੇ ਪੋਤਰੇ ਨੂੰ ਪੈਦਲ ਲਿਜਾ ਰਹੀ ਸੀ, ਮਿਲੀ।

'ਵੇ ਪੁੱਤਰ! ਮੇਰੇ ਬੱਚਿਆਂ ਨੂੰ ਚੜ੍ਹਾ ਲੈ ਚੱਲ! ਰੱਬ ਤੇਰਾ ਭਲਾ ਕਰੇ।'

'ਮਾਈ ਚੜ੍ਹਾ ਤਾਂ ਲਵਾਂ, ਪਰ ਇਸ ਵਿਚ ਮੇਰਾ ਕੀਮਤੀ ਮਾਲ ਹੈਅ।'

'ਕੋਈ ਨਾ ਪੁੱਤ! ਬੱਚਿਆਂ ਤੋਂ ਕੀਮਤੀ ਕੁਝ ਨਹੀਂ ਹੁੰਦਾ, ਮੈਂ ਤੇਰਾ ਨੁਕਸਾਨ ਭਰ ਦੂੰ ਗੀ ...।' ਉਸ ਨੇ ਬੱਚੇ ਚੜ੍ਹਾ ਲਏ।

ਥੋੜੀ ਦੂਰ ਜਾ ਕੇ ਬੱਚਿਆਂ ਨੇ ਪੱਦ ਮਾਰੇ, ... ਇਕ ਨੇ ਟੱਟੀ ਕਰ ਦਿਤੀ...।

'ਹਾਏ ਉਏ ਮੈਂ ਲੁੱਟਿਆ ਗਿਆ, ਮੇਰਾ ਸਭ ਕੁਝ ਸਵਾਹ ਹੋ ਗਿਆ ...।' ਬੱਚਿਆਂ ਨੂੰ ਉਤਾਰ ਕੇ ਉਹ ਹਾਲ ਪਾਹਰਿਆ ਕਰਨ ਲੱਗਾ। ਮਾਈ ਨੇ ਦੇਖਿਆ, ਸਾਰੇ ਸਵਾਹ ਭਰੀ ਪਈ ਸੀ।

'ਵੇ ਚੁੱਪ ਕਰ ਪੁੱਤ ਹੌਂਸਲਾ ਕਰ! ਕੀ ਸੀ ਇਹਦੇ ਵਿਚ ?'

ਉਸ ਨੇ ਸਵਾਹ ਪਾਸੇ ਹਟਾ ਕੇ ਨੁੱਕਰਾਂ ਤੱਕ ਹੱਥ ਮਾਰੇ। ਚਾਰੇ ਨੁੱਕਰਾਂ ਵਿਚ ਉਹ ਖੋਤੀ ਵਾਲੇ ਸਿੱਕੇ ਤੇ ਮੁਹਰਾਂ ਸਾਬਤ ਪੂਰੀਆਂ ਮਿਲ ਗਈਆਂ।

'ਦੇਖ ਲੈ ਮਾਈ ਤੇਰੇ ਨਿਆਣਿਆ ਨੇ ਫੂਸੀ ਮਾਰ ਕੇ ਮੇਰੀ ਸਾਰੀ ਪੂੰਜੀ ਸਵਾਹ ਕਰ ਦਿਤੀ। ਜਿਥੇ ਸੇਕ ਨਹੀਂ ਗਿਆ, ਉਥੇ ਇਹ ਸਿੱਕੇ ਬਚੇ ਰਹਿ ਗਏ।'

'ਚਲ ਪੁੱਤ ਰੋ ਨਾ ... ਮੇਰੇ ਨਾਲ ਚੱਲ, ਮੈਂ ਤੇਰਾ ਘਰ ਪੂਰਾ ਕਰ ਦਿਆਂਗੀ ...।' ਉਹ ਮਾਤਾ ਦੇ ਨਾਲ ਜਾ ਕੇ ਅੱਧੀ ਪਚੱਧੀ ਛੱਟ ਸਿੱਕਿਆਂ ਦੀ ਭਰ ਕੇ ਵਾਪਸ ਪਿੰਡ ਪਰਤ ਆਇਆ ਤੇ ਥੋੜ੍ਹੇ ਹੀ ਦਿਨਾਂ ਵਿਚ ਉਸਨੇ ਇਕ ਵੱਡੀ ਕੋਠੀ ਉਸਾਰ ਲਈ। ਸ਼ਗਨ ਵਜੋਂ ਮਠਿਆਈ ਦੇ ਡੱਬੇ ਭਰਾਵਾਂ ਦੇ ਘਰੀਂ ਪਹੁੰਚਾ ਕੇ ਉਸ ਨੇ ਉਹਨਾਂ ਦਾ ਧੰਨਵਾਦ ਕੀਤਾ।

'ਮਿਹਰਬਾਨੀ ਭਰਾ ਜੀ! ਵੀਰ ਜੀ! ਤੁਹਾਡਾ ਬਹੁਤ ਬਹੁਤ ਸ਼ੁਕਰੀਆ! ਤੁਸੀਂ ਮੇਰਾ ਮਕਾਨ ਸਾੜ ਕੇ ਮੇਰੇ ਤੇ ਬਹੁਤ ਵੱਡਾ ਪ੍ਰਉਪਕਾਰ ਕੀਤਾ ਹੈ...ਨਾਂ ਤੁਸੀ ਮੇਰਾ ਕੋਠਾ ਸਾੜਦੇ, ਨਾਂ ਮੈਂ ਉਸ ਦੀ ਸਵਾਹ ਵੇਚ ਕੇ ਏਨੀ ਵੱਡੀ ਕੋਠੀ ਉਸਾਰ ਸਕਦਾ...।'

ਉਸ ਦੀ ਗੱਲ ਸੁਣ ਕੇ ਭਰਾਵਾਂ ਦੇ ਮੂੰਹ ਅੱਡੇ ਗਏ, ਉਹ ਹੱਕੇ ਬੱਕੇ ਹੋ ਗਏ। ਉਹਨਾਂ ਰਾਤੋਂ ਰਾਤ ਆਪਣੇ ਆਪਣੇ ਮਕਾਨਾਂ ਨੂੰ ਮੁਆਤੇ ਲਾ ਦਿੱਤੇ...ਤੇ ਅਗਲੇ ਦਿਨੀਂ ਸਵਾਹ ਡੰਗਰਾ ਉਤੇ ਲੱਦ ਕੇ ਵੇਚਣ ਲੈ ਤੁਰੇ।

'ਲੈ ਲਉ....ਬਾਈ ਜੀ ਸੁਆਹ....।'

'ਲੈ ਲਉ...ਸੜੇ ਮਕਾਨਾਂ ਦੀ ਵਧੀਆ ਸੁਵਾਹ...।'

ਉਹ ਬੜੀਆਂ ਉਮੀਦਾ ਲੈ ਕੇ ਵੱਖ-ਵੱਖ ਪਿੰਡਾਂ ਸ਼ਹਿਰਾਂ ਵੱਲ ਗਏ ਤੇ ਗਲੀ ਗਲੀ ਹੋਕਾ ਦਿੰਦੇ ਰਹੇ।

'ਲੈ ਲਉ...ਵਧੀਆ ਸੜ੍ਹੇ ਮਕਾਨਾਂ ਦੀ ਖੁਸ਼ਬੂਦਾਰ ਸਵਾਹ।'

'ਪਾਉ ਆਪਣੇ ਜਣਦਿਆਂ ਦੇ ਸਿਰ...' ਲੋਕਾਂ ਵੱਲੋਂ ਗਾਲਾਂ ਦੀ ਬੁਛਾੜ ਤੇ ਕਈਂ ਥਾਈਂ ਛਿੱਤਰ ਪਰੇਡ ਕਰਾ ਕੇ ਉਹ ਅੰਤਾਂ ਦੀ ਉਦਾਸੀ ਵਿੱਚ ਡੁੱਬੇ ਭੁੱਖਣ-ਭਾਣੇ ਵਾਪਸ ਮੁੜ ਆਏ। ਉਹਨਾਂ ਨੂੰ ਫਿਰ ਉਸ ਨਾਲ ਹੋਰ ਨਫ਼ਰਤ ਤੇ ਜਲਨ ਪੈਦਾ ਹੋ ਗਈ। ਹੁਣ ਉਹ ਉਸ ਨੂੰ ਜਾਨੋ ਮਾਰਨ ਦੇ ਮਨਸੂਬੇ ਬਣਾਉਣ ਲੱਗੇ।

'ਸਾਨੂੰ ਬੜੀ ਖੁਸ਼ੀ ਹੈ...; ਸਾਡਾ ਇਕ ਭਰਾ ਬੜਾ ਅਮੀਰ ਹੋ ਗਿਐ...। ਅਸੀਂ ਇਸੇ ਖੁਸ਼ੀ ਵਿਚ ਬੜੀ ਵੱਡੀ ਪਾਰਟੀ ਕਰਾਂਗੇ। ਦਾਰੂ, ਕੁੱਕੜ ਤੇ ਹੋਰ ਸਭ ਖ਼ਰਚ ਅਸੀਂ ਕਰਾਂਗੇ।' ਉਸ ਨੂੰ ਭਰਮਾ ਕੇ, ਦਾਰੂ ਪਿਆ ਕੇ, ਮਦਹੋਸ਼ ਕਰਕੇ, ਬਾਹਰ ਉਜਾੜ ਵਿਚ ਲੈ ਗਏ। ਅਰਧ-ਹੋਸ਼ ਪੰਡ ਦਰਿਆ ਦੇ  ਉਤੇ ਰੇਲ ਦੇ ਪੁਲ ਥੱਲੇ ਲਟਕਾ ਕੇ ਬੰਨ੍ਹ ਆਏ ਕਿ ਜਦ ਗੱਡੀ ਆਏਗੀ, ਰੱਸੇ ਵੱਢੇ ਜਾਣਗੇ ਤੇ ਇਹ ਡਿੱਗ ਕੇ ਡੁੱਬ ਕੇ ਮਰ ਜਾਏਗਾ।

ਉਸਨੂੰ ਵੇਖ ਕੇ ਲਾਗੇ ਡੰਗਰ ਚਾਰ ਰਹੇ ਆਜੜੀ, ਡਾਂਗਰੀ, ਚਰਵਾਹੇ ਉਸਦੇ ਕੋਲ ਆਏ। ਉਸ ਦਾ ਹਾਲ ਚਾਲ ਪੁੱਛਣ ਲੱਗੇ। ਏਨੇ ਚ ਉਸ ਦੀ ਸੁਰਤ ਪਰਤ ਚੁੱਕੀ ਸੀ, ਉਹ ਸਭ ਕੁਝ ਸਮਝ ਗਿਆ ਸੀ।

'ਭਾਈਓ ਇਹ ਮੇਰੇ ਸਕੇ ਭਰਾ ਸਨ। ਮੈਨੂੰ ਕਹਿੰਦੇ ਵਿਆਹ ਕਰਾ। ਮੈਂ ਨਹੀਂ ਮੰਨਦਾ। ਤਾਂ ਹੀ ਇਹ ਇਥੇ ਬੰਨ੍ਹ ਗਏ ਨੇ ਕਿ ਜਿੰਨਾ ਚਿਰ ਤੂੰ ਮੰਨਦਾ ਨਹੀ, ਅਸੀਂ ਤੈਨੂੰ ਇਥੇ ਲਟਕਾਈ ਰੱਖਣਾ।'

'ਲੈ! ਤੇ ਜੇ ਤੂੰ ਵਿਆਹ ਨਹੀਂ, ਕਰਾਉਣਾ ਤਾਂ ਮੈਂ ਕਰਵਾ ਲੈਂਦਾ ਹਾਂ, ਤੂੰ ਬਾਹਰ ਆ ਜਾ।' ਇਕ ਛੜੇ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਉਹਨਾਂ ਉਸ ਦੀਆਂ ਮੁਸ਼ਕਾਂ ਖੋਲ੍ਹ ਕੇ ਛੜੇ ਨੂੰ ਉਥੇ ਬੰਨ੍ਹ ਦਿਤਾ। ਉਹ ਛੜੇ ਦੇ ਡੰਗਰ ਭੇਡਾਂ ਬਕਰੀਆਂ ਲੈ ਕੇ ਆਪਣੇ ਘਰ ਵਾਪਸ ਮੁੜ ਆਇਆ, ਵੇਖ ਕੇ ਭਰਾ ਹੋਰ ਉਦਾਸ ਤੇ ਚਿੰਤਾਤੁਰ ਹੋ ਕੇ ਉਸ ਦੇ ਉਦਾਲੇ ਝੁਰਮਟ ਪਾ ਬੈਠੇ।

‘ਓ ਭਲਿਓ ਲੋਕੋ ਤੁਸਾਂ ਗ਼ਲਤੀ ਕੀਤੀ! ਮੈਨੂੰ ਪੁਲ ਦੇ ਨੇੜੇ ਸੁੱਟ ਦਿਤਾ, ਜਿਥੇ ਪਾਣੀ ਘੱਟ ਡੂੰਘਾ ਸੀ। ਉਥੇ ਤਾਂ ਮੈਨੂੰ ਸਿਰਫ ਇਹ ਭੇਡਾਂ ਬੱਕਰੀਆਂ ਹੀ ਮਿਲੀਆਂ। ਜੇ ਹੋਰ ਡੂੰਘੇ ਥਾਂ ਸੁੱਟਦੇ ਤਾਂ ਮੈਨੂੰ ਮੱਝਾਂ ਗਾਵਾਂ ਘੋੜੇ ਊਠ ਮਿਲ ਜਾਂਦੇ। ਜਦ ਦੂਜੀ ਵੇਰਾਂ ਕਦੇ, ਸੁੱਟਿਆ ਤਾਂ ਹੋਰ ਅਗੇਰੇ ਡੂੰਘੇ ਪਾਣੀ ਵਿਚ ਸੁਟਿਓ।’ ਭਰਾਵਾਂ ਨੇ ਫਿਰ ਸੈਨਤਾਂ ਹੀ ਸੈਨਤਾਂ ਵਿਚ ਇਕ ਦੂਜੇ ਦੇ ਚਿਹਰੇ ਪੜ੍ਹੇ।

‘ਚਲ ਸਾਨੂੰ ਵੀ ਦੱਸ! ਅਸੀਂ ਡੂੰਘੇ ਪਾਣੀ ਵਿਚੋਂ ਚੰਗਾ ਮਾਲ ਲੈ ਕੇ ਆਵਾਂਗੇ, ਅਸੀਂ ਵੀ ਤਾਂ ਤੇਰੇ ਭਰਾ ਹੀ ਹਾਂ। ਸਾਨੂੰ ਵੀ ਸਮਝਾ ਜ਼ਰਾ।’ ਭਰਾਵਾਂ ਨੇ ਉਸ ਨੂੰ ਤਰਲੇ ਕੀਤੇ। ਮੂੰਹ ਮੁੰਨ੍ਹੇਰੇ ਉਹ ਸਾਰੇ ਉਸੇ ਪੁਲ ਤੇ ਪਹੁੰਚ ਗਏ।

‘ਐਥੇ ਸੀ ਐਥੇ! ਤੂੰ ਇਥੇ ਛਾਲ ਮਾਰ।’ ਬਰਸਾਤੀ ਪਾਣੀ ਦੇ ਤੇਜ਼ ਵਹਾਅ ਵੱਲ ਉਂਗਲ ਕਰਦੇ ਉਸ ਨੇ ਆਪਣੇ ਇਕ ਭਾਈ ਨੂੰ ਸਿੱਖਣਾ ਦਿਤੀ। ਉਸ ਨੇ ਕੱਪੜੇ ਉਤਾਰ ਕੇ ਛਾਲ ਮਾਰ ਦਿਤੀ। ਤੇਜ਼ ਵਹਾ ਉਸ ਨੂੰ ਵਹਾਈ ਜਾ ਰਿਹਾ ਸੀ, ਉਹ ਕਦੇ ਉਪਰ ਆ ਕੇ ਹੱਥ ਜਿਹਾ ਮਾਰਦਾ ਰੌਲਾ ਪਾਂਦਾ ਤੇ ਕਦੇ ਗੋਤੇ ਖਾਂਤਾ ਥੱਲੇ ਅਲੋਪ ਹੋ ਜਾਂਦਾ।

‘ਓਏ ਜਲਦੀ ਕਰੋ! ਉਹ ਕਹਿੰਦਾ ਜੇ, ਮੈਥੋਂ ਏਨੇ ਜ਼ਿਆਦਾ ਊਠ ਘੋੜੇ ਨਹੀ ਹਿੱਕੇ ਜਾਣੇ, ਤੁਸੀਂ ਸਾਰੇ ਆ ਜਾਓ ...।’ ਉਸ ਨੇ ਦੂਜਿਆਂ ਨੂੰ ਹੋਰ ਭਰਮਾਇਆ। ਉਹਨਾਂ ਬਾਕੀ ਦੋਵਾਂ ਨੇ ਵੀ ਛਾਲਾਂ ਮਾਰ ਦਿਤੀਆਂ ਤੇ ਸਾਰੇ ਪਾਣੀ ਦੀ ਲਪੇਟ ਵਿਚ ਰੋੜ੍ਹੇ ਪੈ ਗਏ। ਉਹ ਫਿਰ ਹੱਸਦਾ ਗਾਉਂਦਾ, ਵੰਝਲੀ ਵਜਾਉਂਦਾ ਆਪਣੇ ਘਰ ਆ ਗਿਆ।’

‘ਥੈਂਕ ਯੂ ਸਰ। ਬਹੁਤ-ਬਹੁਤ ਧੰਨਵਾਦ ਪਰ ਸਰ! ਮੇਰੇ ਕੇਸ ਵਿਚ ਤਾਂ ਇਹ ਸਭ ਕੁਝ ਇਕ ਪਾਸੜ ਹੈ, ਉਹੀ ਕਰ ਰਹੇ ਨੇ, ਮੈਂ ਤਾਂ ਆਪਣਾ ਬਚਾਅ ਹੀ ਕਰ ਰਿਹਾ ਹਾਂ। ਮੈਂ ਕਿਸੇ ਨੂੰ ਕੁਰਾਹੇ ਨਹੀ ਪਾ ਰਿਹਾ, ਨਾ ਹੀ ਕਿਸੇ ਨੂੰ ਗੁਮਰਾਹ ਕਰ ਰਿਹਾ ਹਾਂ। ਮੈਂ ਉਹਨਾਂ ਨੂੰ ਕਦੇ ਵੀ ਰੋੜ੍ਹਨ ਦੀ ਕੋਸ਼ਿਸ ਨਹੀਂ ਕੀਤੀ।’ ਪੰਨਾ ਜੋਰ ਦੀ ਹੱਸਿਆ।

‘ਰੁੜ੍ਹ ਜਾਣਗੇ...ਆਪੇ ਰੁੜ੍ਹ ਜਾਣਗੇ...ਆਪੇ ਡੁੱਬ ਜਾਣਗੇ..।’ ਕਾਲੀਆ ਵੀ ਖਿੜਖਿੜਾ ਕੇ ਹੱਸਿਆ। ਦੋਵਾਂ ਦੇ ਸਾਂਝੇ ਹਾਸੇ ਦਾ ਛਣਕਾਟਾ ਸੁਣ ਕੇ ਸੜ੍ਹਿਆ ਬਲ੍ਹਿਆ ਟਨੀ ਨਾਥ ਅੰਦਰ ਦਾਖਲ ਹੋਇਆ। ਔੜ ਮਾਰੇ ਝੋਨੇ ਦੇ ਪਾਟੇ ਖੇਤ ਵਾਂਗ ਉਸ ਦੀ ਸ਼ਕਲ ਤਿੜਕੀ ਪਈ ਸੀ।

‘ਪਤਾ ਨਹੀ ਕਿੰਨੀ ਦੇਰ ਬਾਹਰ ਖੜਾ ਸਭ ਕੁਝ ਸੁਣ ਰਿਹਾ ਹੋਵੇ’। ਕਾਲੀਆ ਸਾਹਬ ਕੁਝ ਝੇਂਪ ਗਏ।

‘ਨਮਸਤੇ ਜਨਾਬ।’ ਉਸ ਨੇ ਆਉਂਦੇ ਹੀ ਕਾਲੀਆ ਸਾਹਿਬ ਤੇ ਪੰਨੇ ਨਾਲ ਹੱਥ ਮਿਲਾਇਆ।

'ਨਮਸਤੇ ਸਵਾਮੀ ਜੀ। ਆਓ! ਤੁਹਾਡੀ ਬੜੀ ਵੱਡੀ ਉਮਰ ਹੈ, ਪੰਨਾ ਜੀ ਵੀ ਹੁਣੇ ਤੁਹਾਡੀ ਹੀ ਤਾਰੀਫ਼ ਕਰ ਰਹੇ ਸਨ ...।'

'ਹੀ ... ਹੀ... ਅਸੀਂ ਤਾਰੀਫ਼ ਦੇ ਕਾਬਿਲ ਕਿੱਥੇ ਜਨਾਬ। ਪੰਨਾ ਸਿੰਘ ਦੇ ਸਾਹਮਣੇ ਤਾਂ ਅਸੀ ਪਾਸਕੂ ਵੀ ਨਹੀ ...। ਇਹ ਤਾਂ ਬੜਾ ਬਹਾਦਰ ਤੇ ਹਰ ਦਿਲ ਅਜੀਜ਼ ਹੈ। ਹੀ... ਹੀ... ਮੈਨੂੰ ਵੀ ਹੁਣੇ ਇਸ ਦੀਆਂ ਅੰਦਰਲੀਆਂ ਖੂਬੀਆਂ ਦਾ ਪਤਾ ਲੱਗਾ ਹੈ...।'

'ਚਲੋ ਸ਼ੁਕਰ ਹੈ, ਦੇਰ ਆਏ ਦਰੁਸਤ ਆਏ...। ਪਤਾ ਤਾਂ ਲੱਗ ਗਿਆ।

ਅੱਜ ਦਫ਼ਤਰ ਮੇਂ ਸਭ ਕੀ ਸਾਂਝੀ ਮੀਟਿੰਗ ਹੋਗੀ। ਬਾਰਾਂ ਬਜੇ ਕੇ ਲਿਏ ਸਭ ਕੋ ਬੋਲ ਦੋ ...।'

'ਚੌਕੀਦਾਰ ...! ਕਿਚਨ 'ਚੋਂ ਭਾਂਡੇ ਖੜਕਣ ਦੀ ਆਵਾਜ਼ ਸੁਣ ਕੇ ਕਾਲੀਆ ਸਾਹਬ ਨੇ ਆਵਾਜ਼ ਮਾਰੀ।

'ਹਾਂ ਜੀ ਸ਼ਾਹਬ।' ਟੋਪੀ ਵਾਲਾ ਭਈਆ ਤੌਲੀਏ ਨਾਲ ਹੱਥ ਪੂੰਝਦਾ ਦੌੜਦਾ ਆਇਆ।

'ਅਰੇ ਭਈਆ ਕਿੰਨੀ ਦੇਰ ਹੋ ਗੀ, ਹਮਾਰੇ ਮਹਿਮਾਨ ਆਏ ਬੈਠੇ ਹੈਂ, ਤੇ ਤੂੰ! ਨਾ ਚਾਹ ਨਾ ਪਾਣੀ! ਕਿਆ ਬਾਤ ਹੈ ਦੋਸਤ, ਕਹੀਂ ਨਰਾਜ਼ ਤੋ ਨਹੀ ਹੋ ਗੇ ਹਮ ਸੇ?'

'ਨਹੀਂ ਸ਼ਾਹਬ! ... ਮੈਂ ਨਾਸ਼ਤਾ ਤਿਆਰ ਕਰ ਰਹਾ ਥਾ।'

'ਤੋ ਲਾਓ! ਜਲਦੀ... ਤੀਨ ਜਗ੍ਹਾ।'

'ਨਹੀਂ ਸਰ ... ਮੈਂ ਤੋ ਖਾ ਕੇ ਆਇਆ ਹਾਂ।' ਦੋਵਾਂ ਦੀਆਂ ਇਕੱਠੀਆਂ ਆਵਾਜ਼ਾਂ ਆਈਆਂ।

ਪੰਨੇ ਨੂੰ ਕੁਝ ਅਚੰਭਾ ਜਿਹਾ ਹੋਇਆ। ਅੱਜ ਟਨੀ ਨਾਥ ਪ੍ਰਾਉਂਠੇ ਲੈ ਕੇ ਕਿਉਂ ਨਹੀਂ ਆਇਆ। ਪਰ ਹੋ ਸਕਦੈ ਸੁੱਕਾ ਮਸਾਲਾ ਦੇ ਦਿਤਾ ਹੋਵੇ। ਉਹ ਮਨ ਵਿਚ ਹੀ ਜ਼ਜ਼ਬ ਕਰ ਗਿਆ।

ਤਿੰਨਾਂ ਨੇ ਇੱਕਠਾ ਨਾਸ਼ਤਾ ਕੀਤਾ। ਕਾਲੀਆ ਅੰਦਰੋਂ, ਧੁਰ ਅੰਦਰੋਂ ਕਲਵਲ ਹੋ ਰਿਹਾ ਸੀ, ਅੱਜ ਉਸਨੇ ਉਤਰੀ ਤੇ ਦੱਖਣੀ ਧਰੁਵ ਦੋਵੇਂ ਇੱਕਠੇ ਕਰ ਦਿਤੇ ਸਨ। ਅੱਗੇ ਰੱਬ ਖ਼ੈਰ ਕਰੇ, ਉਹ ਖ਼ੁਸ਼ ਸੀ।

'ਅੱਛਾ ਧੰਨਵਾਦ! ਏਦਾਂ ਹੀ ਖੁਸ਼ੀ-ਖੁਸ਼ੀ ਰਹੋ। ਨਫ਼ਰਤ ਤੇ ਕੁੱੜਤਣ ਨੂੰ ਤਿਲਾਂਜਲੀ ਦਿਉ। ਜ਼ਿੰਦਗੀ ਬਹੁਤ ਛੋਟੀ ਹੈ! ਚਲੋ! ਦਫ਼ਤਰ ਚਲੋ। ਮੈਂ ਜ਼ਰਾ ਠਹਿਰ ਕੇ ਆਵਾਂਗਾ।' ਉਹਨਾਂ ਘੜੀ ਵੇਖੀ, ਅਜੇ ਅੱਠ ਹੀ ਤਾਂ ਵੱਜੇ ਸਨ।

'ਅੱਛਾ ਸਰ! ਧੰਨਵਾਦ।' ਦੋਵੇਂ ਹੱਥ ਜੋੜਦੇ ਬਾਹਰ ਨਿਕਲ ਆਏ ਤੇ ਆਪਣੇ-ਆਪਣੇ ਰਸਤੇ ਪੈ ਗਏ। ਥੋੜ੍ਹੀ ਦੂਰ ਅਗਲੇ ਮੋੜ ਤੇ ਪੰਨੇ ਨੂੰ ਰੀਟਾ ਦਾ ਝਉਲਾ ਪਿਆ।

'ਹੈਂ! ਇਹ ਇਸ ਵੇਲੇ ਕਿਧਰ? ਏਨੀ ਗੈੱਟ ਅਪ! ਏਨਾ ਟੌਹਰ! ਮੱਥੇ ਤੇ ਬਿੰਦੀ ਲਗਾਈ ਹੋਈ, ਸਿਰ ਤੇ ਪੱਫ਼ ਸਜਾਇਆ ਹੋਇਆ, ਬਾਹੀਂ ਗਜਰੇ ਪਾਏ ਹੋਏ, ਹਿੱਕ ਤੇ ਲਾਕਿਟ ਸਜਾਏ ਹੋਏ... ਏਨੀ ਨਿੱਖਰੀ ਜੋਬਨਵੰਤੀ ਤੇ ਸ਼ੈਲ ਸ਼ਬੀਲੀ ਨਾਰ!' ਪੰਨੇ ਨੂੰ ਆਪਣੇ ਆਪ ਤੇ ਬੇਪ੍ਰਤੀਤੀ ਜਿਹੀ ਹੋਈ।

ਉਸ ਦਾ ਝਉਲਾ ਸੱਚਾ ਹੋ ਉੱਤਰਿਆ। ਰੀਟਾ ਨੇ ਝੱਕਦੇ-ਝੱਕਦੇ ਸਾਈਕਲ ਉਸ ਦੇ ਅੱਗੇ ਲਿਆ ਖੜ੍ਹਾ ਕੀਤਾ। ਪੰਨਾ ਆਚੰਭਿਤ ਹੋਇਆ, ਰੀਟਾ ਘਬਰਾਈ ਹੋਈ ਲਗਦੀ ਸੀ।

'ਕਿਦਾਂ, ਐਸ ਵੇਲੇ ਕਿਧਰ?'

'ਸਾਹਬ ਨੇ ਬੁਲਾਇਆ ਅੱਠ ਵਜੇ...।' ਉਹ ਮਸੋਸ੍ਹੀ ਜਾਪਦੀ ਸੀ।

'ਜਾਓ ... ਕੋਈ ਨਾ ... ਪਰ ਵੇਖੀਂ! ਕਾਇਮ ਰਹੀਂ।' ਸੁੱਤੇ ਸਿੱਧ ਪੰਨੇ ਦੇ ਮੂੰਹੋਂ ਇਹ ਸ਼ਬਦ ਬੋਲ ਹੋ ਗਏ। ਕਿੰਨੀ ਦੇਰ ਪੰਨੇ ਦਾ ਮਨ ਇਸ ਨਵੀਂ ਉਲਝਣ ਵਿਚ ਉਲਝਦਾ ਰਿਹਾ। ਰੀਟਾ ਦੇ ਮਨ ਵਿਚ ਵੀ ਸ਼ਾਇਦ ਚੰਗੇ-ਚੰਗੇ, ਸੁੰਦਰ-ਸੁੰਦਰ ਲੱਗਣ ਦੀ ਜਗਿਆਸਾ ਪ੍ਰਬਲ ਹੋ ਗਈ ਸੀ।

ਆਦਤ ਅਨੁਸਾਰ ਪਹਿਲਾਂ ਉਸ ਦਾ ਜੀਅ ਕੀਤਾ ਕਿ ਉਹ ਰੀਟਾ ਦਾ ਖੁਰਾ ਨੱਪੇ ਤੇ ਕਾਲੀਆ ਦਾ ਭਾਂਡਾ ਫੋੜੇ, ਤੇ ਰੰਗ ਵਿਚ ਭੰਗ ਪਾਵੇ, ਪਰ ਚਲੋ! ਆਪਾਂ ਕੀ ਲੈਣਾ, ਐਵੇਂ ਖਾਹਮਖਾਹ ਟੰਗ ਅੜਾ ਕੇ ..., ਇਹ ਤਾਂ ਮਨਮਰਜ਼ੀ ਦਾ ਮੇਲਾ ਹੈ'। ਉਸ ਨੇ ਵੇਖਿਆ ਸੁਣਿਆ ਸਭ ਕੁਝ ਵਿਸਾਰ ਦਿਤਾ। ਉਸ ਨੂੰ ਭੈਮਸਾ ਸੀ ਪਈ ਉਹ ਕੁੜੀ ਲੋਹੇ ਦਾ ਥਣ ਹੈ, ਸੌਖੇ ਕਾਬੂ ਆਉਣ ਵਾਲੀ ਨਹੀਂ।

'ਕਾਲੀਏ ਦੀ ਨਿਹੰਗਤਾ 'ਤੇ ਪਾਕੀਜ਼ਗੀ ਵੀ ਹੁਣੇ ਜੱਗ ਜ਼ਾਹਰ ਹੋ ਜੂ, ਇਕ ਅੱਧ ਘੰਟੇ ਵਿਚ।' ਉਹ ਵੱਖੀਆਂ ਵਿਚ ਹੱਸਿਆ।

ਕਾਲਜ ਚੌਕ 'ਚ ਪਹੁੰਚ ਕੇ, ਜਿਵੇਂ ਸਰਪਟ ਦੌੜਦੇ ਘੋੜੇ ਦੇ ਅੱਗੇ ਫਨੀਅਰ ਆ ਗਿਆ ਹੋਵੇ, ਸਕੂਟਰ ਇਕਦਮ ਢਿੱਲਾ ਹੋ ਗਿਆ। ਕਰਫ਼ਿਊ ਤਾਂ ਨਹੀਂ ਸੀ ਪਰ ਫਿਰ ਵੀ ਆਵਾਜਾਈ ਵਿਰਲੀ ਟਾਵੀਂ ਹੀ ਸੀ। ਚੌਕ ਵਿਚ ਸਿਵਲ ਲੋਕਾਂ ਤੋਂ ਜ਼ਿਆਦਾ ਪੁਲਿਸ ਦੀ ਭੀੜ ਬੜੀਆਂ ਚੌਕਸੀ ਨਜ਼ਰਾਂ ਨਾਲ ਆਉਂਦੇ ਜਾਂਦੇ ਵਾਹਨ ਵੱਲ ਘੋਖ ਕਰ ਰਹੀ ਸੀ। ਚੌਕ ਤੋਂ ਦਫ਼ਤਰ ਤੱਕ ਦਾ ਇਕ ਮੀਲ ਦਾ ਸਫ਼ਰ, ਸਾਰੀ ਸੜਕ ਲਾਲ ਪਗੜੀਆਂ ਤੇ ਖਾਖੀ ਵਰਦੀਆਂ ਨਾਲ ਰਲ ਗੱਡ ਹੋਈ ਪਈ ਸੀ। ਦਫ਼ਤਰ ਵੱਲ ਦੀ ਸਾਰੀ ਟ੍ਰੈਫਿਕ ਫੋਕਲ ਪੁਆਇੰਟ ਦੇ ਰਸਤੇ ਮੋੜੀ ਗਈ ਸੀ।

'ਕੀ ਹੋਇਐ ਸਰਕਾਰ ਜੀ!' ਹੌਸਲਾ ਇੱਕਠਾ ਕਰ ਕੇ ਉਸ ਨੇ ਇਕ ਤਾਰੇ ਵਾਲੇ ਵਰਦੀ-ਧਾਰੀ ਨੂੰ ਪੁੱਛਿਆ।

ਉਸ ਨੇ ਅੱਖਾਂ ਚੌੜੀਆਂ ਕਰਕੇ ਹੈਰਾਨੀ ਜਿਹੀ ਮੱਥੇ 'ਤੇ ਲਿਆਂਦੇ, ਪੰਨੇ ਨੂੰ ਪੜ੍ਹਿਆ...।

'ਕੀ ਕਰੇਂਗਾ ਪੁੱਛ ਕੇ! ਡਾਕਾ ਪਿਐ..., ਕਤਲ ਹੋਏ ਨੇ ਲੁੱਟਮਾਰ ਹੋਈ ਹੈ।' ਉਸ ਦਾ ਖਰ੍ਹਵਾ ਜਿਹਾ ਉੱਤਰ ਸੁਣਕੇ ਹੋਰ ਅੱਗੇ ਪੁੱਛਣ ਦਾ ਉਸ ਵਿਚ ਹੌਸਲਾ ਨਾ ਰਿਹਾ। ਥੋੜ੍ਹਾ ਅੱਗੇ ਹੋਰ ਤੁਰਿਆ ਡਰਦਾ ਡਰਦਾ, ਸਿਪਾਹੀ ਨੇ ਦੂਜੀ ਸੜਕ ਵੱਲ ਹੱਥ ਦਾ ਇਸ਼ਾਰਾ ਕਰ ਦਿਤਾ।

'ਸਰਕਾਰ ਜੀ! ਮੈਂ ਤਾਂ ਸਰਕਾਰੀ ਆਦਮੀ ਤਾਂ ... ਇਧਰ ਮੇਰਾ ਦਫ਼ਤਰ ਹੈ ... ਮੈਂ ਇਧਰ ਹੀ ਜਾਣਾ ਹੈ ... ਉਧਰ ਨਹੀ।' ਉਸ ਨੇ ਜੇਬ 'ਚੋਂ ਆਪਣਾ ਪਛਾਣ ਪੱਤਰ ਕੱਢ ਕੇ ਦਿਖਾਇਆ।

'ਬਚ ਕੇ ਜਾਇਓ ... ਬਤਨ ਸਿੰਘ ਨੂੰ ਗੱਡੀ ਚੜ੍ਹਾਗੇ ...।' ਸਿਪਾਹੀ ਨੇ ਸਲੂਟ ਮਾਰਦੇ ਜਾਣਕਾਰੀ ਦਿਤੀ।

'ਹੁਣ ਤਾਂ ਮੈਂ ਜ਼ਰੂਰ ਜਾਵਾਂਗਾ! ... ਮੈਂ ਜ਼ਰੂਰ ਵੇਖਾਂਗਾ ... ਲੋਕਾਂ ਨੂੰ ਮਾਰਨ ਵਾਲਾ ਆਪ ਕਿਦਾਂ ਮਰ ਸਕਦਾ ਹੈ ...।'

ਉਸ ਨੇ ਸਕੂਟਰ ਤੇਜ਼ ਕੀਤਾ। ਖੋਜੀ ਕੁੱਤੇ ਰਸਤੇ ਵਿਚ ਥਾਂ-ਥਾਂ ਹਰਲ-ਹਰਲ ਕਰਦੇ ਹਰ ਆਉਂਦੇ ਜਾਂਦੇ ਨੂੰ ਵੇਖ ਕੇ ਲੰਮੀ ਜ਼ਬਾਨ ਕੱਢਦੇ। ਉਹ ਇਕਦਮ ਦਹਿਲ ਗਿਆ ... ਐਵੇਂ ਇਹ ਵਾਧੂ ਕਲੇਸ਼ ਸਹੇੜ ਬੈਠਾ, ਇਹਨਾਂ ਦਾ ਕੀ ਲੈਣਾ, ਐਵੇਂ ਪਿਛੇ ਦੌੜ ਕੇ ਭੌਂਕਣ ਲੱਗ ਜਾਣ, ਲੱਤ ਫੜ ਬੈਠਣ।' ਇੱਕ ਕੁੱਤਾ ਦੌੜਦਾ ਆਇਆ ਤੇ ਉਸ ਪਿਛੇ ਸੰਗਲੀ ਨਾਲ ਬੱਧਾ ਇਕ ਸਿਪਾਹੀ ਵੇਖ ਕੇ ਉਸ ਨੇ ਬਰੇਕ ਲਗਾ ਦਿਤੀ। ਕੁੱਤੇ ਨੇ ਸਕੂਟਰ ਦੇ ਚਾਰ ਚੁਫੇਰੇ ਘੁਮੇਰੀ ਕੱਢੀ, ਪੰਨੇ ਨੂੰ ਸੁੰਘਿਆ, ਇਕ ਮਿੰਟ ਕੁਝ ਸੋਚਿਆ ਤੇ ਫਿਰ ਸਿਰ ਫੇਰਦਾ ਪਰੇ ਚਲਾ ਗਿਆ।

ਅੱਗੇ ਹੱਸਪਤਾਲ ਦੇ ਸਾਹਮਣੇ ਭੀੜ ਭੱੜਕੇ ਵਾਲਾ ਇਲਾਕਾ ਅੱਜ ਖ਼ਾਲੀ ਤੇ ਬੇਰੌਣਕਾ ਸੀ। ਸਾਹਮਣੇ ਵਾਲੀ ਗਲੀ ਮੁੜਦੇ ਵੇਖ ਕੇ ਉਸ ਨੂੰ ਜਿਵੇਂ ਡਰ ਸੀ, ਕਿਸੇ ਨੇ ਨਹੀਂ ਰੋਕਿਆ। ਬੁੱਚੜਖਾਨੇ ਦੇ ਮਾਲਕ ਬਤਨ ਸਿੰਘ ਦੀ ਰਿਹਾਇਸ਼ ਗਾਹ ਬੜਾ ਹਿਰਦੇ ਵੇਦਨ ਦ੍ਰਿਸ਼! ਪੇਸ਼ ਕਰ ਰਹੀ ਸੀ। ਉਸ ਦਾ ਲੜਕਾ, ਇਕ ਲੜਕੀ, ਘਰਵਾਲੀ ਤੇ ਨਾਲ ਹੀ ਖੁਲ੍ਹੇ ਹੱਥੀਂ ਬਤਨ ਸਿੰਘ ਦੀ ਲਾਸ਼! ਖ਼ੂਨ ਨਾਲ ਲੱਥ-ਪੱਥ ਵਿਹੜੇ ਦੇ ਫਰਸ਼ ਤੇ ਪਈ ਸੀ...। ਮੂੰਹ ਉਸ ਦਾ ਪੂਰਾ ਖੁੱਲ੍ਹਾ ਹੋਇਆ, ਦੰਦ ਬਾਹਰ ਝਾਕਦੇ, ਅੱਖਾਂ ਜਿਵੇਂ ਸ਼ਰਾਬ ਦੀ ਮਦਹੋਸ਼ ਖੁਮਾਰੀ, ਦੋਵੇਂ ਹੱਥ ਉਪਰ ਨੂੰ ਖੁੱਲੇ ਸਪਾਟ, ਧੜ ਦੇ ਦੋਵੇਂ ਪਾਸੇ, ਜਿਵੇਂ ਦਿਖਾ

ਰਿਹਾ ਹੋਵੇ ਖਾਲੀ ਹੱਥ ...। ਔਹ, ਉਸ ਦਾ ਇਕ ਹੱਥ, ਇਸ ਵਿਚ ਕਦੇ-ਕਦੇ ਹਥਿਆਰ ਫੜਦਾ ਸੀ, ਨਿਹਾਰਦਾ ਸੀ, ਆਪਣੇ ਸ਼ਿਕਾਰ ਨੂੰ ਵਿਖਾ ਕੇ ਤਰਸਾਂਦਾ ਸੀ, ਤੜਫਾਂਦਾ ਸੀ, ਤੇ ਦੂਜੇ ਹੱਥ ਨਾਲ ਰੀਵਾਲਵਰ, ਬੈਂਤ, ਜਾਂ ਕੋਈ ਡਾਂਗ ਸੋਟੇ ਦਾ ਵਾਰ ਕਰਦਾ ਸੀ, ਤੇ ਕਦੇ-ਕਦੇ ਵਿਸਕੀ ਦੇ ਕੱਪ ਗਿਲਾਸ... ਅੱਜ ਕੁਝ ਵੀ ਨਹੀਂ ਸੀ ... ਨਾ ਹੀ ਉਸਨੂੰ ਇਹਨਾਂ ਦੀ ਕੋਈ ਤਲਬ ਸੀ, ਨਾ ਹੀ ਤੜਫਣਾ, ਨਾਂ ਹੀ ਤਾਂਘ। ਅਸਮਾਨ ਨੂੰ ਸਿਰ ਲਗਾਉਂਦੀ ਉਸ ਦੀ ਪੰਜ ਤਾਰਾ ਹੋਟਲ ਜਾਪਦੀ ਕੋਠੀ ਅਸਮਾਨ ਵੱਲ ਹੀ ਦੇਖ ਰਹੀ ਸੀ, ਜਿਵੇਂ ਏਨਾ ਕੁਝ ਹੋ ਕੇ ਵੀ ਕੁਝ ਨਾ ਘਟਿਆ ਹੋਵੇ। ਘਰ ਦਾ ਕੋਈ ਵੀ ਜੀਅ ਨਹੀਂ ਬਚਿਆ ਜੋ ਇਹਨਾਂ ਨੂੰ ਚੁੱਕ ਕੇ ਕਿਤੇ ਲਿਜਾ ਸਕੇ। ਸੰਤਰੀ ਤੇ ਪਹਿਰੇਦਾਰ ਸਿਪਾਹੀ ਮੂੰਹ ਤੇ ਰੁਮਾਲ ਰੱਖ ਕੇ ਪਹਿਰਾ ਦੇ ਰਹੇ ਸਨ।

'ਬਹੁਤ ਮਾੜਾ ਹੋਇਐ ... ਇਹ ਵਿਚਾਰਾ ...!' ਪੰਨੇ ਦੇ ਮੂੰਹੋਂ ਹਮਦਰਦੀ ਦੇ ਬੋਲ ਨਿਕਲੇ।

'ਚੰਗਾ ਹੋਇਆ ਸਰਦਾਰਾ ...! ਪਤਾ ਨਹੀਂ ਇਹਨੇ ਹੋਰ ਕਿੰਨੇ ਕੁ ਘਰ ਉਜਾੜਨੇ ਸੀ।' ਸਿਪਾਹੀ ਨੇ ਪੰਨੇ ਵੱਲ ਘੂਰੀ ਜਿਹੀ ਵੱਟੀ। ਉਹਨੇ ਉਸ ਨਾਲ ਹੋਰ ਬਹਿਸਣ ਜਾਂ ਖਹਿਬੜਣ ਦੀ ਲੋੜ ਨਾ ਸਮਝੀ ਤੇ ਇਕ ਡੂੰਘਾ ਹਉਕਾ ਚਾਰ ਮਨੁੱਖੀ ਜਾਨਾਂ ਦੇ ਅਜਾਈਂ ਜਾਣ ਕਰਕੇ ਉਸ ਦੇ ਹਲਕ ਚੋਂ ਥੱਲੇ ਲਹਿ ਗਿਆ। ਚਾਰ ਹੰਝੂ ਨਿਕਲੇ ਤੇ ਗੱਲ੍ਹਾਂ ਤੱਕ ਲਟਕ ਗਏ।

ਪੰਨੇ ਦਾ ਦਫ਼ਤਰ ਬਤਨ ਸਿੰਘ ਦੇ ਘਰ ਦੇ ਨੇੜੇ ਹੋਣ ਕਰਕੇ ਸਾਰਾ ਹੀ ਇਲਾਕਾ ਸਵੇਰ ਦੇ ਪਟਾਕਿਆਂ ਕਰਕੇ ਦਹਿਸ਼ਤ ਵਿੱਚ ਡੁੱਬਾ ਪਿਆ ਸੀ। ਹਰ ਗਲੀ ਦੇ ਮੋੜ ਤੇ ਹਰ ਬੰਦੇ ਦੇ ਚਿਹਰੇ 'ਤੇ ਸਹਿਮ ਲਟਕ ਰਿਹਾ ਸੀ।

'ਢੇਰਾਂ ਦੇ ਢੇਰ ਅਸਲੇ, ਕਾਰਬਾਈਨਾ ਤੇ ਸਟੇਨਾਂ ਦਾ ਮਾਲਕ ਏਨੇ ਹਿਫ਼ਾਜ਼ਤੀ ਅਮਲੇ ਵਾਲਾ ਅਫ਼ਸਰ, ਆਪਣਾ ਆਪ ਨਹੀ ਬਚਾ ਸਕਿਆ ਤੇ ਜਨ ਸਾਧਾਰਨ ਵਿਅਕਤੀ ਦਾ ਕੌਣ ਰਾਖਾ ...?' ਤਰ੍ਹਾਂ-ਤਰ੍ਹਾਂ ਦੇ ਸੋਗ ਭਿੱਜੇ ਸਵਾਲ ਲੋਕਾਂ ਦੀਆਂ ਜ਼ਬਾਨਾਂ 'ਤੇ ਸਨ।

ਪਿਛਲੇ ਕਈ ਦਿਨਾਂ ਦੀ ਹੁੰਮਸ ਤੇ ਘੋੜ ਦੌੜ ਤੋਂ ਬਾਅਦ ਅੱਜ ਦਾ ਦਿਨ ਸਭਨਾਂ ਲਈ ਬੜਾ ਮਹੱਤਤਾ ਪੂਰਨ ਤੇ ਨਿਰਨੈਦਾਇਕ ਸੀ। ਵਾਪਸ ਜਾਣ ਲੱਗੇ ਕਾਲੀਆ ਸਾਹਬ ਨੇ ਆਪਣੀ ਫੇਰੀ ਦੇ ਦ੍ਰਿਸ਼ਟੀਗੋਚਰ ਆਪਣੀ ਕਾਰਜ ਯੋਜਨਾ ਦੀ ਘੋਸ਼ਣਾ ਕਰਨੀ ਸੀ। ਇਸ ਦਫ਼ਤਰ ਦੇ ਘੁਟਾਲੇ ਬਾਰੇ ਆਪਣੀ ਟਿੱਪਣੀ ਦੱਸਣੀ ਸੀ। ਕਿਸੇ ਨੂੰ ਚਾਰਜਸ਼ੀਟ ਮਿਲਣੀ ਸੀ, ਕਿਸੇ ਦੀ ਹੋਰ ਪੁੱਛ ਪੜਤਾਲ ਲਈ ਹੁਕਮ ਹੋਣੇ ਸਨ, ਕਈਆਂ ਨੂੰ ਗਵਾਹਾਂ ਦੇ ਰੂਪ ਵਿਚ ਨਿਰਧਾਰਤ ਕਰਨਾ ਸੀ ... ਕਈਆਂ ਨੂੰ ਗੱਫੇ ਮਿਲਣੇ ਸਨ, ਕਈਆਂ ਦੇ ਖੁੱਸਣੇ ਸਨ। ਕਈਆਂ ਦੀ ਬਦਲੀ ਹੋਣੀ ਸੀ, ਕਿਸੇ ਦੀ ਤਰੱਕੀ ਹੋਣੀ ਸੀ।

ਵਿਤ ਮੰਤਰੀ ਜਿਵੇਂ ਬੱਜਟ ਪੇਸ਼ ਕਰਨ ਸਮੇ ਸਾਰੀਆਂ ਫਾਈਲਾਂ ਲੈ ਕੇ ਸੰਸਦ ਭਵਨ ਆਉਂਦਾ ਹੈ। ਇਸੇ ਤਰ੍ਹਾਂ ਕੱਸਿਆ ਤਣਿਆ, ਭਰਿਆ ਭਰਾਇਆ ਕਾਲੀਆ ਦੋ ਤਿੰਨ ਅਟੈਚੀ ਕੇਸ ਸਮੇਤ ਦਫ਼ਤਰ ਦਾਖਲ ਹੋਇਆ। ਉਸ ਦੇ ਨਾਲ ਜਿਲੇ ਸਿੰਘ ਤੇ ਨਵਾਂ ਇੰਜੀਨੀਅਰ, ਮੋਢੇ ਨਾਲ ਮੋਢਾ ਜੋੜ ਕੇ ਦਫ਼ਤਰ ਦੇ ਹਾਲ ਵਿਚ ਤੇ ਫਿਰ ਰਾਮ ਲਾਲ ਦੇ ਕਮਰੇ ਵਿਚ ਜਾ ਬੈਠੇ। ਸਾਰਿਆਂ ਨੇ ਉੱਠ ਕੇ ਕਾਲੀਆ ਸਾਹਬ ਨੂੰ ਤਾਂ ਆਦਰ ਸਤਿਕਾਰ ਕੀਤਾ, ਕਰਨਾ ਹੀ ਸੀ, ਪਰ ਉਹਨਾਂ ਦੇ ਨਾਲ ਜਿਵੇਂ ਨਵੇਂ ਬਣੇ ਚਮਚਿਆਂ ਨੂੰ ਵੀ ਉਹੀ ਸਤਿਕਾਰ ਮਿਲਿਆ, ਉਸ ਨਾਲ ਸਟਾਫ ਦੇ ਕਈ ਮੈਂਬਰਾਂ ਵਿਚ ਚੁੰਝ-ਚਰਚਾ ਹੋਈ। ਉਹਨਾਂ ਦੀ ਲੋੜ ਤੋਂ ਵੱਧ ਦਖਲ ਅੰਦਾਜ਼ੀ ਅਤੇ ਉਹਨਾ ਪ੍ਰਤੀ ਕਾਲੀਆ ਸਾਹਬ ਦੀ ਲੋੜ ਤੋਂ ਵੱਧ ਨੇੜਤਾ ਤੇ ਮੱਹਤਤਾ, ਦਫਤਰ ਵਿਚ ਚਿੰਤਾ ਦੀ ਸੂਲ ਬਣ ਕੇ ਚੁੱਭ ਗਈ। ਜਿਵੇਂ ਉਹ ਉਸ ਦੇ ਵੱਡੇ ਸਲਾਹਕਾਰ ਹੋਣ, ਫਾਈਲਾਂ ਕੱਢ ਕੇ ਕਦੇ ਉਸ ਦੇ ਅੱਗੇ ਰੱਖਦੇ, ਕੰਨਾਂ ’ਚ ਕਾਨਾਫੂਸੀ ਕਰਦੇ, ਕਾਲੀਆ ਸਾਹਬ ਦਸਖਤ ਕਰੀ ਜਾਂਦੇ ਤੇ ਉਹ ਮਿਸਲਾਂ ਸਮੇਟੀ ਜਾਂਦੇ। ਚਪੜਾਸੀ ਪਾਣੀ ਦੀਆਂ ਤਿੰਨ ਬੋਤਲਾਂ ਤੇ ਤਿੰਨ ਗਲਾਸ ਲਿਆ ਕੇ ਮੇਜ਼ ਤੇ ਰੱਖ ਗਿਆ।

ਟਨੀ ਨਾਥ ਦਾ ਚਿਹਰਾ ਭੂਤਰੀ ਮੱਝ ਵਾਂਗੂ ਤਣਿਆ ਪਿਆ ਸੀ। ਏਦਾਂ ਲਗਦਾ ਸੀ, ਜਿਵੇਂ ਉਹ ਵੀ ਅੱਜ ਪੂਰੀ ਤਿਆਰੀ ਕਰਕੇ ਆਇਆ ਹੋਵੇ। ਦੂਲੋ ਰਾਮ ਤੇ ਪਿਆਲੀ ਰਾਮ ਨੂੰ ਉਸ ਨੇ ਸੈਨਤ ਨਾਲ ਆਪਣੀ ਸੀਟ ’ਤੇ ਬੁਲਾਇਆ ਤੇ ਹੌਲੀ ਜਿਹੀ ਕੁਝ ਉਹਨਾਂ ਨੂੰ ਹਦਾਇਤ ਕੀਤੀ ਜਾਂ ਸਲਾਹ ਪੁੱਛੀ। ਬੈਗ ਵਿਚੋਂ ਕੱਢ ਕੇ ਛੋਟੀ ਜਿਹੀ ਟੇਪ ਰੀਕਾਰਡ ਮੇਜ਼ ’ਤੇ ਰੱਖ ਦਿਤੀ।

‘ਜੇ ਫੈਸਲਾ ਮੇਰੇ ਉਲਟ ਹੋਇਆ ... ਤਾਂ ਆਹ ਵੇਖ! ਮੈਂ ਇਹਦੀ ਸਕੀਮ ਦੇ ਪੜ੍ਹਛੇ ਇਥੇ ਹੀ ਹਵਾ ਵਿਚ ਫੈਲਾ ਦੂੰ ..., ਦਿੱਲੀ ਪਹੁੰਚਾ ਦੂੰ ...।’ ਤੇ ਦੂਸਰੇ ਉਸ ਦੀ ਪਾਏਦਾਰ ਤਰਕੀਬ ਤੋਂ ਕਾਇਲ ਹੋ ਕੇ, ਹਾਂ ਦੀ ਹੱਲਾਸ਼ੇਰੀ ਦੇ ਰਹੇ ਸਨ। ਰੀਟਾ ਵੀ ਰੋਜ਼ ਤੋਂ ਉਲਟ ਮੂੰਹ ਲਟਕਾਈ ਬਹੁਤ ਹੀ ਕਰੁਣਾਮਈ ਅੰਦਾਜ਼ ਵਿਚ ਬੈਠੀ ਕਿਸੇ ਸੁਪਨਿਆਂ ਵਿਚ ਗੁੰਮ ਸੀ। ਉਹ ਸਹਿਜੇ ਜਿਹੇ ਉਠ ਕੇ ਪੰਨੇ ਕੋਲ ਆਈ ਤੇ ਆਪਣੇ ਮਨ ਦਾ ਤੌਖਲਾ ਪ੍ਰਗਟ ਕੀਤਾ ਜਿਵੇਂ ਸਾਹਬ ਨਾਲ ਉਸ ਦੀ ਰੁਸਵਾਈ ਸਿਰੇ ਨਾ ਚੜ੍ਹੀ ਹੋਵੇ।

‘ਨੋ! ਨੋ... ਚਿੰਤਾ ਨਾ ਕਰ। ਤੇਰੇ ਤੇ ਰੂਲ ਫਾਈਵ ਨਹੀਂ ਲਗਾ ਸਕਦਾ ... ਮਰਨਾ ਇਸਨੇ? ਜਿਹੜਾ ਆਪ ਕਾਣਾ ਹੈ ਉਹ ਤੇਰੇ ’ਤੇ ਤਾਂ ਕੀ, ਕਿਸੇ ਦੇ ਖਿਲਾਫ਼ ਵੀ ਐਕਸ਼ਨ ਨਹੀਂ ਲੈ ਸਕਦਾ।’ ਪੰਨੇ ਨੇ ਦਿਲਾਸਾ ਦੇ ਕੇ ਉਹਨੂੰ ਵਾਪਸ ਮੋੜ ਦਿਤਾ।

ਇਕ ਮਾਈ ਲਗਦੀ, ਅਚਨਚੇਤ ਝੁੰਗਲਮਾਟਾ ਜਿਹਾ ਮਾਰੀ, ਹੱਥ ਚ ਸੋਟੀ ਫੜੀ, ਮੰਗਤਿਆਂ ਵਾਂਗ ਇਕ ਹੋਰ ਆਦਮੀ ਦੇ ਸਹਾਰੇ ਬਾਹਰਲਾ ਦਰਵਾਜ਼ਾ ਟੱਪ ਕੇ ਅੰਦਰ ਦਾਖਲ ਹੋ ਗਈ, ਵੇਖ ਕੇ ਸਭ ਤੋਂ ਪਹਿਲਾਂ ਜਿਲੇ ਸਿੰਘ ਨੇ ਸਿੱਟੇ ਦੀ ਗਾਲ ਕੱਢ ਮਾਰੀ।

'ਸ਼ਹਿਰ 'ਚ ਕਿੱਦਾ ਕੋਹਰਾਮ ਮੱਚਿਆ ਪਿਆ ... ਤੇ ਇਹ ਸਾਰੇ ਢਕੌਂਸਲੇ-ਬਾਜ਼, ਕਿੱਦਾ ਆਡੰਬਰ ਬਣਾਈ ਫਿਰਦੇ ਨੇ, ਸਾਲੇ ਹਰਾਮੀ ਮੰਗਤੇ ...।' ਸੋਟੀ ਠਕੋਰਦੀ-ਠਕੋਰਦੀ ਉਹ ਪਹਿਲਾਂ ਬਾਹਰ ਵਿਹੜੇ ਤੇ ਫੇਰ ਹਾਲ ਵਿਚ ਝਾਤੀ ਮਾਰ ਕੇ ਲੰਘ ਕੇ ਰਾਮ ਲਾਲ ਦੇ ਕਮਰੇ 'ਚ ਜਾ ਦਾਖਲ ਹੋਈ, ਜਿਥੇ ਕਾਲੀਆ ਜਿਲੇ ਸਿੰਘ ਰਾਮ ਲਾਲ ਤੇ ਚੌਥਾ ਸਾਥੀ ਆਪਣਾ ਕੰਮ ਬੜਾ ਅੰਤਰ ਧਿਆਨ ਹੋ ਕੇ ਨਬੇੜ ਰਹੇ ਸਨ।

'ਮੁਆਫ ਕਰੋ ਬਾਬਾ...।' ਕਾਲੀਏ ਦੀ ਆਵਾਜ਼ ਸੀ।

'ਨਹੀਂ ਠਹਿਰੋ ...।' ਜਿਲੇ ਸਿੰਘ ਨੇ ਜੇਬ 'ਚੋਂ ਕੱਢ ਕੇ ਦਸ ਦਾ ਨੋਟ ਉਧਰ ਵਧਾਇਆ। ਉਹਨਾਂ ਨੋਟ ਵੇਖ ਕੇ ਸਿਰ ਫੇਰ ਦਿਤਾ। ਸਿਰ ਦਾ ਮੜਾਸਾ ਲਾਹ ਕੇ ਹੱਥ 'ਚ ਫੜ ਲਿਆ ...। ਕੁੱਬੀ ਹੋਈ ਇਹ ਬੁੱਢੜੀ ... ਬੜਾ ਚੰਗਾ ਉੱਚਾ ਲੰਮਾਂ ਤਕੜਾ ਨੌਜਵਾਨ ਬਣ ਗਿਆ...। ਮਾੜੀ ਜਿਹੀ ਸੋਟੀ ... ਬੜਾ ਵੱਡਾ ਸਾਰਾ ਖੂੰਡਾ ਬਣ ਕੇ ਖੜਕਿਆ। ਦੂਜੇ ਸਾਥੀ ਨੇ ਰੀਵਾਲਵਰ ਕੱਢ ਕੇ ਤਾਣ ਲਿਆ।

'ਹੈਂਡਜ਼ ਅਪ...।' ਤਿੰਨੇ ਇਕ ਦਮ ਹੱਥ ਖੜੇ ਕਰਕੇ ਖੜੋ ਗਏ। ਉਹਨਾਂ ਦੇ ਅੱਖਾਂ ਅੱਗੇ ਸਰ੍ਹੋਂ ਫੁਲਣ ਲੱਗੀ। ਜਿਵੇਂ ਇਕ ਦਮ ਅਸਮਾਨੋਂ ਬਿੱਜ ਪੈ ਗਈ ਹੋਵੇ।

'ਰਾਮ ਲਾਲ! ...।' ਪਸਤੌਲ- ਧਾਰੀ ਨੇ ਬੜ੍ਹਕ ਮਾਰੀ।

'ਜ...ਜ...।' ਰਾਮ ਲਾਲ ਨੂੰ ਜਿਵੇਂ ਤੰਦਵਾ ਪੈ ਗਿਆ ਹੋਵੇ, ਉਸ ਦੀ ਜ਼ਬਾਨ ਬੰਦ ਹੋ ਗਈ...।

'ਹਾਂ ਜੀ ਸਰਕਾਰ! ਰਾਮ ਲਾਲ, ਹਾਂ ਇਹੀ ਨੇ..।' ਜਿਲੇ ਸਿੰਘ ਨੇ ਹੌਸਲਾ ਇੱਕਠਾ ਕਰਕੇ ਜੁਆਬ ਦਿਤਾ।

'ਤੇ ਤੂੰ ...? ਉਹਨਾਂ ਕਾਲੀਏ ਦੇ ਮੱਥੇ ਨੂੰ ਹਥਿਆਰ ਛੁਹਾਇਆ।

'ਜੀ ਸਰ! ਸਰ! ਮੈਂ ਕਾਲੀਆ ... ਮੈਂ ਤਾਂ ਬਾਹਰੋਂ ਆਇਆ ਹਾਂ ...।'

'ਅੱਛਾ! ਤਾਂ ਤੂੰ ਹੈਂ ਕਾਲੀਆ ਸਾਹਬ! ... ਸਮਝ ਗਏ ...।

... ਤੇ ਕਾਲੀਆ ਸਾਹਬ! ਅਸੀਂ ਸਮਾਜ ਸੁਧਾਰਕ ਜਥੇਬੰਦੀ ਦੇ ਸਿਪਾਹੀ ਹਾਂ। ਅਸੀਂ ਤੁਹਾਡੇ ਸਾਰੇ ਸਟਾਫ ਨਾਲ ਕੁਝ ਗੁਫਤਗੂ, ਸਲਾਹ ਮਸ਼ਵਰਾ ਕਰਨਾ ਚਾਹੁੰਦੇ ਹਾਂ।'

'ਠੀਕ ਸਰ! ...।'

'ਚਲੋ ਬਾਹਰ ਵੱਡੇ ਹਾਲ ਵਿਚ ...।' ਪਿਸਤੌਲ ਉਸ ਦੀ ਪੁੜਪੜੀ ਤੇ ਰੱਖ ਕੇ ਬਾਕੀ ਤਿੰਨਾਂ ਨੂੰ ਹੱਥ ਖੜੇ ਕਰਕੇ ਬਾਹਰ ਆਉਂਦੇ ਵੇਖ ਕੇ ਸਾਰੇ ਸਟਾਫ਼ ਦੇ ਹੱਥਾਂ ਦੇ ਤੋਤੇ ਉੱਡ ਗਏ। ਸਭ ਨੇ ਆਪਣੇ ਆਪ ਹੱਥ ਉੱਪਰ ਚੁੱਕ ਲਏ।

'ਸਾਰੇ ਆਪਣੀ-ਆਪਣੀ ਥਾਂ 'ਤੇ ਖੜੇ ਹੋ ਜਾਓ ... ਕਿਸੇ ਨੇ ਹਿੱਲਣ ਦੀ ਕੋਸ਼ਿਸ਼ ਕੀਤੀ ਤਾਂ ਗੋਲੀ ਮਾਰ ਦਿਆਂਗਾ ...।' ਸਾਰੇ ਅਚਾਨਕ ਪਈ ਇਸ ਅਸਮਾਨੀ ਬਿਪਤਾ ਨਾਲ ਸੁਸਰੀ ਵਾਂਗ ਸੁੰਨ ਹੋ ਗਏ।

'ਸੁਣੋ! ਕੰਨ ਖੋਲ੍ਹ ਕੇ ਸੁਣੋ! ... ਸਾਰੇ ਸੁਣੋ ਆਰਾਮ ਨਾਲ।

ਅਸੀਂ ਕੀ ਹਾਂ, ਤੁਸੀਂ ਜਾਣਦੇ ਹੀ ਹੋ ...।'

ਸਾਰੇ ਹੌਸਲਾ ਕਰਕੇ ਡਰਦੇ-ਡਰਦੇ ਚੌਕੰਨੇ ਹੋ ਗਏ।

'ਜਦੋਂ ਪ੍ਰਸ਼ਾਸਨ ਆਪਣੇ ਕਰਤਵ ਨਿਭਾਉਣ ਤੋਂ ਅਵੇਸਲਾ ਹੋ ਜਾਏ, ਸਰਕਾਰਾਂ ਜ਼ੁਲਮ ਅੱਗੇ ਹਥਿਆਰ ਸੁੱਟ ਦੇਣ। ਜਦ ਪਰਜਾ ਦਾ ਪਾਲਕ ਪਰਜਾ ਦਾ ਖੂਨ ਪੀਣਾ ਸ਼ੁਰੂ ਕਰ ਦੇਵੇ, ਖੇਤ ਦੀ ਵਾੜ ਖੇਤ ਨੂੰ ਖਾਣ ਲੱਗੇ ਤਾਂ ਲੋਕ ਕਿਸੇ ਹੋਰ ਗ਼ੈਬੀ ਸ਼ਕਤੀ ਦੀ ਲੋੜ ਮਹਿਸੂਸ ਕਰਦੇ ਹਨ ਜੋ ਉਹਨਾਂ ਨੂੰ ਇਸ ਸਭ ਕੁਝ ਤੋਂ ਛੁਟਕਾਰਾ ਦਿਵਾ ਸਕੇ। ਪਿਛਲੇ ਕੁਝ ਸਾਲਾਂ ਵਿਚ ਸਾਡੇ ਸਮਾਜਕ ਤਾਣੇ ਬਾਣੇ ਵਿਚ ਕਿੰਨਾ ਨਿਘਾਰ ਆਇਆ ਹੈ, ਤੁਸੀਂ ਸਭ ਜਾਣਦੇ ਹੋ। ਹਰ ਪਾਸੇ ਹਰ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ। ਪੰਜਾਬ ਦੀਆਂ ਜਵਾਨੀਆਂ ਕੁਝ ਨਸ਼ਿਆਂ ਨੇ ਖਾ ਲਈਆਂ, ਕੁਝ ਪੁਲਿਸ ਨੇ ਉਠਾ ਲਈਆਂ। ਸਕੂਲਾਂ ਕਾਲਜਾਂ ਦੇ ਮੁੰਡੇ ਕੁੜੀਆਂ ਪਛਮੀ ਸਭਿਅਤਾ ਦੀ ਮਾਰ ਥੱਲੇ ਆਪਣਾ ਵਿਰਸਾ ਭੁੱਲ ਗਏ, ਪੜ੍ਹਨ ਦੀ ਥਾਂ ਨਕਲ ਦਾ ਸਹਾਰਾ, ਸਮੈਕ ਦੇ ਸੇਵਨ ਦਾ ਰੁਝਾਨ, ਸਰਕਾਰੀ ਮਸ਼ੀਨਰੀ ਵਿਚ ਥਾਂ ਥਾਂ 'ਤੇ ਪਾੜੇ ਸੰਨ੍ਹਾਂ। ਕੁੜੀ ਮਾਰ ਤੇ ਨੜੀ ਮਾਰ ਦਨਦਨਾ ਰਹੇ ਨੇ ਕੁੜੀਆਂ ਦੀ ਨਫਰੀ ਘਟਾ ਰਹੇ ਨੇ। ਇਸ ਸਭ ਕੁਝ ਨੇ ਸਾਡੇ ਆਰਥਿਕ ਤੇ ਸਮਾਜਿਕ ਵਿਕਾਸ ਵਿੱਚ ਖੜੋਤ ਦੀ ਪਿਉਂਦ ਲਗਾ ਦਿਤੀ ਹੈ।

ਸਾਡੇ ਕੁਝ ਸਾਥੀ ਨਿੱਤਰੇ, ਇਕ ਸਮਾਜ ਸੁਧਾਰ ਐਕਸ਼ਨ ਕਮੇਟੀ ਬਣੀ... ਜਿਹੜੀ ਸ਼ਰਾਬ ਸਰਕਾਰ ਜਾਂ ਪੁਲਸ ਦੇ ਕਾਨੂੰਨ ਬੰਦ ਨਹੀਂ ਕਰਾ ਸਕੇ, ਉਹ ਹੁਣ ਕੰਨਾਂ 'ਚ ਪਾਉਣ ਲਈ ਤੂੰਬਾ ਨਹੀਂ ਮਿਲਦੀ। ਦਾਜ ਦਹੇਜ ਦੀਆਂ ਕਈ ਸਤਾਈਆਂ ਹੋਈਆਂ ਲੜਕੀਆਂ ਇਸ ਜਥੇਬੰਦੀ ਨੇ ਬਾ-ਅਦਬ ਵਸਾਈਆਂ। ਹੋਟਲਾਂ ਮਹੱਲਾਂ ਵਿਚ ਜੰਜਾਂ ਦਾ ਹੋੜ! ਇਹ ਵੀ ਰੋਕਿਆ ਸਾਡੀ ਜਥੇਬੰਦੀ ਨੇ। ਗਿਆਰਾਂ ਤੋਂ ਵੱਧ ਕੋਈ ਜਨੇਤ ਨਹੀਂ ਲਿਜਾਏਗਾ ਤੇ ਜੇ ਲਿਜਾਏਗਾ ਬੇਰੰਗ ਵਾਪਸ ਆਏਗੀ ਬਰਾਤ। ਇਹ ਬੇਲੋੜੀ ਫਜ਼ੂਲ ਖਰਚੀ ਵੀ ਤਾਂ ਕਲੰਕ ਹੈ, ਸਾਡੇ ਸਮਾਜਕ ਮੱਥੇ 'ਤੇ, ਜਿਹੜੀ ਹਟੀ ਹੈ, ਹੁਣ ਕੁਝ ਕੁਝ, ਤੇ ਬਾਕੀ ਹਟ ਜਾਏਗੀ। ਤੁਹਾਡੇ ਦਫ਼ਤਰ ਬਾਰੇ ਵੀ ਸਾਡੇ ਕੋਲ ਬਹੁਤ ਸ਼ਿਕਾਇਤਾਂ

ਪੁੱਜਦੀਆਂ ਰਹੀਆਂ ਨੇ, ਇਸ ਲਈ ਸਾਨੂੰ ਤੁਹਾਡੇ ਕੋਲ ਪਹੁੰਚ ਕਰਨੀ ਪਈ। ਸਾਡਾ ਅਸੂਲ ਹੈ, ਅਸੀਂ ਪਹਿਲਾਂ ਰਾਣੀ ਨੂੰ ਕਹਿੰਦੇ ਹਾਂ ਆਪਣਾ ਅੱਗਾ ਢੱਕ ਲੈ, ਇਸ ਨੂੰ ਸਾਂਭ ਲੈ, ਤੇ ਜੇ ਉਹ ਮੰਨ ਜਾਂਦੀ ਹੈ ਤਾਂ ਠੀਕ, ਨਹੀਂ ਤਾਂ ਸਾਡੀ ਜਥੇਬੰਦੀ ਉਸ ਨੂੰ ਸੋਧ ਦਿੰਦੀ ਹੈ ਤਾਂ ਜੋ ਹੋਰਾਂ ਨੂੰ ਇਸ ਬਾਰੇ ਕੁਝ ਨਸੀਹਤ ਮਿਲ ਸਕੇ, ਅਗਵਾਈ ਮਿਲ ਸਕੇ।

'ਹਾਂ ਪਈ ਦੂਲੋ ਰਾਮ! ਤੂੰ ਦੱਸ! ਪਿਛਲੇ ਮਹੀਨੇ ਕਿੰਨੇ ਕਾਮੇ ਮਜ਼ਦੂਰ ਭਰਤੀ ਕੀਤੇ...?'

'ਜੀ ਜੀ ... ਤੀਹ ... ਨਹੀਂ ਨਹੀਂ ... ਪੱਚੀ! ... ਨਹੀਂ ਨਹੀਂ ਪੈਂਤੀ...।'

'ਮੇਰੇ ਵੱਡੇ ਬਜ਼ੁਰਗੋ! ਠੀਕ-ਠੀਕ ਦੱਸੋ ... ਜ਼ਰਾ ਫਿਰ ਗਿਣਤੀ ਕਰ ਲਓ।'

'ਪੱਚੀ ਜਨਾਬ ... ਨਹੀਂ ਨਹੀਂ ... ਪੈਂਤੀ ...।'

'ਇਹਦਾ ਕੀ ਮਤਲਬ!'

ਖੂੰਡਾ ਖੜਕਿਆ।

'ਜਨਾਬ ਬਾਹਰ ਤਾਂ ਪੱਚੀ ਰੱਖੇ ਨੇ ਤੇ ਰਜਿਸਟਰ ਵਿਚ ਪੈਂਤੀ ... ਹੀ ... ਹੀ ... ਹੀ ...। ਜੇ ਤੁਸੀਂ ਪੁੱਛ ਹੀ ਲਿਐ ਤੇ ਤੁਹਾਥੋਂ ਕੀ ਲੁਕਾਅ? ਦਾਈਆਂ ਕੋਲੋ ਪੇਟ ਕਿਥੇ ਗੁੱਝਾ ਰਹਿੰਦਾ।'

'ਅਜੇ ਵੀ ਗ਼ਲਤ ਹੈ ... ਮੈਂ ਦੱਸਦਾ ਹਾਂ ... ਇਹ ਤੇਰੀ ਪੱਕੀ ਬਦ-ਦਿਆਨਤਦਾਰੀ ਹੈ, ਇਹੀ ਤੇਰਾ ਕਿਰਦਾਰ ਹੈ। ਤੂੰ ਸਰਕਾਰੀ ਖਾਤੇ ਤਾਂ ਪੈਂਤੀ ਵਰਕਰ ਚੜ੍ਹਾਏ, ਅਸਲ ਵਿਚ ਪੰਝੀ ਰੱਖੇ ਤੇ ਪੈਸੇ ਦਿਤੇ ਅਠਾਰਾਂ ਨੂੰ, ਬਾਕੀ ਸੱਤ ਅਜੇ ਤੱਕ ਤੇਰੇ ਪਿੱਛੇ ਰੋਂਦੇ ਕੁਰਲਾਂਦੇ ਗੇੜੇ ਮਾਰ ਰਹੇ ਨੇ, ... ਤੂੰ ਪੱਲਾ ਨੀ ਫੜਾਉਂਦਾ ... ਸਰਕਾਰ ਨੂੰ ਤਾਂ ਚੂਨਾ ਤੂੰ ਲਾਉਂਦਾ ਹੀ ਹੈਂ।'

'ਸੱਤ ਐ ਜਨਾਬ ਸੱਤ ਬਚਨ!... ਮੈਂ ਸਾਰੇ ਦੋਸ਼ ਤਸਲੀਮ ਕਰਦਾ ਹਾਂ ਤੇ ਮੁਆਫੀ ਮੰਗਦਾ ਹਾਂ।'

'ਤੇ ਜਾਹ ਬਾਹਰ, ਹੁਣੇ ਉਹਨਾਂ ਦਾ ਹਿਸਾਬ ਚੁਕਾ ਕੇ ਆ, ਐਹ ਬਾਹਰ ਖੜੇ ਨੇ ਬਾਲ ਬੱਚੇ ਲੈ ਕੇ ਤੇਰੀ ਜਾਨ ਨੂੰ ਰੋਂਦੇ...।'

ਖੂੰਡਾ ਖੜਕਿਆ।

'ਤੇ ਹਾਂ ਬਈ ਪੰਨਾ ਸਿੰਘ! ... ਤੂੰ ਸਿੰਘਾਂ ਨਾਲ ਪੰਗਾ ਲੈ ਕੇ ਕੀ ਖੱਟ ਲਿਆ? ... ਤੈਨੂੰ ਪਤਾ! ਇਹ ਬੜੀ ਕੁੱਤੀ ਕੌਮ ਐ ... ਅਗਲੇ ਦਾ ਘਰ ਘਾਟ ਤਬਾਹ ਕਰ ਦਿੰਦੀ ਐ ...?'

'ਹਾਂ ਜੀ ਸਰਕਾਰ! ਮੈਨੂੰ ਪਤੈ ... ਪਰ ਮੈਨੂੰ ਇਹ ਵੀ ਪਤੈ ਕਿ ਸਿੰਘ ਕਿਸੇ ਬਿਦੋਸ਼ੇ ਨੂੰ ਨਾਜ਼ਾਇਜ਼ ਤੰਗ ਪ੍ਰੇਸ਼ਾਨ ਨਹੀ ਕਰਦੇ।'

'ਠੀਕ ਹੈ। ਇਹ ਤਾਂ ਤੂੰ ਚੰਗੀ ਪਛਾਣ ਕੀਤੀ, ਪਰ ਉਸ ਦਿਨ ਤੈਨੂੰ ਮੌਤ ਤੋਂ ਡਰ ਨਾ ਲੱਗਾ ...?'

'ਸਚਾਈ ਖਾਤਰ ਮਰਦੇ ਜੋ ਅਮਰ ਹੋ ਜਾਂਦੇ, ਮੈਨੂੰ ਹੱਸ-ਹੱਸ ਫਾਂਸੀ ਗਲ ਪਾਣ ਦਿਓ ਦੋਸਤੋ ...।

ਮਰਨਾ ਤਾਂ ਇਕ ਵਾਰੀ ਹੀ ਹੈ ਤੇ ਜੇ ਕਿਸੇ ਚੰਗੇ ਨੇਕ ਕਾਰਜ ਲਈ ਜਾਨ ਕੁਰਬਾਨ ਹੋ ਜਾਏ ਤਾਂ ਇਸ ਤੋਂ ਸੁੰਦਰ ਮੌਤ ਹੋਰ ਕਿਹੜੀ ਹੋ ਸਕਦੀ ਹੈ ...।'

'ਸਾਬਾਸ਼! ... ਮੈਂ ਤੇਰੇ ਦਰਸ਼ਨ ਕਰਨ ਲਈ ਆਇਆ ਹਾਂ ... ਸਾਬਾਸ਼ ...। ਤੇਰੇ ਜਿਹੇ ਨਿੱਡਰਾਂ ਦੀ ਸਾਨੂੰ ਵੀ ਲੋੜ ਹੈ ...। ਪਰ ਬਾਹਰ ਤਾਂ ਤੂੰ ਪਰਉਪਕਾਰ ਕਰਦਾ ਫਿਰਦੈਂ ਤੇ ਤੇਰੇ ਆਪਣੇ ਦਫ਼ਤਰ ਵਿਚ ਤਾਂ ਸੜ੍ਹਿਹਾਂਦ ਭਰੇ ਕੀੜਿਆਂ ਦੀ ਕੁਰਬਲ-ਕੁਰਬਲ ਹੋਈ ਪਈ ਹੈ ... ਇਸ ਨੂੰ ਨਹੀਂ ਸੁਧਾਰ ਸਕਦਾ? ਬੋਲ। ਜੇ ਤੇਰੇ ਵੱਸ ਨਹੀਂ ਤਾਂ ਅਸੀਂ ਤਿਆਰ ਹਾਂ ...। ਸਾਡੇ ਕੋਲ ਤੁਹਾਡੇ ਦਫ਼ਤਰ ਦੀ ਵੀ ਸਾਰੀ ਰਿਪੋਰਟ ਪਹੁੰਚ ਰਹੀ ਹੈ ਹਰ ਰੋਜ਼ ... ਸਾਡੇ ਕੋਲ ਵੀ ਚੌਕਸੀ ਹੈ। ਕਿੰਨੀ ਦੇਰ ਤੋਂ ਸਾਡੀ ਤੁਹਾਡੇ ਦਫ਼ਤਰ ਵੱਲ ਅੱਖ ਹੈ...।'

'ਮੈਂ ਕੋਸ਼ਿਸ਼ ਕਰਾਂਗਾ ਬਾਬਿਓ, ਤੁਸੀਂ ਮੈਨੂੰ ਥੋੜ੍ਹਾ ਸਮਾਂ ਦਿਉ।'

ਖੂੰਡਾ ਖੜਕਿਆ।

'ਤੇ ਬੀਬੀ ਰੀਟਾ! ... ਤੂੰ ਕਿਵੇਂ ?

ਮੈਥੋਂ ਛੁਪਾਈਂ ਨਾ, ਸਾਨੂੰ ਵੀ ਜਲਦੀ ਹੈ। ਪਤਾ ਨਹੀਂ ਕਿਹੜੇ ਵੇਲੇ ਸਮੇਂ ਦੀ ਸਰਕਾਰ ਸਾਨੂੰ ਆ ਕੇ ਘੇਰਾ ਪਾ ਲਵੇ...।'

'ਮੈਂ ਤੇ ਠੀਕ ਆਂ ਸਰ! ... ਮੈਨੂੰ ਕੋਈ ਸ਼ਿਕਾਇਤ ਨਹੀਂ ...।'

'ਤੂੰ ਅਜੇ ਵੀ ਛੁਪਾ ਰਹੀ ਹੈਂ ... ਤੂੰ ਉਸ ਨਾਲ ਆਪ ਗਈ ਸੀ, ਜਾਂ ... ?'

'ਨਹੀਂ ... ਨਹੀਂ! ਜੀ ਜੀ ! ...।' ਉਹ ਥਰ-ਥਰ ਕੰਬਣ ਲੱਗੀ।

'ਭਈ ਦੋਸਤ! ਸੁੱਖ-ਪਾਲ! ਪਿਆਰ ਕਰਨਾ ਤੋਂ ਡਰਨਾ ਕਿਆ। ਪਿਆਰ ਕਰਨਾ ਗੁਨਾਹ ਨਹੀਂ, ਜ਼ਬਰਦਸਤੀ ਕਰਨਾ ਜੁਰਮ ਹੈ ... ਪਿਆਰ ਨੂੰ ਧੋਖਾ ਦੇਣਾ ਪਾਪ ਹੈ, ਪਿਆਰ ਨੂੰ ਸਿਰੇ ਚੜ੍ਹਾਣਾ ਪੁੰਨ ਹੈ ...। ਬੋਲ ... ਕਿਵੇਂ ਇਰਾਦਾ?' ਹੁਣ ਖੂੰਡੇ ਦਾ ਇਸ਼ਾਰਾ ਇੰਜੀਨੀਅਰ ਵੱਲ ਸੀ।

'ਬੀਬੀ ਤੂੰ ਮੇਰੇ ਕੰਨ ਵਿਚ ਆ ਕੇ ਦੱਸ ਦੇਹ...।'

‘.................’

ਬੀਬੀ ਆ ਕੇ ਉਸ ਦੇ ਕੰਨ ਵਿਚ ਘੁਸਰ ਮੁਸਰ ਕਰਦੀ ਕਦੇ ਮੁਸਕਰਾਂਦੀ ਹੈ ਕਦੇ ਰੋਣਹਾਕੀ ਹੋ ਜਾਂਦੀ ਹੈ।

‘ਠੀਕ ਹੈ ... ਭਾਈ ਜੀ! ਹੁਣ ਤਾਂ ਗਲ ਪਿਆ ਢੋਲ ਵਜਾਉਣਾ ਪੈਣਾ ਹੈ ... ਤੂੰ ਇਹਨੂੰ ਕਿਹਾ ਸੀ, ਚੱਲ ਸੈਰ ਕਰਾਂਗੇ, ਮੌਜ ਕਰਾਂਗੇ ਤੇ ਬਾਅਦ ਵਿਚ ਸ਼ਾਦੀ ਕਰਾਂਗੇ ... ਹੁਣ ਜਾਓ ... ਸਾਰੀ ਉਮਰ ਮੌਜ ਕਰੋ ... ਇਸ ਨਾਲ ਵਿਆਹ ਕਰਾ ਲੈ। ਚੱਲ ਭਾਈ ਬੀਬਾ। ਦੱਸ ਦੇਵੀਂ ਆਪਣੀ ਮਾਂ ਨੂੰ। ਐਤਵਾਰ ਅਗਲੇ ਇਹ ਗਿਆਰਾਂ ਬਰਾਤੀ ਨਾਲ ਲੈ ਕੇ ਆਏਗਾ ... ਵਿਆਹ ਰਚਾਏਗਾ ... ਚਾਹ ਪਾਣੀ ਪੀਏਗਾ ... ਤੇ ਤੈਨੂੰ ਦੁਲਹਨ ਬਣਾ ਕੇ ਲੈ ਜਾਏਗਾ ...।’

‘ਮੈਨੂੰ ਮਨਜ਼ੂਰ ਹੈ ਜਨਾਬ ...।’ ਇੰਜੀਨੀਅਰ ਨੂੰ ਹੁਣ ਕੁਝ ਹੌਸਲਾ ਹੋ ਗਿਆ...। ਨੇੜੇ ਹੀ ਛੁਟਕਾਰਾ ਹੋ ਗਿਆ ਸੀ।

‘ਕਿਸੇ ਦੀ ਧੀ ਭੈਣ ਨੂੰ ਛੇੜਨ ਦੀ ਤੇ ਤੰਗ ਕਰਨ ਦੀ ਸਜ਼ਾ ਸਾਡੇ ਗ੍ਰੰਥ ਵਿਚ ਤਾਂ ਬਹੁਤ ਵੱਡੀ ਹੈ, ਕੈਪੀਟਲ ਦੰਡ ਹੈ ... ਚੰਗਾ ਕੀਤਾ ਤੁਸੀਂ, ਆਪੇ ਸੁਲਹ ਸਫਾਈ ਨਾਲ ਮਰਜ਼ੀ ਨਾਲ ਵਿਆਹ ਦਾ ਇਹ ਪ੍ਰਸਤਾਵ ਮਨਜ਼ੂਰ ਕਰ ਲਿਆ ... ਵਧਾਈ ...।’

ਖੂੰਡਾ ਖੜਕਿਆ।

‘ਠੀਕ ਐ ... ਠੀਕ ਐ।’

‘ਟਨੀ ਨਾਥ ਜੀ ਵੀ ਤਾਂ ਮੇਰੇ ਬੜੇ ਦੋਸਤ ਨੇ, ਬੜੇ ਹੁਸ਼ਿਆਰ ਨੇ ... ਪਰ ਆਪਣੇ ਸਾਰੇ ਗੁਣ ਨਿਕਾਰੇ ਕੰਮਾਂ ਵੱਲ ਲਗਾ ਰਹੇ ਨੇ, ਢਾਹ ਰਹੇ ਨੇ ਬਣਾਏ ਹੋਏ ਥੰਮ। ਛੱਡ ਦਿਓ ਇਹ ਕੰਮ ...। ਇਹ ਸਾਰੇ ਅਦਵੈਤ-ਵਾਦ ਵਾਲੇ ਅਵਗੁਣ ਅਡੰਬਰ ਛੱਡ ਕੇ ਮਾਲਾ ਫੇਰੋ। ਅਸਲੀ ਅੰਤਰ ਧਿਆਨ ਹੋ ਕੇ ਪ੍ਰਮਾਤਮਾ ਦੇ ਨਾਮ ਦੀ ਮਾਲਾ ਫੇਰੋ।’

‘ਜੋ ਹੁਕਮ ਸਰਕਾਰ! ... ਮੈਂ ਤਾਬਿਆਦਾਰ ਹਾਂ।’

‘ਮੈਂ ਕੀ ਹੁਕਮ ਕਰ ਸਕਦਾ ਹਾਂ ... ਔਲਾਦ, ਧੀਆਂ ਪੁੱਤ, ਦੁਨੀਆਂ ਵਿਚ ਸਭ ਤੋਂ ਕੀਮਤੀ ਦਾਤ ਹੈ ਪ੍ਰਭੂ ਦੀ ... ਤੇ ਤੁਸੀ ਆਪਣੇ ਬੱਚਿਆਂ ਨੂੰ ਛੁਡਾਉਣ ਵਾਲੇ ਦੇ ਹੀ ਖੂਨ ਦੇ ਪਿਆਸੇ ਹੋ ਗਏ ...?’

‘ਗ਼ਲਤੀ ਹੋਈ ਹੈ ਬਾਬਿਉ ... ਮੁਆਫ਼ ਕਰੋ ...।’ ਉਹ ਕੋਡਾ ਹੋ ਕੇ ਡੰਡਾਉਤ ਕਰਨ ਲੱਗਾ। ਧਰਤੀ ਤੇ ਨੱਕ ਨਾਲ ਲਕੀਰਾਂ ਕੱਢਣ ਲੱਗਾ।

‘ਨਹੀਂ ਇਸ ਅਡੰਬਰ ਦੀ ਲੋੜ ਨਹੀ ... ਸਨਮਾਨ ਦਿਉ ਇਸ ਨੂੰ ਹੱਸ ਕੇ, ਮਾਨਤਾ ਦਿਉ ਉਸ ਦੀ ਕੁਰਬਾਨੀ ਵਾਸਤੇ, ਆਪਣੀਆਂ ਭੁੱਲਾਂ ਚੁੱਕਾਂ ਮੁਆਫ ਕਰਾਓ ... ਤੇ ਫਿਰ

ਅਜਿਹੇ ਕਾਰਨਾਮੇ ਨਾ ਕਰਨ ਦਾ ਹਲਫ਼ਨਾਮਾ ਲੈ ਕੇ ਕਮਰਾ ਨੰਬਰ 423! ਤੇ ਨਾਲ ਦਸਵੰਧ!'

'ਜੀ ਹਜ਼ੂਰ ... ਮਨਜ਼ੂਰ ਐ ...।'

'ਹਾਂ ਭਈ ਲਾਲ ਸਾਹਬ! ਤੈਨੂੰ ਪਤੈ ਸਰਕਾਰ ਦੇ ਆਦੇਸ਼ ਅਨੁਸਾਰ ਦਫਤਰਾਂ ਵਿਚ ਤੇ ਪਬਲਿਕ ਥਾਵਾਂ 'ਤੇ ਸ਼ਰਾਬ ਸਿਗਰਟ ਨਸ਼ਾ ਆਦਿ ਮਨਾਹੀ ਹੈ ...?'

'ਹਾਂ ਜੀ ... ਹਾਂ ...।'

'ਤੇ ਫਿਰ ਤੁਹਾਡੇ ਦਫ਼ਤਰ ਇਹ ਸ਼ਰੇਆਮ ਚਲਦਾ ਹੈ। ... ਤੁਸੀਂ ਦਫ਼ਤਰ ਨੂੰ ਹੀ ਹੋਟਲ ਬਣਾ ਰੱਖਿਐ ...। ਜੇ ਕਾਰਜਕਾਰੀ ਹੀ ਕਾਨੂੰਨ ਘੜਨੀ ਦਾ ਸੋਸ਼ਣ ਕਰੇਗੀ ਤਾਂ ਪਬਲਿਕ ਦਾ ਹੀ ਹਾਲ ...?'

'ਨਹੀਂ ਜੀ ਨਹੀਂ। ... ਅਜਿਹੀ ਕੁਤਾਹੀ ਫਿਰ ਨਹੀਂ ਹੁੰਦੀ ...।'

ਮੈਂ ਸਾਰੇ ਸਾਥੀਆਂ ਨੂੰ ਸਮਝਾ ਦਿਆਂਗਾ।'

'ਚਲੋ ਪਈ ਜਿਲੇ ਸਿੰਘ ਕੋਲ ਚੱਲੀਏ ... ਜੀਹਨੇ ਕਿੰਨਾ ਸਾਰਾ ਲੱਕੜ ਪੱਥਰ ਬੱਜਰੀ ਲੁੱਕ ਸੀਮੇਂਟ ਤੇ ਬਹੁਤ ਸਾਰਾ ਹਾਰਡ ਵੇਅਰ ਖਾ ਛੱਡਿਆ। ਸਰਕਾਰ ਨੂੰ ਲੱਖਾਂ ਦਾ ਰਗੜਾ ਲਗਾਇਆ, ਕਰੋੜਾਂ ਰੁਪੈ ਹੜੱਪ ਕਰ ਲਏ। ਬੋਲ ਪਈ ਬੋਲ! ... ਇਹ ਆਪ ਤਾਂ ਗੰਦਾ ਹੈ ਹੀ ਸੀ। ਇਸ ਦਫ਼ਤਰ ਨੂੰ ਵੀ ਗੰਦਾ ਕਰ ਦਿਤਾ।' ਬੜੇ ਇਕਸਾਰ ਲਹਿਜੇ ਵਿਚ ਬਾਬੇ ਨੇ ਹਾਂ ਦੀ ਉਡੀਕ ਕੀਤੀ।

'ਮੈਂ ਇਕਬਾਲ ਕਰਦਾ ਹਾਂ ਬਾਬਾ ਜੀ! ... ਆਪਣੇ ਸਾਰੇ ਇਲਜ਼ਾਮਾਂ ਦਾ...।' ਹੋਰ ਸਲੋਕ ਸੁਣਨ ਤੋਂ ਪਹਿਲਾਂ ਹੀ ਉਸਨੇ ਈਨ ਮੰਨ ਲਈ।

'ਖਾਓ ... ਪਰ ਕਿਸੇ ਦਾ ਹੱਕ ਨਾ ਖਾਓ । ਤੁਹਾਡੇ ਖਾਣ ਨਾਲ ਹੋਰ ਕਿਸੇ ਧਿਰ ਦਾ ਨੁਕਸਾਨ ਨਾ ਹੋਵੇ।

ਤੇ ਇਸ ਦਾ ਜੁਰਮਾਨਾ ... ਬਾਬਿਆਂ ਦਾ ਦਸਵੰਧ ...?'

'ਮੈਂ ਹਾਜ਼ਰ ਹਾਂ ... ਜਨਾਬ! ਜੋ ਹੁਕਮ...।'

'ਠੀਕ ਐ ਕੱਲ੍ਹ ਕਮਰਾ ਨੰਬਰ 423 ...।'

'ਠੀਕ ਐ ਹਜ਼ੂਰ ... ਮੈਂ ਆਪ ਹਾਜ਼ਰ ਹੋ ਕੇ ਤੁਹਾਡੇ ਦਰਸ਼ਨ ਕਰਾਂਗਾ ...।'

ਖੂੰਡਾ ਖੜਕਿਆ।

'ਸ਼ਾਮੂ ... ਆਓ ਜੀ! ਸ਼ਾਮੂ ਸ਼ਾਹ ਜੀ ... ਬੜੇ ਵੱਡੇ ਸ਼ਾਹ ਜੀ ਹੋ ਕੇ ਅਜਿਹੇ ਛੋਟੇ ਨੀਚ ਕੰਮ ਕਰਦੇ ਓ ... ਆਪੇ ਹੀ ਦੱਸੋ ਕੀ ਤਾਵਾਨ ਲਾਈਏ ...।'

‘ਲਾਓ ਮੇਰੇ ਪ੍ਰਭੂ ਜੀ ਜੋ ਮਰਜ਼ੀ ਲਾਉ ...।’ ਸ਼ਾਮੂ ਹੱਥ ਜੋੜ ਕੇ ਅੱਗੇ ਹੋ ਗਿਆ।

‘ਦਸ ਹਜ਼ਾਰ ਰੁਪੈ ਰਾਮੋ ਨੂੰ ਦਿਓ ... ਉਸ ਦੇ ਪੈਰੀਂ ਹੱਥ ਲਾਓ ... ਭੈਣ ਜੀ ਕਹੋ ... ਉਸ ਤੋਂ ਮੁਆਫ਼ੀ ਨਾਮਾਂ ਮਨਜ਼ੂਰ ਕਰਾਕੇ ਨਾਲ ਦਸ ਹਜ਼ਾਰ ਬਾਬਿਆਂ ਦੀ ਭੇਟ ਲੈ ਕੇ ਕਮਰਾ ਨੰਬਰ 423...।’

ਖੂੰਡਾ ਖੜਕਿਆ।

‘ਤੇ ਦੋਸਤੋ... ਅਸੀਂ ਕੋਈ ਜ਼ਬਰਦਸਤੀ ਨਹੀਂ ਕਰਦੇ ਤੇ ਨਾ ਹੀ ਅੱਜ ਮੈਂ ਤੁਹਾਡੇ ’ਤੇ ਕੋਈ ਫੈਸਲਾ ਠੋਸਿਆ ਹੈ। ਤੁਸੀਂ ਆਪ ਹੀ ਇਸ ਬਣੀ ਭਰੀ ਸਮੂਹਿਕ ਇਕੱਤਰਤਾ ਵਿਚ ਗੁਨਾਹਾਂ ਦਾ ਇਕਬਾਲ ਕੀਤਾ ਹੈ ... ਫੈਸਲਿਆਂ ਨੂੰ ਕਬੂਲਿਆ ਹੈ, ਮੰਨਿਆ ਹੈ ਤੇ ਸਮਰਥਨ ਦਿਤਾ ਹੈ। ਤੁਹਾਡਾ ਧੰਨਵਾਦ! ਪਰ ਯਾਦ ਰੱਖਣਾ, ਜੇ ਇਹਨਾਂ ਤੋਂ ਕਿਸੇ ਨੇ ਮੁਨਕਰ ਹੋਣਾ ਹੈ ਤਾਂ ਹੁਣੇ ਦੱਸ ਦੇਵੋ...।’

‘ਨਹੀ ਜਨਾਬ! ਸਭ ਠੀਕ ਹੈ ...।’ ਕਈ ਇਕੱਠੀਆਂ ਆਵਾਜ਼ਾਂ ਆਈਆਂ।

‘ਤੇ ਜੇ ਬਾਅਦ ਵਿਚ ਕਿਸੇ ਨੇ ਇਸ ਦੀ ਹੁਕਮ ਅਦੂਲੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਾਡੀ ਜਥੇਬੰਦੀ ਦੇ ਨੁਮਾਇੰਦੇ ਇਸ ਦੀ, ਸੂਹ ਰੱਖਣਗੇ, ਪੈਰਵਾਈ ਕਰਨਗੇ, ਪਿਛੇ ਆਉਣਗੇ ... ਯਾਦ ਰੱਖਣਾ।’

ਖੂੰਡਾ ਖੜਕਿਆ।

ਫਿਰ ਉਸ ਲਈ ਸਾਡੇ ਕੋਲ ਦੂਸਰਾ ਯੰਤਰ ਵੀ ਹੈ।’ ਉਸ ਨੇ ਡੱਬ ਵੱਲ ਹੱਥ ਲਿਜਾਂਦੇ ਇਸ਼ਾਰਾ ਕੀਤਾ।

‘ਨਹੀਂ ਬਾਬਾ ਜੀ! ਤੁਹਾਨੂੰ ਇਹ ਯੰਤਰ ਵਰਤਣ ਦੀ ਲੋੜ ਨਹੀਂ ਪਵੇਗੀ।’

‘ਤੇ ਹਾਂ! ਮੈਂ ਭੁੱਲ ਹੀ ਗਿਆ, ਤੇਰੀ ਵੱਡੀ ਕਰਾਮਾਤ! ਸਵਾਮੀ ਜੀ...!

ਉਸ ਸ਼ੀਲਾ ਦੀ ਕਿਦਾਂ ਬੀਤੀ ਫਿਰ! ਆਸ਼ਕ ਸਾਹਿਬ!’

‘ਜੀ ਜੀ। ਨਹੀਂ ਜਨਾਬ।’ ਸਵਾਮੀ ਫਿਰ ਡਗਮਗਾ ਗਿਆ।

‘ਐਦਾਂ ਨਹੀ, ਸੱਪਸ਼ਟ ਸਾਫ-ਸਾਫ ਬੋਲੋ ...ਸੱਚੋ ਸੱਚ।’

‘ਹੀ ਜੀ ਸਰ! ਮੈਂ ਹੀ ਇਕ ਬਜਰ ਖਨਾਮੀ ਕੀਤੀ ਸੀ। ਮੈਂ ਹੀ ਗੁਨਾਹਗਾਰ ਹਾਂ ... ਮੈਨੂੰ ਮੁਆਫੀ ਦੇ ਦਿਓ ...।’ ਉਹ ਮੋਕ ਮਾਰਨ ਲੱਗਾ।

‘ਉਸ ਦੇ ਘਰ ਜਾਉ, ਭੁੱਲ ਬਖਸ਼ਾਓ ... ਮੁਆਫੀ ਮੰਗੋ... ਵੀਹ ਹਜ਼ਾਰ ਰੁਪੈ ਨਕਦ ਦੇ ਕੇ ਆਓ ... ਅੱਗੇ ਤੋਂ ਵਿਆਹ ਸ਼ਾਦੀ ਗਮੀ ਮੌਕੇ ਉਹਨਾਂ ਦੀ ਤਨ ਮਨ ਧਨ ਨਾਲ ਮਦਦ ਕਰੋ...। ਬੁਧਵਾਰ ਇਸ ਸਭ ਕੁਝ ਦਾ ਹਲਫ਼ਨਾਮਾ ਤੇ ਮਾਫ਼ੀਨਾਮਾ! ਲਿਖਾਓ।

ਉਹਨਾ ਨੂੰ ਨਾਲ ਲੈ ਕੇ ਅਰਦਾਸ ਕਰਾਓ ... ਕਮਰਾ ਨੰਬਰ 423 ...।’

'ਬਹੁਤ ਬਿਹਤਰ ਜਨਾਬ!' ਉਹ ਕੰਨ ਫੜੀ ਉਠਕ ਬੈਠਕ ਕਰੀ ਜਾ ਰਿਹਾ ਸੀ।

ਖੂੰਡਾ ਖੜਕਿਆ।

'ਤੇ ਕਾਲੀਆ ਸਾਹਬ!'

'ਹਾਂ ਜੀ ਜਨਾਬ!' ਕਾਲੀਆ ਜੀ ਹੱਥ ਜੋੜ ਅੱਗੇ ਆਏ।

'ਤੁਸੀਂ ਵੀ ਕੰਨੀਆਂ ਝਾੜ ਦਿਓ... ਵੰਡ ਦਿਓ ਗ਼ਰੀਬਾਂ ਨੂੰ ਵਾਧੂ ਮਾਲ ...ਖੋਲ੍ਹ ਦਿਉ ਟਰੰਕਾਂ ਦੇ ਬੂਹੇ ਬਾਰੀਆਂ।'

'ਧੰਨਵਾਦ ਸਰ! ... ਜੋ ਹੁਕਮ ਓਦਾਂ ਹੀ ਹੋਵੇਗਾ...।'

ਕਾਲੀਆ ਵੀ ਕੰਨਾਂ ਨੂੰ ਫੜ ਬੈਠਾ। ਉਸ ਦੇ ਗੋਡਿਆਂ ਨੂੰ ਹੱਥ ਲਗਾਉਣ ਲੱਗਾ। ਮੈਂ ਤੁਹਾਡਾ ਅੰਦਰੂਨੀ ਤੌਰ 'ਤੇ ਮਸ਼ਕੂਰ ਹਾਂ, ਬਹੁਤ ਕਾਇਲ ਹਾਂ ਕਿ ਤੁਸਾਂ ਮੇਰੇ ਬਹੁਤ ਹੀ ਗੁੰਝਲਦਾਰ ਮਸਲੇ ਹੱਲ ਕਰ ਦਿਤੇ ਨੇ, ਜਿਹਨਾਂ ਵਾਸਤੇ ਪਤਾ ਨਹੀਂ ਮੈਨੂੰ ਕਿੰਨੀਆਂ ਕੁ ਇਨਕੁਆਰੀਆਂ ਕਰਾਉਣੀਆਂ ਪੈਣੀਆਂ ਸਨ, ਦਫ਼ਤਰ ਦੀ ਛਾਂਗਾ ਛਾਂਗੀ ਕਰਨੀ ਪੈਣੀ ਸੀ। ਤੁਹਾਡੇ ਇਸ ਖੂੰਡੇ ਨੇ ਜਾਦੂ ਦਾ ਕੰਮ ਕੀਤਾ ਹੈ। ...ਬਹੁਤ-ਬਹੁਤ ਧੰਨਵਾਦ...।'

'ਤੇ ਜੇ ਤੁਸੀਂ ਇਸ ਖੂੰਡੇ ਦੇ ਕਾਇਲ ਹੋ ਤਾਂ ਲੈ ਲਓ, ਇਸ ਨੂੰ ਸਾਂਭੋ ... ਇਹ ਤੁਹਾਡੇ ਸਾਰੇ ਮਸਲੇ ਹੱਲ ਕਰ ਦੇਵੇਗਾ ...।

ਵਿਗੜੇ ਤਿਗੜੇ ਦਾ ਡੰਡਾ ਪੀਰ, ਲਾਤੋਂ ਕੇ ਭੂਤ ਬਾਤੋਂ ਸੇ ਨਹੀ ਮਾਨਤੇ।'

ਕਾਲੀਆ ਸਾਹਬ ਨੇ ਲਲਚਾਈ ਨਜ਼ਰਾਂ ਨਾਲ ਉਧਰ ਦੇਖਿਆ।

'ਹਾਂ ... ਹਾਂ, ਮੈਂ ਠੀਕ ਕਹਿੰਦਾ ਹਾਂ ... ਲਓ, ਲੈ ਲਓ ... ਇਹ ਖੂੰਡਾ!'

ਕਾਲੀਆ ਸਾਹਿਬ ਨੇ ਅੱਗੇ ਹੋ ਕੇ ਬੜੀ ਅਧੀਨਗੀ ਨਾਲ ਨੀਵੇਂ ਹੋ ਕੇ ਖੂੰਡਾ ਦੋਵਾਂ ਹੱਥਾਂ ਨਾਲ ਫੜ ਲਿਆ ਤੇ ਮੱਥੇ ਨੂੰ ਛੁਹਾਇਆ।

'ਮੈਂ ਇਹੀ ਖੂੰਡਾ ਸਾਹਬ ਪੰਨਾ ਸਿੰਘ ਨੂੰ ਭੇਟ ਕਰਦਾ ਹਾਂ ... ਹੁਣ ਇਹ ਪੰਨੇ ਦੇ ਹੀ ਕੰਮ ਆਏਗਾ...।'

ਪੰਨੇ ਨੇ ਅੱਗੇ ਹੋ ਕੇ ਬੜੇ ਅਦਬ ਨਾਲ ਖੂੰਡਾ ਫੜਿਆ, ਸਿਰ 'ਤੇ ਟਿਕਾਇਆ ਤੇ ਚਾਰ ਚੁਫੇਰੇ ਘੁਮਾਇਆ।

'ਧੰਨਵਾਦ ਬਾਬਿਓ। ਬਹੁਤ-ਬਹੁਤ ਧੰਨਵਾਦ।'

ı̇ ı̇ ı̇